# ONE YEAR DIPLOMA IN SIKH THEOLOGY

## SEMESTER-I

## COURSE :THEOLOGY AND SIKH THEOLOGY : NATURE AND SCOPE

## UNIT -I RELIGION: MEANING AND NATURE

**STRUCTURE**


**1.0 ਉਦੇਸ਼**

**1.1 ਧਰਮ ਦਾ ਅਰਥ**

**1.2 ਧਰਮ ਦਾ ਸਰੂਪ**

**1.3 ਸਾਰ**

**1.4 ਹਵਾਲਾ ਪੁਸਤਕਾਂ**

**1.5 ਪ੍ਰਸ਼ਨਾਵਲੀ**

**1.0 ਉਦੇਸ਼**

ਧਰਮ ਸ਼ਬਦ ਸਾਡੇ ਸਾਰਿਆਂ ਲਈ ਇੱਕ ਇਹੋ ਜਿਹਾ ਜਾਣਿਆ ਪਛਾਣਿਆ ਸ਼ਬਦ ਹੈ ਜਿਸਦਾ ਅਸੀ ਆਪਣੀ ਰੋਜ਼ਾਨਾ ਦੀ ਜ਼ਿੰਦਗੀ ਵਿੱਚ ਅਕਸਰ ਪ੍ਰਯੋਗ ਕਰਦੇ ਹਾਂ। ਇਹੀ ਕਾਰਣ ਹੈ ਕਿ ਆਮ ਆਦਮੀ ਧਰਮ ਸ਼ਬਦ ਦੇ ਅਰਥ ਵਿੱਚ ਕੋਈ ਕਠਿਨਾਈ ਮਹਿਸੂਸ ਨਹੀ ਕਰਦਾ। ਇਹ ਗੱਲ ਵੱਖਰੀ ਹੈ ਕਿ ਉਹ ਧਰਮ ਦੀ ਸਹੀ ਪਰਿਭਾਸ਼ਾ ਤੋਂ ਜਾਣੂ ਹੈ ਜਾਂ ਨਹੀਂ। ਕਿਸੇ ਨੂੰ ਧਰਮ ਬਾਰੇ ਪੁੱਛਿਆ ਜਾਵੇ ਤਾਂ ਉਹ ਹਿੰਦੂ ਧਰਮ, ਮੁਸਲਿਮ ਧਰਮ, ਸਿੱਖ ਧਰਮ, ਇਸਾਈ ਧਰਮ, ਯਹੂਦੀ ਧਰਮ, ਪਾਰਸੀ ਧਰਮ, ਬੁੱਧ ਧਰਮ, ਜੈਨ ਧਰਮ ਆਦਿ ਵੱਲ ਸਾਡਾ ਧਿਆਨ ਕਰਕੇ ਇਸਦਾ ਅਰਥ ਸਪੱਸ਼ਟ ਕਰਦੇ ਹੋਏ ਦੱਸੇਗਾ ਕਿ ਮੰਦਿਰ, ਮਸਜਿਦ, ਗੁਰਦੁਆਰਾ, ਚਰਚ ਆਦਿ ਵਿੱਚ ਜਾਕੇ ਪ੍ਰਾਰਥਨਾ ਕਰਨਾ ਜਾਂ ਪੂਜਾ ਕਰਨਾ ਹੀ ਧਰਮ ਹੈ। ਇਸ ਨਾਲ ਉਹ ਇਹ ਵੀ ਦੱਸੇਗਾ ਕਿ ਜਿਹੜੀ ਉਹ ਪ੍ਰਾਰਥਨਾ ਕਰਦਾ ਹੈ ਉਹ ਆਪਣੇ ਸੰਬੰਧਿਤ ਧਰਮ ਨਾਲ ਸੰਬੰਧਿਤ ਧਰਮ ਗ੍ਰੰਥ ਤੋਂ ਕਰਦਾ ਹੈ ਜਿਵੇਂ: ਵੇਦ, ਕੁਰਾਨ, ਸ੍ਰੀ ਗੁਰੂ ਗ੍ਰੰਥ ਸਾਹਿਬ, ਬਾਇਬਲ ਆਦਿ। ਇਸ ਤੋਂ ਇਲਾਵਾ ਆਮ ਆਦਮੀ ਦਾ ਧਿਆਨ ਧਾਰਮਿਕ ਸਥਾਨਾਂ ਵਿੱਚ ਪੂਜਾ ਜਾਂ ਪ੍ਰਾਰਥਨਾ ਕਰਵਾਉਣ ਵਾਲੇ ਧਾਰਮਿਕ ਨੇਤਾ ਜਾਂ ਪੁਜਾਰੀ ਵੱਲ ਜਾਂਦਾ ਹੈ। ਉਹਨਾਂ ਪੂਜਾ ਪੱਧਤਿਆਂ ਵੱਲ ਜਾਂਦਾ ਹੈ ਜਿਹੜੀਆਂ ਜਨਮ ਤੋਂ ਲੈ ਕੇ ਮਰਨ ਤੱਕ ਕੀਤੀਆਂ ਜਾਂਦੀਆਂ ਹਨ। ਧਰਮ ਨਾਲ ਸੰਬੰਧਿਤ ਉਹਨਾਂ ਲੋਕਾਂ ਵੱਲ ਧਿਆਨ ਜਾਂਦਾ ਹੈ ਜੋ ਧਰਮ ਦੇ ਅਨੁਸ਼ਠਾਨ ਜਾਂ ਧਰਮ ਦੀ ਵਿਆਖਿਆ ਕਰਦੇ ਹਨ। ਜਿੰਨ੍ਹਾਂ ਨੂੰ ਸੰਤ, ਗੁਰੂ, ਫਾਦਰ, ਮੁੱਲਾਂ ਜਾਂ ਭਾਈ ਕਿਹਾ ਜਾਂਦਾ ਹੈ। ਜਿੰਨ੍ਹਾਂ ਦਾ ਬਾਹਰੀ ਭੇਖ ਇੱਕ ਖਾਸ ਕਿਸਮ ਦਾ ਹੁੰਦਾ ਹੈ। ਇਸ ਤੋਂ ਇਹ ਪਤਾ ਚੱਲਦਾ ਹੈ ਕਿ ਆਮ ਮਨੁੱਖ ਲਈ ਉਹ ਧਰਮ ਹੈ, ਜਿਸ ਧਰਮ ਵਿੱਚ ਉਹ ਪੈਦਾ ਹੋਇਆ, ਉਸ ਧਰਮ ਦਾ ਧਰਮ ਅਸਥਾਨ, ਉਸ ਧਰਮ ਦਾ ਧਰਮ ਗ੍ਰੰਥ ਅਤੇ ਪ੍ਰਾਰਥਨਾ ਕਰਨ ਵਾਲਾ ਧਾਰਮਿਕ ਮਨੁੱਖ ਅਤੇ ਉਸਦਾ ਬਾਹਰੀ ਖਾਸ ਕਿਸਮ ਦੇ ਭੇਖ। ਇਸ ਤਰ੍ਹਾਂ ਆਮ ਮਨੁੱਖ ਧਰਮ ਨੂੰ ਬਾਹਰੀ ਪੂਜਾ-ਪਾਠ ਅਤੇ ਬਾਹਰੀ ਸਾਧਨਾਂ ਨਾਲ ਜੋੜ ਕੇ ਹੀ ਦੇਖਦਾ ਹੈ।

ਧਰਮ ਦਾ ਇਹ ਬਾਹਰੀ ਅਰਥ ਬਹੁਤਾ ਸੰਤੋਸ਼ਜਨਕ ਨਹੀਂ ਹੈ, ਪਰ ਇਸਨੂੰ ਝੁਠਲਾਇਆ ਨਹੀਂ ਜਾ ਸਕਦਾ। ਕਿਉਂਕਿ ਇਹ ਸਾਰੇ ਜਾਣਦੇ ਹਨ ਕਿ ਧਰਮ ਦੇ ਇਸ ਬਾਹਰੀ ਪੱਖ ਦੀ ਆਪਣੀ ਅਹਿਮੀਅਤ ਹੈ। ਹਰ ਧਰਮ ਵਿੱਚ ਧਰਮ ਗ੍ਰੰਥ, ਧਰਮ ਅਸਥਾਨ, ਪ੍ਰਾਰਥਨਾ ਅਤੇ ਬਾਹਰੀ ਭੇਖ ਧਰਮ ਦੇ ਮਹੱਤਵਪੂਰਨ ਅੰਗ ਮੰਨੇ ਜਾਂਦੇ ਹਨ। ਹਰ ਧਰਮ ਵਿੱਚ ਧਰਮ ਦਾ ਇਹ ਬਾਹਰੀ ਪੱਖ ਜ਼ਰੂਰ ਹੁੰਦਾ ਹੈ ਅਤੇ ਇਹ ਇਕ ਧਰਮ ਨੂੰ ਦੂਜੇ ਤੋਂ ਵੱਖ ਕਰਦਾ ਹੈ। ਇਸ ਤਰ੍ਹਾਂ ਹਰ ਧਰਮ ਦੇ ਅਨੁਯਾਈ ਆਪਣੇ ਆਪ ਨੂੰ ਦੂਜੇ ਧਰਮ ਦੇ ਅਨੁਯਾਈਆਂ ਨਾਲੋਂ ਵੱਖਰੇ ਮੰਨਦੇ ਹਨ। ਧਰਮ ਦੇ ਬਾਹਰੀ ਪੱਖ ਵਿੱਚ ਇਹ ਗੱਲ ਵੇਖਣ ਵਿੱਚ ਆਉਂਦੀ ਹੈ ਕਿ ਹਰੇਕ ਧਰਮ ਆਪਣੇ ਆਪ ਨੂੰ ਦੂਸਰੇ ਧਰਮ ਨਾਲੋਂ ਉੱਚਾ ਮੰਨਦਾ ਹੈ। ਇਸਦਾ ਕਾਰਣ ਇਹ ਹੈ ਕਿ ਮਨੁੱਖ ਆਪਣੇ ਧਰਮ ਦੀਆਂ ਸਿੱਖਿਆਵਾਂ ਅਤੇ ਦੂਸਰੇ ਧਰਮ ਦੇ ਰੋਜ਼ਾਨਾ ਦੇ ਵਿਵਹਾਰ ਦੀ ਤੁਲਨਾ ਕਰਦੇ ਹਨ। ਇਹ ਤੁਲਨਾ ਇਕ ਧਰਮ ਦੇ ਮਨੁੱਖ ਨੂੰ ਦੂਸਰੇ ਧਰਮ ਦੇ ਮਨੁੱਖ ਤੋਂ ਦੂਰ ਲੈ ਜਾਂਦੀ ਹੈ। ਇਸ ਨਾਲ ਆਪਸੀ ਵਿਰੋਧ ਵੱਧਦਾ ਹੈ ਅਤੇ ਆਪਸੀ ਟਕਰਾਅ ਹੁੰਦਾ ਹੈ ਜੋ ਸਭ ਕੁੱਝ ਧਰਮ ਦੇ ਨਾਂ ਹੇਠ ਹੁੰਦਾ ਹੈ। ਕਈ ਧਰਮਾਂ ਵਿੱਚ ਜਦੋਂ ਇਹ ਭਾਵਨਾ ਘਰ ਕਰ ਜਾਂਦੀ ਹੈ ਕਿ ਜਦੋਂ ਤੱਕ ਕੋਈ ਸਾਡੇ ਧਰਮ ਵਿੱਚ ਦਿਖਿਅਤ ਨਹੀ ਹੋਵੇਗਾ ਉਦੋਂ ਤੱਕ ਉਸਦੀ ਮੁਕਤੀ ਨਹੀ ਹੋਵੇਗੀ, ਪਰਮਾਤਮਾ ਉਸ ਉੱਪਰ ਖੁਸ਼ ਨਹੀ ਹੋਵੇਗਾ। ਇਸ ਗੱਲ ਦੀ ਦੁਨੀਆਂ ਗਵਾਹ ਹੈ ਕਿ ਕੁਝ ਧਰਮ ਤਾਂ ਆਪਣੀਆਂ ਸੀਮਾਵਾਂ ਤੋਂ ਬਾਹਰ ਹੋ ਜਾਂਦੇ ਹਨ ਅਤੇ ਉਹਨਾਂ ਅਨੁਸਾਰ ਜਿਹੜਾ ਮਨੁੱਖ ਉਹਨਾਂ ਦੇ ਧਰਮ ਦਾ ਨਹੀਂ ਉਸਨੂੰ ਇਸ ਦੁਨੀਆਂ ਵਿੱਚ ਰਹਿਣ ਦਾ ਹੱਕ ਨਹੀਂ, ਇਸ ਲਈ ਉਸਨੂੰ ਜਾਂ ਤਾਂ ਆਪਣੇ ਧਰਮ ਵਿੱਚ ਲਿਆ ਕੇ ਉਸਦਾ ਧਰਮ ਪਰਿਵਰਤਨ ਕਰਵਾ ਦਿਓ ਜਾਂ ਉਸਨੂੰ ਜਾਨ ਤੋਂ ਖਤਮ ਕਰ ਦਿਓ। ਇਸ ਅਗਿਆਨਤਾ ਤੋਂ ਪਤਾ ਚੱਲਦਾ ਹੈ ਕਿ ਮਨੁੱਖ ਦੂਸਰੇ ਨੂੰ ਦੁੱਖ ਦੇ ਕੇ ਖੁਦ ਸੁਖੀ ਕਿਵੇਂ ਹੋ ਸਕਦਾ ਹੈ? ਬਲਕਿ ਇਸ ਤਰ੍ਹਾਂ ਕਰਨ ਨਾਲ ਪਰਮਾਤਮਾ ਹੋਰ ਨਰਾਜ਼ ਹੁੰਦਾ ਹੈ। ਇਹ ਕੁਕਰਮ ਧਰਮ ਦੇ ਨਾਂ ਤੇ ਧੱਬਾ ਲਾਉਂਦੇ ਹਨ। ਖੋਜ ਪੱਤ੍ਰਿਕਾ (ਗੁਰੂ ਨਾਨਕ ਦੇਵ ਵਿਸ਼ੇਸ਼ ਅੰਕ, ਨਵੰਬਰ 1969) ਵਿਚ ਸ੍ਰੀ ਮਤੀ ਗਜਿੰਦਰ ਕੌਰ ਨੇ ਲਿਖਿਆ ਹੈ ਕਿ 'ਧਰਮ ਦੇ ਨਾਂ ਤੇ ਜੋ

ਮੁਲਕਾਂ ਅਤੇ ਕੌਮਾਂ ਨੇ ਜ਼ੁਲਮ ਕੀਤੇ ਹਨ ਉਨ੍ਹਾਂ ਨਾਲ ਇਤਿਹਾਸ ਦੇ ਹਜ਼ਾਰਾਂ ਪੰਨੇ ਕਾਲੇ ਹੋਏ ਪਏ ਹਨ ਜਿਨ੍ਹਾਂ ਨੂੰ ਪੜ੍ਹਨ ਨਾਲ ਰੋਂਗਟੇ ਖੜੇ ਹੋ ਜਾਂਦੇ ਹਨ। ਇਹ ਸਭ ਕੁਝ ਮਨੁੱਖ ਧਰਮ ਦੀ ਆੜ ਲੈ ਕੇ ਕਰਦਾ ਤੇ ਇਸ ਤਰ੍ਹਾਂ ਉਸਦੀ ਤਸੱਲੀ ਹੁੰਦੀ।' ਇਸ ਤਰ੍ਹਾਂ ਧਰਮ ਦੇ ਨਾਂ ਹੇਠ ਕਤਲ, ਅਤਿਆਚਾਰ, ਲੁੱਟ-ਘਸੁੱਟ ਆਦਿ ਬੁਰਾਈਆਂ ਦੇਖੀਆਂ ਜਾ ਸਕਦੀਆਂ ਹਨ। ਭਾਵੇਂ ਇਹ ਸਭ ਧਰਮ ਦੇ ਨਾਂ ਹੇਠਾਂ ਹੋਇਆ ਹੈ ਪਰ ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗੀ ਕਿ ਧਰਮ ਨੇ ਹੀ ਲੋਕਾਂ ਨੂੰ ਪਿਆਰ ਮੁਹੱਬਤ ਆਪਸੀ ਭਾਈਚਾਰਾ ਇੱਕ ਦੂਜੇ ਨੂੰ ਨੇੜੇ ਲਿਆਉਣ ਵਾਲੇ ਕੰਮ ਵੀ ਕੀਤੇ ਹਨ। ਮਨੁੱਖੀ ਮਨ ਵਿੱਚ ਕੁਝ ਪ੍ਰਸ਼ਨ ਪੈਦਾ ਹੁੰਦੇ ਹਨ ਕਿ ਧਰਮ ਦੇ ਨਾਂ ਹੇਠ ਜਿਨ੍ਹਾਂ ਲੋਕਾਂ ਨੇ ਇਹ ਜ਼ੁਲਮ ਕੀਤੇ ਉਹ ਸਹੀ ਹਨ? ਕਿ ਇਸ ਤਰ੍ਹਾਂ ਕਰਨ ਨਾਲ ਪਰਮਾਤਮਾ ਖੁਸ਼ ਹੁੰਦਾ ਹੈ? ਕਿ ਇਸ ਤਰ੍ਹਾਂ ਕਰਨ ਨਾਲ ਮਨੁੱਖ ਸੁੱਖੀ ਹੋ ਸਕਦਾ ਹੈ? ਜੇ ਨਹੀਂ ਤਾਂ ਅਸਲ ਵਿੱਚ ਧਰਮ ਕੀ ਹੈ?

## 1.1 ਧਰਮ ਦਾ ਅਰਥ

ਭਾਰਤ ਵਿੱਚ ਧਰਮ ਸ਼ਬਦ ਏਨਾ ਮਹੱਤਵਪੂਰਨ ਅਤੇ ਲਚੀਲਾ ਹੈ ਕਿ ਕੋਈ ਹੋਰ ਵੀ ਇਸਦਾ ਸਾਨੀ ਨਹੀਂ। ਸੰਪ੍ਰਦਾ, ਦਲ, ਫਿਰਕਾ, ਪੰਥ ਆਦਿ ਲਈ ਧਰਮ ਸ਼ਬਦ ਪ੍ਰਯੋਗ ਹੋਣ ਲੱਗਾ ਹੈ। ਇਹ ਧਰਮ ਦਾ ਇਕ ਪੱਖੀ ਪ੍ਰਯੋਗ ਹੈ ਜਾਂ ਇਹ ਕਹਿ ਸਕਦੇ ਹਾਂ ਕਿ ਇਹ ਧਰਮ ਦਾ ਅਧੂਰਾ ਪ੍ਰਯੋਗ ਹੈ। ਧਰਮ ਸ਼ਬਦ ਬਹੁਤ ਵਿਆਪਕ ਅਰਥ ਰੱਖਦਾ ਹੈ। ਵਿਆਕਰਣ ਅਨੁਸਾਰ ਧਰਮ ਸ਼ਬਦ ਦਾ ਅਰਥ ਹੈ ਜੋ ਦੂਸਰਿਆਂ ਤੋਂ ਧਾਰਣ ਕੀਤਾ ਜਾਵੇ, ਭਾਵ ਧਾਰਨ ਕਰਨਾ, ਨਿਰੁਕਤ ਵਿੱਚ ਧਰਮ ਦਾ ਅਰਥ 'ਨਿਯਮ' ਦੱਸਿਆ ਹੈ। ਇਹਨਾਂ ਦੋਹਾਂ ਅਰਥਾਂ ਨੂੰ ਮਿਲਾ ਕੇ ਇਹ ਅਰਥ ਹੋਇਆ ਕਿ ਜਿਸ ਨਿਯਮ ਨੇ ਸੰਸਾਰ ਨੂੰ ਧਾਰਣ ਕੀਤਾ ਹੋਇਆ ਹੈ। ਉਹ ਕਿਹੜਾ ਨਿਯਮ ਹੈ ਜਿਸਨੇ ਇਸ ਸੰਸਾਰ ਨੂੰ ਧਾਰਣ ਕੀਤਾ ਹੋਇਆ ਹੈ ਅਤੇ ਕਿਹੜੇ ਨਿਯਮਾਂ ਜਾਂ ਕਰਮ ਹਨ ਜਿੰਨ੍ਹਾਂ ਨਾਲ ਸੁੱਖ ਪ੍ਰਾਪਤ ਹੁੰਦਾ ਹੈ। ਡਾ. ਲਕਸ਼ਮੀ ਸਿਨਹਾ ਨੇ ਲਿਖਿਆ ਹੈ ਕਿ ਧਰਮ ਦਾ ਅਰਥ ਨਿਸਰੇਯਸ ਵੀ ਹੈ ਜਿਸਦਾ ਅਰਥ ਹੈ "ਲੌਕਿਕ ਅਤੇ ਪਰਲੌਕਿਕ ਅਭਯੁਦਯ।" ਅਰਥਾਤ ਧਰਮ ਉਹ ਹੈ ਜਿਸ ਨਾਲ ਦੋਨ੍ਹਾਂ ਤਰ੍ਹਾਂ ਦੇ ਸੁੱਖ ਲੌਕਿਕ ਅਤੇ ਪਰਲੌਕਿਕ ਸੁੱਖ ਦੀ ਪ੍ਰਾਪਤੀ ਹੋਵੇ। ਸਾਰੀ ਦੁਨੀਆ ਸੁੱਖ ਦੇ ਲਈ ਹੀ ਪ੍ਰਯਤਨ ਕਰਦੀ ਹੈ ਅਤੇ ਸੁੱਖ ਦਾ ਸਾਧਨ ਹੈ ਧਰਮ। ਗੁਰਬਾਣੀ ਅਨੁਸਾਰ ਵੀ ਲੋਕ-ਪਰਲੋਕ ਵਿੱਚ ਸਾਥ ਦੇਣ ਵਾਲੇ ਧਰਮ ਦੀ ਗੱਲ ਕਰਦਿਆਂ ਗੁਰੂ ਸਾਹਿਬਾਨ ਨੇ ਪ੍ਰਾਣੀ ਮਾਤਰ ਨੂੰ ਸਦਾ ਰਹਿਣ ਵਾਲੇ ਧਰਮ ਦਾ ਮੰਦਿਰ ਬਣਾਉਣ ਲਈ ਕਿਹਾ ਹੈ।

ਤਿਸੈ ਸਰੇਵਹੁ ਪ੍ਰਾਣੀਹੋ ਜਿਸ ਦੈ ਨਾਉ ਪਲੈ॥
ਐਥੈ ਰਹਹੁ ਸੁਹੇਲਿਆ ਅਗੈ ਨਾਲਿ ਚਲੈ॥
ਘਰੁ ਬੰਧਹੁ ਸਚ ਧਰਮ ਕਾ ਗਡਿ ਥੰਮੁ ਅਹਲੈ॥

ਧਰਮ ਦੀ ਪਰਿਭਾਸ਼ਾ ਕਰਦਿਆਂ ਗੁਰਬਾਣੀ ਵਿੱਚ ਕਿਹਾ ਗਿਆ ਹੈ ਕਿ ਸਭ ਤੋਂ ਉੱਤਮ ਧਰਮ ਸਿਮਰਨ ਅਤੇ ਨਿਰਮਲ ਕਰਮ ਹਨ।

ਸਰਬ ਧਰਮ ਮਹਿ ਸ੍ਰੇਸਟ ਧਰਮ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮ॥

ਨਿਰਮਲ ਕਰਮ ਕਿਹੜੇ ਹਨ? ਕਿ ਹਰ ਮਨੁੱਖ ਲਈ ਨਿਰਮਲ ਕਰਮ ਅਲੱਗ-ਅਲੱਗ ਤਰ੍ਹਾਂ ਦੇ ਹਨ? ਕਿਉਂਕਿ ਸਾਰੇ ਮਨੁੱਖ ਸਦਾ ਇਕੋ ਸਥਿਤੀ ਵਿੱਚ ਨਹੀਂ ਰਹਿੰਦੇ ਬਲਕਿ ਇੱਕਲਾ ਮਨੁੱਖ ਵੀ ਸਦਾ ਇਕੋ ਪਰਿਸਥਿਤੀ ਵਿੱਚ ਨਹੀਂ ਰਹਿੰਦਾ, ਪੂਰੀ ਦੁਨੀਆਂ ਵਿੱਚ ਪਰਿਸਥਿਤੀਆਂ ਬਦਲਦਿਆਂ ਰਹਿੰਦੀਆਂ ਹਨ। ਮਨੁੱਖਾਂ ਵਿੱਚ ਦਿਲਚਪਸੀ, ਅਧਿਕਾਰ ਅਤੇ ਮਾਨਸਿਕ ਯੋਗਤਾ ਵੀ ਸਾਰਿਆਂ ਵਿੱਚ ਇੱਕੋ ਜਿਹੀ ਨਹੀਂ ਹੁੰਦੀ। ਇਸ ਲਈ ਧਰਮ ਪ੍ਰਤੀ ਹਰੇਕ ਮਨੁੱਖ ਦੀ ਸੋਚ ਇਕੋ ਜਿਹੀ ਕਿਵੇਂ ਹੋ ਸਕਦੀ ਹੈ? ਡਾ. ਜੋਧ ਸਿੰਘ ਲਿਖਦੇ ਹਨ 'ਧਰਮ ਨੂੰ ਜੋ ਅਰਥ ਵਿਅਕਤੀ ਪ੍ਰਦਾਨ ਕਰਦਾ ਹੈ ਦਰਅਸਲ ਉਹੀ ਅਰਥ ਉਸਨੇ ਸਮੁੱਚੀ ਹੋਂਦ ਵਿੱਚ ਅਨੁਭਵ ਕੀਤਾ ਹੁੰਦਾ ਹੈ।' ਇਸ ਲਈ ਮਨੁੱਖ ਨੂੰ ਆਪਣੀ ਸਮੁੱਚੀ ਹੋਂਦ ਅਤੇ ਹਉਮੈ

ਨੂੰ ਉਸ ਸਤਿ ਪਰਮਾਤਮਾ ਅੱਗੇ ਸਮਰਪਣ ਕਰ ਦੇਣ ਦੀ ਬਿਹਬਲਤਾ ਹੀ ਧਰਮ ਹੈ। ਸਤਿ ਅੱਗੇ ਸਮਰਪਣ ਸਭ ਕਰਮਾਂ ਤੋਂ ਉੱਪਰ ਹੈ।

ਸਗਲ ਧਰਮ ਮਹਿ ਊਤਮ ਧਰਮ॥
ਕਰਮ ਕਰਤੂਤਿ ਕੈ ਉਪਰਿ ਕਰਮ॥

ਇਸ ਕਰਮ ਦੁਆਰਾ ਮਨੁੱਖ ਨੂੰ ਅਜਿਹੀ ਸੂਝ ਪ੍ਰਾਪਤ ਹੁੰਦੀ ਹੈ, ਜਿਸ ਅੰਦਰ ਕਿਸੇ ਕਿਸਮ ਦੇ ਭਰਮ ਲਈ ਜਗ੍ਹਾਂ ਨਹੀਂ ਹੁੰਦੀ। ਇਹੀ ਸੂਝ ਮਨੁੱਖ ਨੂੰ ਪਸ਼ੂ ਨਾਲੋਂ ਵੱਖਰਾ ਕਰਦੀ ਹੈ। ਮਨੁੱਖ ਅਤੇ ਪਸ਼ੂ ਅੰਦਰ ਕੁਝ ਗੁਣ ਸਾਂਝੇ ਹਨ ਜਿਵੇਂ ਖਾਣਾ-ਪੀਣਾ, ਸੌਣਾ-ਜਾਗਣਾ, ਕਰੋਧ-ਡਰ, ਸੰਤਾਨ ਪੈਦਾ ਕਰਨਾ, ਜੰਮਣਾ-ਮਰਣਾ। ਪਰ ਧਰਮ ਹੀ ਮਨੁੱਖ ਨੂੰ ਪਸ਼ੂ ਨਾਲੋਂ ਉੱਤਮ ਸ਼੍ਰੇਣੀ ਵਿੱਚ ਲੈ ਕੇ ਆਉਂਦਾ ਹੈ।

ਅੰਗਰੇਜ਼ੀ ਵਿੱਚ ਧਰਮ ਲਈ ਰੀਲੀਜ਼ਨ ਸ਼ਬਦ ਦਾ ਪ੍ਰਯੋਗ ਹੁੰਦਾ ਹੈ। ਰੀਲੀਜ਼ਨ ਸ਼ਬਦ ਅੰਦਰ ਧਰਮ ਦਾ ਪੂਰਾ ਭਾਵ ਪ੍ਰਗਟ ਨਹੀਂ ਹੁੰਦਾ। ਇਹ ਰੀਲੀਜ਼ਨ ਸ਼ਬਦ ਧਰਮ ਸ਼ਬਦ ਦਾ ਠੀਕ ਅਨੁਵਾਦ ਨਹੀਂ ਹੈ। ਰੀਲੀਜ਼ਨ ਇੱਕ ਤਰ੍ਹਾਂ ਸੰਪ੍ਰਦਾ (Sect) ਨੂੰ ਅਭਿਵਿਅਕਤ ਕਰਦਾ ਹੈ। ਧਰਮ ਦੀਆਂ ਪੱਛਮੀ ਪਰਿਭਾਸ਼ਾਵਾਂ ਵਿੱਚ ਭਾਵੇਂ ਨਿਰੀਖਣ ਕਰਨਾ, ਜੋੜਨਾ, ਸੰਬੰਧ ਸਥਾਪਿਤ ਕਰਨਾ ਆਦਿ ਨੂੰ ਧਰਮ ਦਾ ਮੁੱਖ ਤੱਤ ਸਮਝਿਆ ਹੈ ਪਰ ਧਰਮ ਉਹ ਸ਼ਕਤੀ ਹੈ ਜੋ ਮਨੁੱਖੀ ਜੀਵਨ ਨੂੰ ਸੰਪੂਰਨਤਾ ਪ੍ਰਦਾਨ ਕਰਦੀ ਹੈ। ਧਰਮ ਆਪਣੇ ਆਪ ਵਿੱਚ ਵਿਆਪਕ ਅਰਥ ਸਹੇਜ ਕੇ ਰੱਖਦਾ ਹੈ। ਜਿਵੇਂ ਅੱਗ ਦਾ ਧਰਮ ਗਰਮੀ ਦੇਣਾ, ਸੂਰਜ ਦਾ ਧਰਮ ਪ੍ਰਕਾਸ਼ ਕਰਨਾ ਹੈ, ਜੇ ਇਹ ਦੋਵੇਂ ਆਪਣੇ ਇਨ੍ਹਾਂ ਗੁਣਾਂ (ਗਰਮੀ ਦੇਣਾ, ਪ੍ਰਕਾਸ਼ ਕਰਨਾ) ਨੂੰ ਛੱਡ ਦੇਣ ਤਾਂ ਅੱਗ-ਅੱਗ ਨਾ ਰਹੇ ਅਤੇ ਸੂਰਜ-ਸੂਰਜ ਨਾ ਰਹੇ। ਕੁਦਰਤ ਦੀਆਂ ਸਾਰੀਆਂ ਸ਼ਕਤੀਆਂ ਨੇ ਇਸ ਸ੍ਰਿਸ਼ਟੀ ਨੂੰ ਧਾਰਣ ਕੀਤਾ ਹੋਇਆ ਹੈ। ਧਰਮ ਨੂੰ ਧਾਰਣ ਕਰਕੇ ਕੁਦਰਤੀ ਸ਼ਕਤੀਆਂ ਆਪਣਾ-ਆਪਣਾ ਕੰਮ ਠੀਕ ਢੰਗ ਨਾਲ ਕਰ ਰਹੀਆਂ ਹਨ। ਜੇ ਧੁੰਦ ਕਾਰਨ 2-3 ਦਿਨ ਸੂਰਜ ਨਾ ਦਿਖੇ ਤਾਂ ਹਾਹਾਕਾਰ ਹੋ ਜਾਂਦੀ ਹੈ, ਸ੍ਰਿਸ਼ਟੀ ਦਾ ਕਾਰ-ਵਿਹਾਰ ਮੁਸ਼ਕਿਲ ਹੋ ਜਾਂਦਾ ਹੈ। ਪ੍ਰਕ੍ਰਿਤਿਕ ਜੀਵ-ਜੰਤੂ ਦੁਖੀ ਹੋ ਜਾਂਦੇ ਹਨ। ਇਸੇ ਤਰ੍ਹਾਂ ਮਨੁੱਖ ਨੂੰ ਆਪਣੀ ਚਾਰੇ ਪਾਸਿਓ ਤਰੱਕੀ ਲਈ ਧਰਮ ਨੂੰ ਅਪਨਾਉਣਾ ਬਹੁਤ ਜ਼ਰੂਰੀ ਹੈ।

ਧਰਮ ਦਾ ਸੰਬੰਧ ਅੰਦਰੋਂ ਵੀ ਹੈ ਅਤੇ ਬਾਹਰੋਂ ਵੀ ਹੈ। ਰੋਜ਼ੀ-ਰੋਟੀ ਨਾਲ ਵੀ ਧਰਮ ਦਾ ਗਹਿਰਾ ਸੰਬੰਧ ਹੈ। ਜ਼ਿੰਦਗੀ ਵਿੱਚ ਰੋਜ਼ੀ-ਰੋਟੀ ਕਮਾਉਣ ਲਈ ਸਾਰੇ ਪ੍ਰਾਣੀਆਂ ਨਾਲ ਮਨ-ਬਚਨ-ਕਰਮ ਤੋਂ ਅਸੀਂ ਕਿਹੋ-ਜਿਹਾ ਵਿਵਹਾਰ ਕਰੀਏ ਅਤੇ ਕਿਵੇਂ ਆਪਣੀ ਰੋਜ਼ੀ-ਰੋਟੀ ਕਮਾਈਐ।

ਕਬੀਰ ਜੋਰੀ ਕੀਏ ਜੁਲਮੁ ਹੈ ਕਹਤਾ ਨਾਉ ਹਲਾਲੁ॥
ਦਫਤਰਿ ਲੇਖਾ ਮਾਗੀਐ ਤਬ ਹੋਇਗੋ ਕਉਨੁ ਹਵਾਲੁ॥
ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤ ਲੋਨੁ॥
ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨ॥

ਅਧਰਮ ਦਾ ਤਿਆਗ ਕਰਕੇ ਧਰਮ ਅਨੁਸਾਰ ਰੋਜ਼ੀ-ਰੋਟੀ ਨੂੰ ਮਹੱਤਤਾ ਦਿੱਤੀ ਹੈ। ਭਾਰਤੀ ਸੰਦਰਭ ਵਿੱਚ ਵਿਚਾਰਦਿਆਂ ਚਾਰ ਪੁਰਸ਼ਾਰਥਾਂ (ਧਰਮ, ਅਰਥ, ਕਾਮ, ਮੋਕਸ਼) ਦੀ ਗੱਲ ਕੀਤੀ ਹੈ। ਧਰਮ ਦਾ ਸਿੱਧਾ ਸੰਬੰਧ ਮੋਕਸ਼ ਨਾਲ ਹੈ। ਅਰਥਾਤ ਧਰਮ ਦੁਆਰਾ ਜੋ ਧਨ (ਅਰਥ) ਆਉਂਦਾ ਹੈ। ਇਥੇ ਧਰਮ ਦੁਆਰਾ ਕਮਾਉਣਾ ਭਾਵ ਕਿਰਤ ਤੋਂ ਹੈ। ਉਸ ਦੁਆਰਾ ਸੁਭ ਕਾਮਨਾ (ਕਾਮ) ਪੈਦਾ ਹੁੰਦੀ ਹੈ। ਸੁਭ ਕਾਮਨਾ ਹੀ ਮੋਕਸ਼ ਦਾ ਹੇਤੂ ਹੈ। ਮੋਕਸ਼ ਅਰਥਾਤ ਮਨ ਦੇ ਵਿਕਾਰਾਂ ਤੋਂ ਮੁਕਤ ਹੋਣਾ ਹੈ। ਇਸ ਚਿੰਤਨ ਤੋਂ ਪਤਾ ਚੱਲਦਾ ਹੈ ਕਿ ਧਰਮ ਦੇ ਬਾਹਰੀ ਅਰਥ ਵੀ ਹਨ ਅਤੇ ਅੰਦਰੂਨੀ ਅਰਥ ਵੀ ਹਨ। ਬਾਹਰੀ ਅਰਥਾਂ ਦੀ ਚਰਚਾ ਉੱਪਰ ਹੋ ਗਈ ਹੈ। ਅੰਦਰਲੇ ਅਰਥਾਂ ਤੋਂ ਭਾਵ ਸਦਗੁਣ ਅਤੇ ਸ਼ੁੱਧ ਵਿਵਹਾਰ ਤੋਂ ਹੈ। ਜਦੋਂ ਅਸੀਂ ਕਿਸੇ ਨੂੰ ਉਸਦੇ ਧਰਮ ਬਾਰੇ ਪੁੱਛਦੇ ਹਾਂ ਤਾ ਉਹ ਜੋ (ਹਿੰਦੂ, ਮੁਸਲਿਮ, ਸਿੱਖ, ਇਸਾਈ ਆਦਿ) ਕਹਿੰਦਾ ਹੈ ਉਹ ਧਰਮ ਦਾ ਬਾਹਰੀ ਪੱਖ ਹੈ ਪਰ ਜਦੋਂ ਦਯਾ, ਸਤਿ, ਅਹਿੰਸਾ ਆਦਿ ਸਦਗੁਣਾਂ ਦੀ ਗੱਲ ਹੁੰਦੀ ਹੈ ਤਾਂ ਉਹ ਧਰਮ ਦੇ ਅੰਦਰਲੇ ਗੁਣ ਹਨ। ਬਾਹਰਲੇ ਧਰਮ ਮਨੁੱਖ ਜਾਤੀ ਦੇ ਵੱਖ-ਵੱਖ ਹੋ ਸਕਦੇ ਹਨ ਪਰ ਅੰਦਰਲੇ ਧਰਮ ਸੰਪੂਰਨ ਮਾਨਵ ਜਾਤੀ ਦੇ ਇੱਕ ਹਨ। ਬਾਹਰਲੇ ਧਰਮਾਂ ਕਰਕੇ ਝਗੜਾ ਹੋ ਸਕਦਾ ਹੈ, ਪਰ ਅੰਦਰਲੇ ਧਰਮ ਨਾਲ ਸਾਰੇ ਵਿਸ਼ਵ ਨੂੰ ਇੱਕ ਧਾਗੇ ਵਿੱਚ ਪਰੋਇਆ ਜਾ ਸਕਦਾ ਹੈ। ਮਨੁੱਖ ਦੀ

ਬਿਰਤੀ ਬਾਹਰਮੁੱਖੀ ਹੋਣ ਕਰਕੇ ਉਹ ਹਮੇਸ਼ਾ ਬਾਹਰੀ ਅਰਥ ਭਾਲਦਾ ਹੈ ਚਾਹੇ ਉਹ ਮਨੁੱਖ ਦੇ ਵਿਅਕਤੀਤਵ ਦੇ ਹੋਣ, ਧਰਮ ਦੇ ਹੋਣ, ਰੋਜ਼ੀ-ਰੋਟੀ ਦੇ ਆਦਿ। ਜਦੋਂ ਧਰਮ ਦੇ ਅੰਦਰਲੇ ਅਰਥਾਂ ਦੀ ਗੱਲ ਹੋਵੇਗੀ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਸਾਰੀ ਦੁਨੀਆਂ ਦਾ ਧਰਮ ਇੱਕ ਹੈ। ਦਯਾ, ਸਤਿ, ਪ੍ਰੇਮ, ਸ਼ਾਂਤੀ, ਅਹਿੰਸਾ ਆਦਿ ਸਭ ਲਈ ਇੱਕ ਸਮਾਨ ਹਨ। ਇਹ ਕਦੇ ਨਹੀਂ ਹੋ ਸਕਦਾ ਕਿ ਧਰਮ ਦੇ ਅੰਦਰਲੇ ਅਰਥ, ਭਾਰਤ ਲਈ ਹੋਰ, ਅਰਬ ਲਈ ਹੋਰ, ਇੰਗਲੈਂਡ ਲਈ ਹੋਰ ਅਤੇ ਬਾਕੀ ਦੇਸ਼ਾਂ ਲਈ ਹੋਰ ਹੋਣ। ਮਿੱਠਾ ਜਾਂ ਖੱਟਾ ਕੋਈ ਵੀ ਖਾਵੇ (ਕਿਸੇ ਵੀ ਧਰਮ ਵਾਲਾ, ਨਸਲ ਵਾਲਾ) ਉਸਨੂੰ ਮਿੱਠਾ, ਮਿੱਠਾ ਲਗੇਗਾ ਖੱਟਾ, ਖੱਟਾ ਲੱਗੇਗਾ। ਇਸੇ ਤਰ੍ਹਾਂ ਧਰਮ ਦੇ ਅੰਦਰਲੇ ਅਰਥਾਂ ਅਨੁਸਾਰ, ਧਰਮ ਦਾ ਜੋ ਪਾਲਨ ਕਰੇਗਾ, ਉਹ ਇਸ ਲੋਕ ਵਿੱਚ ਸੁਖੀ ਰਹੇਗਾ ਅਤੇ ਪਰਲੋਕ ਵਿੱਚ ਵੀ ਸੁਖੀ ਰਹੇਗਾ ਕਿਉਂਕਿ ਉਸਨੇ ਧਰਮ ਦੇ ਸਹੀ ਅਰਥ ਨੂੰ ਅਪਣਾ ਲਿਆ ਹੈ।

ਇਹ ਲੋਕ ਸੁਖੀਏ ਪਰਲੋਕ ਸੁਹੇਲੇ॥
ਨਾਨਕ ਹਰਿ ਪ੍ਰਭਿ ਆਪਹਿ ਮੇਲੇ॥

ਧਰਮ ਦੇ ਕਈ ਪੱਖ ਹੁੰਦੇ ਹਨ ਅਤੇ ਧਰਮ ਦਾ ਅਧਿਐਨ ਵੀ ਅਲੱਗ-ਅਲੱਗ ਨਜ਼ਰੀਏ ਤੋਂ ਕੀਤਾ ਜਾ ਸਕਦਾ ਹੈ। ਹਰੇਕ ਧਰਮ ਦਾ ਸੰਸਥਾਪਕ, ਧਰਮ ਗ੍ਰੰਥ ਅਤੇ ਪਰਮਾਤਮਾ ਦੇ ਕਿਸੇ ਨਾ ਕਿਸੇ ਸਰੂਪ ਵਿੱਚ ਵਿਸ਼ਵਾਸ਼ ਕੀਤਾ ਜਾਂਦਾ ਹੈ। ਹਰ ਧਰਮ ਦੀ ਆਪਣੀ ਜੀਵਨ ਦ੍ਰਿਸ਼ਟੀ ਹੁੰਦੀ ਹੈ ਜਿਸ ਅਨੁਸਾਰ ਹਰ ਧਰਮ ਵਿਸ਼ਵ ਦੇ ਸਰੂਪ ਬਾਰੇ, ਮਨੁੱਖੀ ਜੀਵਨ ਦੇ ਟੀਚੇ ਬਾਰੇ, ਪੂਜਾ-ਪਾਠ ਬਾਰੇ, ਜਨਮ-ਮੌਤ, ਵਿਆਹ ਆਦਿ ਨਾਲ ਜੁੜੇ ਅਨੇਕਾਂ ਵਿਚਾਰ ਹਨ। ਵੱਖ-ਵੱਖ ਧਰਮਾਂ ਵਿੱਚ ਅਨੇਕਾਂ ਸੰਪ੍ਰਦਾਇ ਵੀ ਦੇਖਣ ਨੂੰ ਮਿਲਦੇ ਹਨ।

ਡਾ. ਰਮੇਨੰਦਰ ਅਨੁਸਾਰ, "ਧਰਮ ਵਿਸ਼ਵਾਸ਼ਾਂ, ਮੁੱਲਾਂ, ਆਚਰਣ ਦੇ ਨਿਯਮਾਂ ਅਤੇ ਕਰਮ-ਕਾਂਡਾਂ ਦੀ ਇੱਕ ਵਿਆਖਿਆ ਹੈ, ਜੋ ਆਸਥਾ ਉੱਤੇ ਆਧਾਰਿਤ ਰਹਿੰਦੀ ਹੈ ਅਤੇ ਜਿਸਦਾ ਰੁਝਾਨ 'ਪਰਲੋਕ' ਜਾਂ 'ਮੌਤ ਤੋਂ ਬਾਅਦ ਜੀਵਨ' ਵੱਲ ਰਹਿੰਦਾ ਹੈ।"

ਧਰਮ ਧਾਰਣ ਕਰਨ ਵਾਲਾ ਹੈ, ਪੂਰੇ ਬ੍ਰਹਿਮੰਡ ਦੇ ਪ੍ਰਾਣੀਆਂ ਦੀ ਪਾਲਣਾ ਕਰਨ ਵਾਲਾ ਹੈ। ਧਰਮ ਸਤਿ ਦਾ ਰਾਹ ਵਿਖਾ ਕੇ ਆਪਸੀ ਮਤਭੇਦਾਂ ਨੂੰ ਖਤਮ ਕਰਕੇ ਆਪਸੀ ਭਾਈਚਾਰਾ ਵਧਾ ਕੇ ਸਾਰੇ ਸੰਸਾਰ ਨੂੰ ਜੋੜਦਾ ਹੈ, ਉਹੀ ਧਰਮ ਹੈ। ਧਰਮ ਹਮੇਸ਼ਾ ਹੈ ਅਤੇ ਇੱਕ ਹੈ।

ਡਾ. ਲਕਸ਼ਮੀ ਸਿਨਹਾ ਅਨੁਸਾਰ, ਧਰਮ ਦਾ ਪਹਿਲਾ ਅੰਗ ਹੈ 'ਨੀਤੀ ਵਿਗਿਆਨ' ਦੂਸਰਾ ਅੰਗ ਹੈ 'ਤੱਤਵ ਦਰਸ਼ਨ' ਅਤੇ ਤੀਸਰਾ ਅੰਗ ਹੈ 'ਅਧਿਆਤਮ'। ਤਿੰਨਾਂ ਅੰਗਾਂ ਨੂੰ ਮਿਲਾਉਣ ਤੇ ਕਿਤੇ ਵੀ ਧਰਮ ਵਿੱਚ ਵਿਸ਼ਮਤਾ ਨਹੀਂ, ਮਤਿ-ਵਿਸ਼ਮਤਾ ਨਹੀਂ, ਅਰਥਾਤ ਵਿਸ਼ਵ-ਜੀਵਨ ਧਰਮ ਇੱਕ ਹੈ।

ਧਰਮ ਪੂਰੀ ਦੁਨੀਆਂ ਦਾ ਆਧਾਰ ਹੈ। ਜਿਸ ਤਰ੍ਹਾਂ ਭਾਸ਼ਾ ਸਾਮੂਹਿਕ ਹੁੰਦੀ ਹੈ। ਵਿਅਕਤੀਗਤ ਨਹੀ ਉਸੇ ਤਰ੍ਹਾਂ ਧਰਮ ਪੂਰੀ ਦੁਨੀਆਂ ਦਾ ਇੱਕ ਹੈ ਵਿਅਕਤੀਗਤ ਨਹੀ। ਜਿਸ ਤਰ੍ਹਾਂ ਭਾਸ਼ਾ ਸਾਰਿਆਂ ਨੂੰ ਇੱਕ-ਦੂਸਰੇ ਨਾਲ ਜੋੜਣ ਦਾ ਕੰਮ ਕਰਦੀ ਹੈ। ਉਸੇ ਤਰ੍ਹਾਂ ਧਰਮ ਮਨੁੱਖ ਨੂੰ ਮਨੁੱਖ ਨਾਲ ਜੋੜਨ ਦਾ ਕੰਮ ਕਰਦਾ ਹੈ ਤੋੜਣ ਦਾ ਨਹੀ। ਜਿਹੜੇ ਅਖਉਤੀ ਧਰਮਾਂ ਨੇ ਜਿਨ੍ਹਾਂ ਕੋਲ ਧਨ-ਦੌਲਤ ਸੀ, ਸੈਨਾ ਦਾ ਬਲ ਸੀ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਉਹਨਾਂ ਮਗਰ ਸਨ ਪਰ ਲੋਕਾਂ ਨੂੰ ਪ੍ਰੇਮ ਦੁਆਰਾ ਆਪਸ ਵਿੱਚ ਜੋੜਨ ਦੀ ਤਾਕਤ ਨਹੀ ਸੀ ਅੱਜ ਉਹਨਾਂ ਦਾ ਨਾਮੋ-ਨਿਸ਼ਾਨ ਮਿੱਟ ਚੁੱਕਾ ਹੈ ਜਿਵੇਂ- ਗ੍ਰੀਸ, ਰੋਮ ਸੀਰਿਆ, ਅਸੀਰੀਆ, ਪਰਸ਼ਿਆ, ਮਿਸਰ ਆਦਿ। ਇਸਦੇ ਉਲਟ ਅਸਲ ਵਿੱਚ ਧਰਮ ਦੇ ਅਰਥ ਨੂੰ ਸਮਝਣ ਵਾਲੇ ਲੋਕਾਂ ਉੱਪਰ ਚਾਹੇ ਕਿੰਨੇ ਜ਼ੁਲਮ ਹੋਏ ਉਨ੍ਹਾਂ ਦੇ ਸਾਥੀਆਂ ਨੂੰ ਧਰਮ ਬਦਲਣ ਵਾਸਤੇ ਮਜ਼ਬੂਰ ਕੀਤਾ ਗਿਆ ਹੋਵੇ, ਉਹਨਾਂ ਨੂੰ ਸ਼ਹਾਦਤਾਂ ਦੇਣੀਆ ਪਈਆ ਹੋਣ, ਉਹ ਧਰਮ ਸਦੀਆਂ ਤੋਂ ਅੱਜ ਵੀ ਹਨ ਅਤੇ ਸਦਾ ਰਹਿਣਗੇ, ਕਿਉਂਕਿ ਉਹ ਧਰਮ, ਧਰਮ ਦੇ ਸਹੀ ਅਰਥ (ਅੰਦਰਲੇ ਪੱਖ) ਨੂੰ ਜਾਣਦੇ ਹਨ।

## 1.2 ਧਰਮ ਦਾ ਸਰੂਪ (ਸੁਭਾਅ)

ਧਰਮ ਦਾ ਸੁਭਾਅ ਧਾਰਮਿਕ ਅਨੁਭੂਤੀਆਂ ਨੂੰ ਦੁਨੀਆਂ ਦੇ ਸਾਹਮਣੇ ਲਿਆਉਣਾ ਹੈ। ਧਾਰਮਿਕ ਅਨੁਭੂਤੀਆਂ ਦੀ ਆਪਣੀ ਮਹੱਤਤਾ ਹੈ। ਮਹਾਨ ਸੰਤਾਂ ਅਤੇ ਭਗਤਾਂ ਦੀਆਂ ਵਿਲੱਖਣ ਅਨੁਭੂਤੀਆਂ ਵਿਲੱਖਣ ਰੂਪਾਂ ਵਿੱਚ ਪ੍ਰਾਪਤ ਹੁੰਦੀਆ ਹਨ। ਦੁਨੀਆਂ ਦਾ ਹਰੇਕ ਜੀਵੰਤ ਧਰਮ (Living Religion) ਧਾਰਮਿਕ ਅਨੁਭੂਤੀਆਂ ਦੀ (Realisation) ਵਿਸ਼ੇਸ਼ਤਾ ਦੀ ਗਵਾਹੀ ਭਰਦੇ ਹਨ, ਜਿਸਦਾ ਵਰਨਣ ਧਾਰਮਿਕ ਗ੍ਰੰਥਾਂ ਵਿੱਚ ਮਿਲਦਾ ਹੈ। ਇਸ ਲਈ ਭਾਰਤੀ ਅਤੇ ਪੱਛਮੀ ਵਿਦਵਾਨਾਂ ਨੇ ਧਾਰਮਿਕ ਅਨੁਭੂਤੀ ਦੇ ਰਹੱਸ ਉਸ ਸਤਿ (ੳਗਚਵੀ ਰਗ ਢਕ;ਜਵਖ) ਨੂੰ ਆਪਣੀ ਭਾਸ਼ਾ ਦੇ ਸ਼ਬਦਾਂ ਵਿੱਚ ਕਹਿਣ ਦੀ ਕੋਸ਼ਿਸ਼ ਕੀਤੀ ਹੈ। ਜਿਵੇਂ ਰਿਤ, ਬੋਧਿ, ਬ੍ਰਹਮ, ਟਾਉ ਆਦਿ। ਭਾਸ਼ਾਵਾਂ ਵਿੱਚ ਵਖਰੇਵਾਂ ਜ਼ਰੂਰ ਹੈ ਅਨੁਭੂਤਿ (Realisation) ਦੇ ਆਧਾਰ ਤੇ ਉਹ ਸਤਿ ਇੱਕ ਹੈ। ਧਰਮ, ਸਤਿ ਦੇ ਰੂਪ ਵਿੱਚ ਨਾ ਤੇ ਆਸਤਿਕ ਹੈ ਅਤੇ ਨਾ ਹੀ ਨਾਸਤਿਕ, ਨਾ ਇਸ਼ਵਰਵਾਦੀ ਹੈ ਅਤੇ ਨਾ ਹੀ ਆਨਿਸ਼ਵਰਵਾਦੀ ਹੈ। ਧਰਮ ਦਾ ਸੰਬੰਧ ਸ਼ਰਧਾ ਅਤੇ ਵਿਸ਼ਵਾਸ਼ (Reverence and Faith) ਨਾਲ ਵੀ ਹੈ। ਬੁੱਧੀ ਤੋਂ ਵਿਸ਼ਵਾਸ਼ ਪੈਦਾ ਹੁੰਦਾ ਹੈ ਅਤੇ ਹਿਰਦੈ ਤੋਂ ਸ਼ਰਧਾ ਪੈਦਾ ਹੁੰਦੀ ਹੈ। ਵਿਸ਼ਵਾਸ਼ ਤੋਂ ਬਗੈਰ ਸ਼ਰਧਾ ਕਮਜ਼ੋਰ ਹੁੰਦੀ ਹੈ ਅਤੇ ਸ਼ਰਧਾ ਤੋਂ ਬਗੈਰ ਵਿਸ਼ਵਾਸ਼ ਅੰਨਾ ਹੁੰਦਾ ਹੈ। ਇਸੇ ਕਰਕੇ ਧਰਮ ਦੇ ਸਹੀ ਅਰਥਾਂ ਨੂੰ ਸਮਝਣ ਲਈ ਵਿਸ਼ਵਾਸ਼ਪੂਰਨ ਸ਼ਰਧਾ ਦੀ ਲੋੜ ਹੈ। ਗਿਆਨ ਤੋਂ ਪਰ੍ਹੇ ਉਸ ਸਤਿ ਨੂੰ ਜਾਣਨ ਦਾ ਇਹੀ ਆਧਾਰ ਹੈ। ਏਸੇ ਸਤਿ ਨੂੰ ਸੰਤ ਮਹਾਨ-ਪੁਰਖਾਂ ਨੇ ਆਪਣੇ ਜੀਵਨ-ਕਾਲ ਵਿੱਚ ਅਨੁਭਵ ਕੀਤਾ ਜਿਸਦਾ ਪ੍ਰਮਾਣ ਦੁਨੀਆਂ ਦੇ ਵੱਖ-ਵੱਖ ਧਰਮ ਗ੍ਰੰਥ ਹਨ। ਧਰਮ ਦਾ ਸੁਭਾਅ ਧਾਰਮਿਕ ਸ਼ਹਿਣਸ਼ੀਲਤਾ (Religions Tolerance) ਹੈ। ਲਗਭਗ ਸਾਰੇ ਧਰਮਾਂ ਵਿੱਚ ਆਪਸੀ ਧਾਰਮਿਕ ਸ਼ਹਿਣਸ਼ੀਲਤਾ ਦੀਆਂ ਉਦਾਹਰਣਾਂ ਮਿਲਦੀਆ ਹਨ। ਧਾਰਮਿਕ ਸ਼ਹਿਣਸ਼ੀਲਤਾ ਧਰਮ ਦਾ ਮੌਲਿਕ ਲੱਛਣ ਹੈ। ਜੇ ਇਹ ਮੌਲਿਕਤਾ ਟੁੱਟਦੀ ਹੈ ਤਾਂ ਧਰਮ ਦੇ ਪੈਰੋਕਾਰਾਂ ਦੁਆਰਾ ਉਹ ਧਰਮ ਵੀ ਕਮਜ਼ੋਰ ਪੈ ਜਾਂਦਾ ਹੈ ਅਤੇ ਟੁੱਟ ਜਾਂਦਾ ਹੈ। ਧਰਮ ਦਾ ਸੁਭਾਅ ਧਰਮ ਨਿਰਪੇਖ ਹੈ, ਧਰਮ ਨਾ ਹਿੰਦੂ ਹੈ, ਨਾ ਸਿੱਖ ਹੈ, ਨਾ ਮੁਸਲਮਾਨ ਹੈ ਅਤੇ ਨਾ ਕੋਈ ਹੋਰ ਹੈ। ਜੇ ਧਰਮ ਵਿੱਚ ਇਹ ਵਖਰੇਵੇਂ ਨਜ਼ਰ ਆਉਂਦੇ ਹਨ ਤਾਂ ਉਹ ਅਖੀਰ ਧਰਮ ਵਿੱਚ 'ਸਤਿ' ਤੇ ਅੰਦਰ ਹੀ ਸਮਾ ਜਾਂਦੇ ਹਨ। ਧਰਮ ਦਾ ਅੰਦਰਲਾ ਪੱਖ ਇੱਕ ਹੈ ਪਰ ਬਾਹਰੀ ਪੱਖ ਵਿਵਹਾਰ ਕਾਰਨ ਪਰਵਰਤਿਤ ਹੁੰਦੇ ਰਹਿੰਦੇ ਹਨ। ਧਰਮ ਦੇ ਬਾਹਰੀ ਪਰਿਵਰਤਨ ਕਾਰਨ ਧਰਮ ਦਾ 'ਮੂਲ ਸਤਿ' ਕਦੇ ਖਤਮ ਨਹੀ ਹੁੰਦਾ। ਇਸ ਤਰ੍ਹਾਂ ਧਰਮ ਦਾ ਸੁਭਾਅ ਸਰਲ ਵੀ ਹੈ ਅਤੇ ਗੁੰਝਲਦਾਰ ਵੀ ਹੈ। ਬਾਹਰਲੇ ਪੱਖ ਤੋਂ ਧਰਮ ਗੁੰਝਲਦਾਰ ਹੈ ਅਤੇ ਅੰਦਰਲੇ ਪੱਖ ਤੋਂ ਧਰਮ ਸਰਲ ਹੈ। ਇਹਨਾਂ ਦੋਨਾਂ ਪੱਖਾਂ ਨੂੰ ਦੇਖਦੇ ਹੋਏ ਹੀ ਧਰਮ ਦਾ ਅਰਥ ਸਪੱਸ਼ਟ ਹੋ ਸਕਦਾ ਹੈ। ਜੇ ਇੱਕ ਪੱਖ ਨੂੰ ਮੁੱਖ ਰੱਖਦਿਆਂ ਧਰਮ ਦਾ ਅਰਥ ਕੀਤਾ ਜਾਵੇ ਤਾਂ ਦੋਨਾਂ ਹੱਥਾਂ ਨੂੰ ਫੈਲਾ ਕੇ ਆਕਾਸ਼ ਨੂੰ ਸਮੇਟਣ ਵਾਲੀ ਮੂਰਖਤਾ ਹੋਵੇਗੀ।

ਧਰਮ ਨੂੰ ਸਮਝਣ ਲਈ ਅੰਤਰ ਬੋਧ ਦੀ ਉਚੇਰੀ ਵਿਸ਼ੇਸ਼ਤਾ ਹੈ। ਧਰਮ ਏਨਾ ਗਹਿਰਾ ਅਤੇ ਉੱਚਾ ਹੈ ਕਿ ਇਸਨੂੰ ਅੱਖਰਾਂ ਵਿੱਚ ਬਣਨਾ ਬਹੁਤ ਔਖਾ ਹੈ ਪਰ ਹਰੇਕ ਮਨੁੱਖ ਤੱਕ ਧਰਮ ਦੇ ਸਹੀ ਅਰਥ ਪਹੁੰਚਾਉਣ ਲਈ ਧਰਮ ਨੂੰ ਅੱਖਰਾਂ ਵਿੱਚ ਬੰਨਣਾ ਪੈਂਦਾ ਹੈ। ਧਰਮ ਮਨੁੱਖੀ ਜੀਵਨ ਦੇ ਸਾਰਿਆਂ ਪੱਖਾਂ ਨੂੰ ਪ੍ਰਭਾਵਿਤ ਕਰਨ ਵਾਲੀ ਉਹ ਵਿਆਪਕ ਬਿਰਤੀ ਹੈ ਜੋ ਸਭ ਤੋਂ ਜਿਆਦਾ ਮੁੱਲਵਾਨ, ਪਵਿੱਤਰ, ਘਟ-ਘਟ ਵਾਸੀ ਅਤੇ ਸ਼ਕਤੀਸ਼ਾਲੀ ਸਮਝੇ ਜਾਣ ਵਾਲੇ ਆਦਰਸ਼ ਅਤੇ ਅਲੌਕਿਕ ਪਰਮਾਤਮਾ ਦੇ ਪ੍ਰਤੀ ਅਖੰਡ ਆਸਥਾ (ਸ਼ਰਧਾ) ਦੇ ਫਲਸਰੂਪ ਪੈਦਾ ਹੁੰਦੀ ਹੈ। ਜੋ ਮਨੁੱਖ ਦੇ ਦੈਨਿਕ ਆਚਰਣ ਅਤੇ ਪ੍ਰਾਰਥਨਾ, ਪੂਜਾ-ਪਾਠ, ਜਪ-ਤਪ, ਬਾਹਰੀ ਰਹਿਣੀ ਬਹਿਣੀ (ਕਰਮ-ਕਾਂਡ) ਵਿੱਚ ਦੇਖੀ ਜਾ ਸਕਦੀ ਹੈ। ਧਰਮ ਦੀ ਇਹ ਵਿਸ਼ੇਸ਼ਤਾ ਹੈ ਕਿ ਉਹ ਮਨੁੱਖ ਦੇ ਕਿਸੇ ਇੱਕ ਪੱਖ ਨੂੰ ਹੀ ਪ੍ਰਭਾਵਿਤ ਨਹੀ ਕਰਦਾ ਬਲਕਿ ਮਨੁੱਖੀ ਜੀਵਨ ਦੇ ਸਾਰੇ ਪੱਖਾਂ ਨੂੰ ਪ੍ਰਭਾਵਿਤ ਕਰਦਾ ਹੈ। ਜਿਸ ਮਨੁੱਖ ਦੀ ਧਰਮ ਵਿੱਚ ਪੂਰਨ ਆਸਥਾ ਹੁੰਦੀ ਹੈ ਅਤੇ ਜੀਵਨ ਦੇ ਸਾਰੇ ਪੱਖਾਂ ਤੇ ਗਹਿਰਾ ਪ੍ਰਭਾਵ ਪੈਂਦਾ ਹੈ। ਉਹ ਆਪਣੇ ਰੋਜ਼ਾਨਾ ਜ਼ਿੰਦਗੀ ਵਿੱਚ ਕੋਈ ਵੀ ਉਹ ਕੰਮ ਨਹੀ ਕਰਦਾ ਜੋ ਧਰਮ ਦੇ ਵਿਰੁੱਧ ਹੋਵੇ।

ਮਨੁੱਖ ਬਦ ਤੋਂ ਬਦਤਰ ਹਾਲਾਤਾਂ ਵਿੱਚ ਵੀ ਕਦੇ ਆਪਣਾ ਬੁਰਾ ਕਰਨ ਬਾਰੇ ਨਹੀ ਸੋਚ ਸਕਦਾ। ਇਹ ਗੱਲ ਵੱਖਰੀ ਹੈ ਕਿ ਮਨੁੱਖ ਕਈ ਵਾਰੇ ਅਗਿਆਨਤਾ ਕਾਰਣ ਆਪਣੇ ਹਿਤ ਵਾਲੇ ਕਾਰਜ ਨੂੰ ਅਹਿਤ

ਸਮਝ ਬੈਠਦਾ ਹੈ ਅਤੇ ਅਹਿਤ ਵਾਲੇ ਕਾਰਜ ਨੂੰ ਹਿਤ ਸਮਝ ਲੈਂਦਾ ਹੈ। ਕਈ ਵਾਰ ਬਹੁਤ ਬੁੱਧੀਮਾਨ ਲੋਕ ਵੀ ਕੋਈ ਨਾ ਕੋਈ ਵੱਡੀ ਗਲਤੀ ਕਰ ਬੈਠਦੇ ਹਨ। ਭਾਵੇਂ ਉਹ ਨੇਤਾ ਹੋਣ ਜਾਂ ਫਿਰ ਅਧਿਆਪਕ ਆਦਿ ਕੋਈ ਹੋਰ ਹੋਣ। ਮਨ ਅੰਦਰ ਕਾਮ-ਕ੍ਰੋਧ ਆਦਿ ਦਾ ਵੇਗ ਜਦੋਂ ਤੇਜ ਹੁੰਦਾ ਹੈ ਉਦੋਂ ਕੀਤਾ ਗਿਆ ਕੋਈ ਵੀ ਫੈਸਲਾ ਹਮੇਸ਼ਾ ਗਲਤ ਹੋਵੇਗਾ। ਪਰ ਜਦੋਂ ਮਨ ਸ਼ਾਂਤ ਹੋਵੇ ਉਦੋਂ ਲਿਆ ਗਿਆ ਫੈਸਲਾ ਬਿਲਕੁਲ ਸਹੀ ਹੁੰਦਾ ਹੈ। ਇਥੇ ਇਹ ਪਤਾ ਚੱਲਦਾ ਹੈ ਕਿ ਇਹ ਵੇਗ ਹੀ ਸਾਰੇ ਅਨਰਥਾਂ ਦੀ ਜੜ ਹੈ। ਜੇ ਇਹ ਵੇਗ ਸ਼ਾਂਤ ਹੋਵੇ ਤਾਂ ਹੀ ਮਨੁੱਖ ਸਹੀ ਵਿਚਾਰ ਕਰ ਸਕਦਾ ਹੈ ਅਤੇ ਸਹੀ ਤੱਤ ਨਿਰਧਾਰਿਤ ਕੀਤਾ ਜਾ ਸਕਦਾ ਹੈ। ਵੇਗ ਭਾਵੇ ਸੁਤੰਤਰ ਮਨੁੱਖ ਅੰਦਰ ਪੈਦਾ ਹੁੰਦਾ ਹੈ, ਪਰ ਵੇਗ ਮਨੁੱਖ ਨੂੰ ਆਪਣੇ ਅਧੀਨ ਕਰ ਲੈਂਦਾ ਹੈ। ਜਿਸ ਤਰ੍ਹਾਂ ਕੁਲਹਾੜੀ ਨਾਲ ਰੁੱਖਾਂ ਨੂੰ ਕੱਟਿਆ ਜਾਂਦਾ ਹੈ, ਪਰ ਕੁਲਹਾੜੀ ਆਪਣੇ ਆਪ ਵਿੱਚ ਸੁਤੰਤਰ ਨਹੀ। ਮਨੁੱਖ ਚਾਹੇ ਤੇ ਕੁਲਹਾੜੀ ਨਾਲ ਰੁੱਖ ਕੱਟੇ ਜਾਂ ਨਾ ਕੱਟੇ। ਕੁਲਹਾੜੀ ਪਰਤੰਤਰ (ਗੁਲਾਮ) ਹੈ ਉਸੇ ਤਰ੍ਹਾਂ ਮਨੁੱਖ ਵਿਕਾਰਾਂ ਦਾ ਚਿੰਤਨ ਛੱਡ ਕੇ ਪਰਮਾਤਮਾ ਦਾ ਚਿੰਤਨ ਕਰਨਾ ਚਾਹੁੰਦਾ ਹੈ। ਪਰ ਨਹੀ ਹੋ ਰਿਹਾ, ਇਹ ਸਭ ਵੇਗ ਦੀ ਮਹੱਤਤਾ ਹੈ। ਜਿਸ ਤਰ੍ਹਾਂ ਸੜਕ ਰਾਹੀਂ ਸਫਰ ਕਰਦੇ ਸਮੇਂ ਰਸਤੇ ਵਿੱਚ ਕੋਈ ਤਿੱਖਾ ਮੋੜ, ਪੁੱਲ, ਸਕੂਲ, ਹਸਪਤਾਲ ਆਦਿ ਆਉਂਦੇ ਹਨ ਤਾਂ ਇਹਨਾਂ ਦੇ ਆਉਣ ਤੋਂ ਪਹਿਲਾਂ ਖੰਬੇਂ ਉੱਪਰ ਸਾਵਧਾਨੀ ਦਾ ਬੋਰਡ (Sign Board) ਲੱਗਾ ਹੁੰਦਾ ਹੈ ਤਾਂ ਜੋ ਡਰਾਈਵਰ ਆਪਣੇ ਵਾਹਨ ਦਾ ਵੇਗ ਘੱਟ ਕਰ ਸਕੇ ਅਤੇ ਉਸ ਸਥਾਨ ਤੋਂ ਸੁਰੱਖਿਅਤ ਲੰਘ ਸਕੇ। ਖਤਰੇ ਵਾਲੀ ਜਗ੍ਹਾਂ ਤੇ ਪਹੁੰਚ ਕੇ ਇਕਦਮ ਵਾਹਨ ਦੇ ਵੇਗ ਨੂੰ ਕੰਟਰੋਲ ਨਹੀਂ ਕੀਤਾ ਜਾ ਸਕਦਾ। ਠੀਕ ਇਸੇ ਤਰ੍ਹਾਂ ਕੀ ਕਰਨਾ ਹੈ ਜਾਂ ਕੀ ਨਹੀ ਕਰਨਾ ਇਸ ਬਿਬੇਕ ਲਈ ਕੁਝ ਸਮਾਂ ਚਾਹੀਦਾ ਹੈ। ਡਾ. ਜੋਧ ਸਿੰਘ ਲਿਖਦੇ ਹਨ ਬਬੇਕ ਬੁੱਧੀ ਉਸਾਰੂ ਬਿਰਤੀ ਪੈਦਾ ਕਰਦੀ ਹੈ ਅਤੇ ਸੰਸਾਰ ਭਰ ਦੇ ਪਰੋਪਕਾਰੀ ਕਰੁਣਾਪੂਰਨ ਮਹਾਂਪੁਰਥ ਇਸ ਦੇ ਉਦਾਹਰਣ ਹਨ। ਮਨੁੱਖ ਤਾਂ ਆਪਣੇ ਚਲ ਰਹੇ ਕਾਮ, ਕ੍ਰੋਧ, ਲੋਭ ਆਦਿ ਵੇਗਾਂ ਨੂੰ ਰੋਕਣ ਦੇ ਅਸਮਰੱਥ ਹੁੰਦਾ ਹੈ। ਜੇ ਮਨੁੱਖ ਚਾਹੇ ਤਾਂ ਵੀ ਉਹ ਵਿਕਾਰਾਂ ਤੋਂ ਬਾਹਰ ਨਹੀਂ ਆ ਸਕਦਾ। ਜਿਵੇਂ ਅਸਿੱਖਿਅਤ ਜਾਨਵਰ ਕਾਬੂ ਆਉਣਾ ਮੁਸ਼ਕਿਲ ਹੁੰਦਾ ਹੈ, ਜਲ ਦੇ ਵੇਗ ਨਾਲ ਵਗਦੀ ਨਦੀ ਨੂੰ ਰੋਕਣਾ ਮੁਸ਼ਕਿਲ ਹੈ। ਇਹ ਰੋਕਿਆ ਤਾ ਜਾ ਸਕਦਾ ਹੈ ਪਰ ਬਬੇਕ ਦੁਆਰਾ। ਇਸ ਲਈ ਇਸ ਵੇਗ ਨੂੰ ਰੋਕਣ ਵਾਸਤੇ, ਜੋ ਮਨੁੱਖ ਨੂੰ ਪਹਿਲਾਂ ਹੀ ਅਗਾਹ ਕਰ ਦੇਵੇ, ਕੋਈ ਸਤਿ ਨੂੰ ਜਾਨਣ ਵਾਲਾ ਬਬੇਕੀ ਮਹਾਂਪੁਰਖ ਹੋਣਾ ਜ਼ਰੂਰੀ ਹੈ। ਆਮ ਲੋਕਾਂ ਲਈ ਮਹਾਂਪੁਰਖ ਹੀ ਜੀਵਨ ਦਾ ਆਦਰਸ਼ ਹੁੰਦਾ ਹੈ। ਇਸ ਲਈ ਧਰਮ ਦਾ ਪਹਿਲਾ ਸਰੂਪ ਇਹੀ ਹੈ ਕਿ ਮਨੁੱਖ ਮਹਾਂਪੁਰਖ ਦੇ ਬਚਨਾਂ ਅਨੁਸਾਰ ਅਤੇ ਧਰਮ ਗ੍ਰੰਥ ਅਨੁਸਾਰ ਆਪਣੇ ਮਨ ਦੇ ਇਸ ਵੇਗ ਨੂੰ ਰੋਕ ਕੇ ਬਬੇਕ ਅਨੁਸਾਰ ਕਰਮ ਕਰੇ। ਮਹਾਨ ਪੁਰਖ ਬਹੁਤ ਸ਼ਾਂਤ ਅਤੇ ਕਰੁਣਾਮਈ ਹੁੰਦੇ ਹਨ। ਉਹ ਆਪਣੇ ਵਿਵਹਾਰ ਦੁਆਰਾ ਵਿਕਾਰਾਂ ਦੀ ਅੱਗ ਨਾਲ ਝੁਲਸ ਰਹੇ ਲੋਕਾਂ ਨੂੰ ਬਬੇਕ ਦੁਆਰਾ ਸ਼ਾਂਤ ਕਰਦੇ ਹਨ। ਕਿਉਂਕਿ ਜਿਸ ਵਸਤੂ ਦਾ ਜੋ ਧਰਮ ਹੈ ਉਹ ਆਪਣੇ ਧਰਮ ਨੂੰ ਕਦੇ ਨਹੀ ਛੱਡਦੀ ਜਿਸ ਤਰ੍ਹਾਂ ਜਲ ਦਾ ਧਰਮ ਸੀਤਲਤਾ ਹੈ, ਉਸਨੂੰ ਜਿੰਨ੍ਹਾਂ ਵੀ ਗਰਮ ਕਰੋ ਉਹ ਅਖੀਰ ਵਿੱਚ ਸ਼ੀਤਲ ਹੋ ਜਾਂਦਾ ਹੈ। ਇਸੇ ਤਰ੍ਹਾਂ ਬਬੇਕ ਬੁੱਧ ਤਾਂ ਮਹਾਂਪੁਰਖਾਂ ਦਾ ਪ੍ਰਮੁੱਖ ਗੁਣ ਹੁੰਦਾ ਹੈ। ਉਹਨਾਂ ਨੇ ਹੰਸ ਵਾਂਗ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਕਰਕੇ ਵੇਖਿਆ ਹੁੰਦਾ ਹੈ। ਉਹਨਾਂ ਨੂੰ ਇਸ ਅਸਾਰ ਜਗਤ ਵਿੱਚ ਸਾਰ ਤੱਤ ਸਿਰਫ ਸਤਿ ਨਜ਼ਰ ਆਉਂਦਾ ਹੈ। ਉਹ ਉਸ ਸਤਿ ਨੂੰ ਹੀ ਸਾਰੇ ਜਗਤ ਵਿੱਚ ਵੇਖਦੇ ਹਨ। ਆਪਣੇ ਬਬੇਕ ਦੁਆਰਾ ਵਿਕਾਰਾਂ ਨਾਲ ਖਚਿਤ ਲੋਕਾਂ ਨੂੰ ਸਹੀ ਰਾਹੇ ਪਾਉਂਦੇ ਹਨ। ਸੰਸਾਰ ਦੇ ਖਿੰਨਭੰਗਰ ਸੁੱਖਾਂ ਦੀ ਅਸਲੀਅਤ ਨੂੰ ਸਮਝਾਉਂਦੇ ਹੋਏ ਆਪਣੇ ਨੈਤਿਕ ਫਰਜ਼ ਨੂੰ ਨਿਭਾਉਂਦੇ ਹਨ। ਉਹ ਮਨ ਵਚਨ-ਕਰਮ ਦੁਆਰਾ ਇਸ ਸੰਸਾਰ ਦੀ ਸੇਵਾ ਕਰਦੇ ਹਨ ਕਿਉਂਕਿ ਉਹਨਾਂ ਦੀ ਬਬੇਕ ਬੁੱਧੀ ਜਾਗ੍ਰਤ ਹੋ ਚੁੱਕੀ ਹੁੰਦੀ ਹੈ। ਉਸ ਜਾਗ੍ਰਤ ਬੁੱਧੀ ਨਾਲ ਉਹ ਪਰਮ ਸਤਿ ਨੂੰ ਜਾਣ ਚੁੱਕੇ ਹੁੰਦੇ ਹਨ ਅਤੇ ਆਨੰਦਮਈ ਅਵਸਥਾ ਵਿੱਚ ਰਹਿੰਦੇ ਹਨ। ਉਹਨਾਂ ਦਾ ਹਰ ਕਰਮ ਆਨੰਦ ਦੇਣ ਵਾਲਾ ਹੁੰਦਾ ਹੈ। ਉਹਨਾਂ ਦੇ ਬਚਨਾਂ ਤੋਂ ਕਰਮਾਂ ਤੋਂ ਆਨੰਦ ਹੀ ਆਨੰਦ ਮਹਿਸੂਸ ਹੁੰਦਾ ਹੈ। ਉਹਨਾਂ ਕੋਲ ਬੈਠਣ ਨਾਲ ਵੀ ਮਨ ਸ਼ਾਂਤ ਹੁੰਦਾ ਹੈ। ਇਹ ਇਸ ਕਰਕੇ ਹੁੰਦਾ ਹੈ ਕਿਉਂਕਿ ਬਬੇਕ ਬੁੱਧੀ ਨੂੰ ਪ੍ਰਾਪਤ ਹੋਏ ਮਨੁੱਖ ਦੀ ਬਿਰਤੀ ਹਮੇਸ਼ਾ ਉਸਾਰੂ ਬਿਰਤੀ ਹੁੰਦੀ ਹੈ। ਉਸਨੂੰ ਕਿਸੇ ਧਰਮ ਗ੍ਰੰਥ ਜਾਂ ਧਰਮ ਅਸਥਾਨ ਵਿੱਚ ਕੋਈ ਫਰਕ ਨਜ਼ਰ

ਨਹੀਂ ਆਉਂਦਾ। ਉਹ ਧਰਮ ਦੇ ਬਾਹਰੀ ਪੱਖ ਨੂੰ ਤਰਜੀਹ ਨਹੀ ਦੇਂਦਾ ਪਰ ਉਹ ਮਾਨਵਤਾ ਨੂੰ ਕਦੇ ਨਹੀ ਭੁੱਲਦਾ।

ਸ਼ੁੱਧ ਬਬੇਕ ਬੁੱਧੀ ਵਾਲਾ ਮਹਾਂਪੁਰਖ, ਜਿਸ ਸਮਾਜ ਵਿਚ ਵਿਚਰਦਾ ਹੈ ਉਹ ਸਮਾਜ ਆਪਸੀ ਵੈਰ-ਵਿਰੋਧ, ਸੁਆਰਥੀ, ਭੌਤਿਕਤਾ ਦੀ ਦੌੜ ਵਿੱਚ ਲੀਨ ਹੁੰਦਾ ਹੈ। ਇਸ ਕਰਕੇ ਇਹ ਸਮਾਜ ਬਬੇਕ ਬੁੱਧੀ ਵਾਲੇ ਮਹਾਂਪੁਰਖ ਨੂੰ ਆਪਣੇ ਤੋਂ ਉਲਟ ਚਲਦਿਆਂ ਦੇਖਕੇ ਉਸਨੂੰ ਤੰਗ ਕਰਦਾ ਹੈ। ਇਸ ਦੀਆਂ ਅਨੇਕਾਂ ਉਦਾਹਰਣਾਂ ਸਾਡੇ ਸਾਹਮਣੇ ਹਨ। ਅੱਜ ਸਮਾਜ ਵਿੱਚ ਜੋ ਗਲਤ ਹੋ ਰਿਹਾ ਹੈ, ਇਸ ਤੋਂ ਪਹਿਲਾਂ ਜੋ ਗਲਤ ਹੁੰਦਾ ਆਇਆ ਹੈ ਉਹ ਦੁਸ਼ਟ ਬਿਰਤੀ ਵਾਲੇ ਲੋਕਾਂ ਦਾ ਅਗਿਆਨਤਾ ਪੂਰਨ ਕਰਮ ਹੈ। ਇਸ ਬਿਰਤੀ ਦੇ ਲੋਕ ਕਿਸੇ ਦੇ ਹੋ ਰਹੇ ਸਹੀ ਕੰਮ ਨੂੰ ਵਿਗਾੜਦੇ ਹਨ, ਵਾਅਦਾ ਖਿਲਾਫੀ ਕਰਦੇ ਹਨ, ਕਤਲ ਕਰਨਾ, ਤਸੀਹੇ ਦੇ ਕੇ ਮਾਰਨਾ, ਫਾਂਸੀ ਤੇ ਲਟਕਾ ਦੇਣਾ, ਜਹਿਰ ਪਿਆ ਦੇਣਾ ਆਦਿ ਉਦਾਹਰਣਾਂ ਪ੍ਰਮੁੱਖ ਰੂਪ ਵਿੱਚ ਸਾਡੇ ਸਾਹਮਣੇ ਹਨ। ਕੁਦਰਤ ਇਹੋ ਜਿਹੇ ਦੁਸ਼ਟਾਂ ਦੇ ਵਿਨਾਸ਼ ਲਈ ਅਤੇ ਦੁਸ਼ਟਤਾ ਦੇ ਖਾਤਮੇ ਲਈ ਕੋਈ ਨਾ ਕੋਈ ਸ੍ਰੀ ਰਾਮ, ਸ੍ਰੀ ਕ੍ਰਿਸ਼ਨ, ਗੁਰੂ ਗੋਬਿੰਦ ਸਿੰਘ ਜੀ ਅਤੇ ਬੰਦਾ ਸਿੰਘ ਬਹਾਦਰ ਨੂੰ ਭੇਜ ਦਿੰਦੀ ਹੈ। ਬਬੇਕ ਬੁੱਧ ਵਾਲਾ ਭਾਵੇਂ ਸਭ ਅੰਦਰ ਪਰਮਾਤਮਾ ਦੀ ਜੋਤਿ ਅਨੁਭਵ ਕਰਦਾ ਹੈ ਪਰ ਉਸ ਦੀ ਦ੍ਰਿਸ਼ਟੀ ਅਤੇ ਵਿਵਹਾਰ ਵਿੱਚ ਹਮੇਸ਼ਾ ਫਰਕ ਹੁੰਦਾ ਹੈ। ਜਾਨਵਰ ਅੰਦਰ ਪਰਮਾਤਮਾ ਦੀ ਜੋਤਿ ਦੇਖੀ ਜਾ ਸਕਦੀ ਹੈ ਪਰ ਉਸ ਨਾਲ ਬੈਠ ਕੇ ਖਾਣਾ ਨਹੀ ਖਾਧਾ ਜਾ ਸਕਦਾ। ਇਹ ਵਿਵਹਾਰ ਹੈ। ਜਦੋਂ ਮਨੁੱਖ ਦ੍ਰਿਸ਼ਟੀ ਅਤੇ ਵਿਵਹਾਰ ਨੂੰ ਇੱਕ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਸਮਾਜ ਵਿੱਚ ਉਥਲ-ਪੁੱਥਲ ਹੁੰਦੀ ਹੈ। ਗੈਰ ਇਸਤਰੀ ਨੂੰ ਮਾਂ ਦੀ ਨਜ਼ਰ ਨਾਲ ਦੇਖਿਆ ਜਾ ਸਕਦਾ ਹੈ ਪਰ ਆਪਣੀ ਮਾਂ ਵਰਗਾ ਵਿਵਹਾਰ ਉਸ ਨਾਲ ਨਹੀ ਹੋ ਸਕਦਾ। ਬਬੇਕੀ ਪੁਰਖ ਇਸ ਤੱਥ ਨੂੰ ਜਾਣਦਾ ਹੈ। ਇਸ ਲਈ ਉਹ ਸਾਰੀ ਸ੍ਰਿਸ਼ਟੀ ਲਈ ਭਲਾ ਸੋਚਦਾ ਹੈ ਅਤੇ ਭਲਾ ਕਰਦਾ ਹੈ, ਪਰ ਵਿਵਹਾਰਿਕ ਜੀਵਨ ਵਿੱਚ ਉਸ ਨੂੰ ਦੁਸ਼ਟ ਅਤੇ ਸੱਜਣ ਵਿੱਚ ਇੱਕ ਸੀਮਾ ਰੇਖਾ ਖਿਚਣੀ ਪੈਂਦੀ ਹੈ। ਜੇ ਇਸ ਤਰ੍ਹਾਂ ਉਹ ਨਹੀ ਕਰਦਾ ਤਾਂ ਦੁਨੀਆਂ ਵਿੱਚ ਨੈਤਿਕਤਾ ਖਤਮ ਹੋ ਜਾਵੇਗੀ। ਭਲੇ-ਬੁਰੇ ਵਿੱਚ ਫਰਕ ਖਤਮ ਹੋ ਜਾਵੇਗਾ। ਮਾਂ-ਬਾਪ, ਭੈਣ-ਭਰਾ, ਗੁਰੂ ਆਦਿ ਵਿੱਚ ਫਰਕ ਖਤਮ ਹੋਣ ਨਾਲ ਸਦਾਚਾਰ ਖਤਮ ਹੋ ਜਾਵੇਗਾ। ਖਿਮਾਂ ਜੋ ਗੁਣ ਹੈ ਅਵਗੁਣ ਬਣ ਜਾਵੇਗਾ। ਬੁਰਾਈ ਦਿਨ ਪ੍ਰਤੀਦਿਨ ਵੱਧਦੀ ਜਾਵੇਗੀ। ਇਸ ਤਰ੍ਹਾਂ ਬਬੇਕੀ ਦੇ ਜੀਵਨ ਦਾ ਮਕਸਦ ਸਮਾਪਤ ਹੋ ਜਾਵੇਗਾ। ਇਸ ਲਈ ਬਬੇਕੀ ਪੁਰਖ ਆਪਣੇ ਵਿਵਹਾਰ ਨੂੰ ਸ਼ੁੱਧ ਰੱਖਦਾ ਹੈ। ਉਹ ਆਪਣੀ ਪੂਰੀ ਸ਼ਕਤੀ ਸਮਾਜ ਦੇ ਉਸ ਵਰਗ ਲਈ ਲੱਗਾ ਦਿੰਦਾ ਹੈ ਜੋ ਅਗਿਆਨਤਾ ਦੇ ਅੰਧਕਾਰ ਕਾਰਨ ਦੁਖੀ ਹੈ। ਆਮ ਮਨੁੱਖ ਭੌਤਿਕ ਸੁੱਖ ਨੂੰ ਹੀ ਅਸਲ ਵਿੱਚ ਸੁੱਖ ਸਮਝਦਾ ਹੈ, ਪਰ ਅਸਲ ਵਿੱਚ ਇਹ ਹੁੰਦਾ ਨਹੀਂ । ਬਬੇਕੀ ਪੁਰਖ ਆਮ ਜਨਤਾ ਨੂੰ ਇਸ ਭੇਦ ਤੋਂ ਵਾਕਿਫ ਕਰਾਉਂਦਾ ਹੈ ਕਿ ਇਹ ਅਗਿਆਨਤਾ ਕਾਰਣ ਹੈ ਇਸ ਲਈ ਉਹ ਇਸ ਜਗਤ ਦੀ ਅਸਲ ਵਿਆਖਿਆ ਕਰਦਾ ਹੈ।

ਜਿਉ ਸੁਪਨਾ ਅਰੁ ਪੇਖਨਾ ਐਸੇ ਜਰਾ ਕਉ ਜਾਨਿ॥
ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ॥

ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ॥
ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ॥

ਇਸਦਾ ਅਰਥ ਇਹ ਬਿਲਕੁਲ ਨਹੀਂ ਕਿ ਜਗਤ ਨੂੰ ਛੱਡ ਕੇ, ਕਰਮ ਨੂੰ ਛੱਡ ਕੇ ਵਿਹਲੜ ਬਣਿਆ ਜਾਵੇ। ਇਸ ਦਾ ਅਸਲ ਅਰਥ ਇਹ ਹੈ ਕਿ ਜਦੋਂ ਵੀ ਕੋਈ ਕਰਮ ਕਰਨ ਵਾਲਾ ਪੁਰਖ ਧਿਆਨ ਨਾਲ ਕਰਮ ਕਰਦਾ ਹੈ ਤਾਂ ਉਹ ਉਸ ਕਰਮ ਨੂੰ ਵਧੀਆ ਤਰੀਕੇ ਨਾਲ ਕਰ ਲੈਂਦਾ ਹੈ, ਜੇ ਸਾਵਧਾਨ ਹੋ ਕੇ ਨਹੀ ਕਰਦਾ ਤਾਂ ਉਸ ਲਈ ਉਹ ਕਰਮ ਹੀ ਉਸਦੇ ਵਿਨਾਸ਼ ਦਾ ਕਾਰਣ ਬਣ ਜਾਂਦਾ ਹੈ, ਜੇ ਹਵਾਈ ਜਹਾਜ ਧਿਆਨ ਨਾਲ ਚਲਾਇਆ ਜਾਵੇ ਤਾਂ ਉਹ ਮਨੁੱਖੀ ਸਮੇਂ ਦੀ ਬਚਤ ਕਰਦਾ ਹੈ, ਪਰ ਜੇ ਥੋੜਾ ਜਿਹਾ ਧਿਆਨ ਹਟਿਆ ਤਾਂ ਮਨੁੱਖ ਦੇ ਵਿਨਾਸ਼ ਦਾ ਕਾਰਣ ਬਣ ਜਾਂਦਾ ਹੈ, ਉਸੇ ਤਰ੍ਹਾਂ ਇਹ ਜਗਤ ਪਰਮਾਤਮਾ ਨੇ ਮਨੁੱਖ

ਦੀ ਖੁਸ਼ੀ ਲਈ ਬਣਾਇਆ ਹੈ। ਜੋ ਇਸ ਵਿੱਚ ਕਮਲ ਦੇ ਫੁੱਲ ਵਾਂਗ ਰਹਿੰਦਾ ਹੈ ਉਹ ਇਸ ਜਗਤ ਦਾ ਆਨੰਦ ਮਾਣਦਾ ਹੋਇਆ ਅੰਤ ਉਸ ਪਰਮਾਤਮਾ ਵਿਚ ਜਾ ਮਿਲਦਾ ਹੈ।

ਧਰਮ ਕਿਸੇ ਨੂੰ ਬੁਰਾ ਨਹੀਂ ਬਣਾਉਂਦਾ ਬਲਕਿ ਬੁਰੇ ਤੋਂ ਬੁਰੇ ਮਨੁੱਖ ਅੰਦਰ ਵੀ ਚੰਗਿਆਈ ਲੱਭ ਕੇ ਉਸਨੂੰ ਉਸ ਤੋਂ ਅੱਗੇ ਵੱਧਣ ਦੀ ਪ੍ਰੇਰਣਾ ਦਿੰਦਾ ਹੈ। ਹਰੇਕ ਧਰਮ ਵਿੱਚ ਇਸ ਲਈ ਆਪਣੇ-ਆਪਣੇ ਰਸਤੇ ਹਨ ਪਰ ਮੁਕਾਮ ਸਭ ਦਾ ਇੱਕ ਹੈ। ਧਰਮ ਹਮੇਸ਼ਾ ਮਨੁੱਖ ਦੀ ਬਬੇਕ ਬੁੱਧੀ ਨੂੰ ਜਾਗ੍ਰਤ ਕਰਕੇ ਉਸਨੂੰ ਭੌਤਿਕ ਅਤੇ ਅਧਿਆਤਮਿਕ ਤੌਰ ਤੇ ਸੁਤੰਤਰ ਬਣਾਉਂਦਾ ਹੈ। ਗੁਰੂ ਨਾਨਕ ਸਾਹਿਬ ਨੇ ਇਸ ਲਈ ਜੋ ਰਸਤਾ ਅਪਣਾਇਆ ਉਹ ਸੰਬਾਦ ਦਾ ਰਸਤਾ ਸੀ। ਉਹ ਜਿੱਥੇ ਵੀ ਗਏ ਉਹਨਾਂ ਸੰਬਾਦ ਰਚਾਇਆ। ਗੁਰੂ ਸਾਹਿਬ ਜਾਗ੍ਰਤ ਬਬੇਕ ਦੇ ਧਨੀ ਸਨ। ਉਹਨਾਂ ਦੇ ਵਿਅਕਤੀਤਵ ਦੀ ਕਿੰਨੀ ਖਿੱਚ ਹੋਵੇਗੀ ਕੀ ਜਿਹੜਾ ਮਨੁੱਖ ਉਹਨਾਂ ਨੂੰ ਇੱਕ ਵਾਰੀ ਮਿਲਿਆ ਉਸਦੀ ਜ਼ਿੰਦਗੀ ਬਦਲ ਗਈ। ਉਹਨਾਂ ਦੇ ਸੰਬਾਦ ਦਾ ਕੀ ਤਰੀਕਾ ਰਿਹਾ ਹੋਵੇਗਾ? ਜਿਸ ਨੂੰ ਸਾਰਿਆਂ ਨੇ ਸਵੀਕਾਰ ਕੀਤਾ। ਇਹ ਜਾਗ੍ਰਤ ਬਬੇਕ ਬੁੱਧੀ ਵਾਲੇ ਦਾ ਪ੍ਰਮੁੱਖ ਲੱਛਣ ਹੈ। ਜਾਗ੍ਰਤ ਬਬੇਕ ਬੁੱਧੀ ਵਾਲਾ ਮਹਾਂਪੁਰਖ ਜਿਸਨੇ ਸਮਾਜ ਨਾਲ ਪ੍ਰੇਮ ਭਰਪੂਰ ਸੰਬਾਦ ਰਚਾਇਆ ਅਤੇ ਸਮਾਜਿਕ ਪ੍ਰਾਣੀਆਂ ਦੀ ਬਬੇਕ ਬੁੱਧੀ ਜਾਗ੍ਰਤ ਕੀਤੀ। ਪਹਿਲੇ ਉਹ ਖੁਦ ਆਪਣੇ ਆਪ ਨਾਲ ਸੰਬਾਦ ਰਚਾਉਂਦਾ ਹੈ। ਉਹ ਕਿਸੇ ਮਤ-ਮਤਾਂਤਰ ਵਿੱਚ ਖੰਡਨ-ਮੰਡਨ ਵਿੱਚ ਨਾ ਫੱਸ ਕੇ ਆਪਣੀ ਪੜਚੋਲ ਕਰਦਾ ਹੈ। ਆਪਣੇ ਚੰਗੇ ਅਤੇ ਮਾੜੇ ਕਰਮਾਂ ਦਾ ਲੇਖਾ-ਜੋਖਾ ਜਦੋਂ ਤੱਕ ਮਨੁੱਖ ਖੁਦ ਨਹੀਂ ਕਰਦਾ ਉਦੋਂ ਤੱਕ ਉਸਦੀ ਬਬੇਕ ਬੁੱਧ ਜਾਗ੍ਰਤ ਨਹੀਂ ਹੋ ਸਕਦੀ।

ਆਪਣੇ ਨਿੱਜ ਸੰਬਾਦ ਨਾਲ ਹੀ ਆਪਣੀ ਹਉਮੈ ਬਾਰੇ ਪਤਾ ਚੱਲਦਾ ਹੈ। ਹਉਮੈ ਦੁਆਰਾ ਸਿਰਜਿਆ ਸਾਰਾ ਸੰਸਾਰ ਨਜ਼ਰ ਆਉਂਦਾ ਹੈ। ਇਹ ਹਉਮੈ ਨੂੰ ਖ਼ਤਮ ਕਰਨਾ ਅਤੇ ਹਉਮੈ ਦੁਆਰਾ ਆਪਣੇ ਮਨ ਅੰਦਰ ਇੱਕਠਾ ਕੀਤਾ ਕੂੜ-ਕਬਾੜ ਨਜ਼ਰ ਆਉਂਦਾ ਹੈ। ਉਹ ਇਸ ਗੱਲ ਨੂੰ ਸਪੱਸ਼ਟ ਰੂਪ ਵਿੱਚ ਜਾਣ ਲੈਂਦਾ ਹੈ ਕਿ ਇਸ ਮਨ ਦੇ ਕੂੜ ਨੂੰ ਖ਼ਤਮ ਕੀਤੇ ਬਗੈਰ ਬੁੱਧ ਨਿਰਮਲ ਨਹੀ ਹੋ ਸਕਦੀ। ਜਦੋਂ ਤੱਕ ਅੰਦਰ ਦਾ ਸੰਬਾਦ ਸਾਰਥਕ ਨਹੀਂ ਹੁੰਦਾ ਉਦੋਂ ਤੱਕ ਬਾਹਰ ਦਾ ਸੰਬਾਦ ਸਾਰਥਕ ਕਦੇ ਨਹੀਂ ਹੋ ਸਕਦਾ। ਗੁਰੂ ਨਾਨਕ ਸਾਹਿਬ ਨਾਲ ਜੋ ਸਿੱਧਾਂ ਅਤੇ ਯੋਗੀਆਂ ਨੇ ਸੰਬਾਦ ਕੀਤਾ ਤਾਂ ਉਹ ਵੀ ਗੁਰੂ ਜੀ ਦੇ ਸ਼ਰਧਾਲੂ ਹੋ ਗਏ। ਇਸਦਾ ਮੁੱਖ ਕਾਰਣ ਅੰਦਰ ਸੰਬਾਦ ਦਾ ਪੱਕਾ ਹੋਣਾ ਹੈ। ਅੰਦਰੋਂ ਸਾਰਥਖ ਸੰਬਾਦ ਦਾ ਭਾਵ ਇਹ ਹੈ ਕਿ ਆਪਣੀ ਹਉਮੈ ਦੀ ਪਹਿਚਾਣ ਕਰਨੀ।

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥

ਭੌਤਿਕ ਹਉਮੈ (ਬਾਹਰ ਦੀ ਹਉਮੈ) ਤਾਂ ਰੋਗ ਹੈ ਇਸ ਨਾਲ ਕਾਮ, ਕ੍ਰੋਧ, ਮੋਹ, ਲੋਭ ਆਦਿ ਹਨ, ਪਰ ਅੰਦਰ ਹੀ ਹਉਮੈ (ਅਸਲ ਮੈਂ, ਆਤਮਿਕ ਮੈਂ) ਨੂੰ ਜਾਣ ਲੈਣ ਨਾਲ ਸਾਰੇ ਰੋਗ ਦੂਰ ਹੋ ਜਾਂਦੇ ਹਨ। ਧਰਮ ਤੋਂ ਮੋਕਸ਼ ਦੀ ਯਾਤਰਾ ਇਹੀ ਹੈ ਕੀ ਧਰਮ ਤੇ ਚੱਲ ਕੇ ਮਨੁੱਖ ਆਪਣੀ ਅਸਲ ਮੈਂ ਨੂੰ ਜਾਣ ਲੈਂਦਾ ਹੈ। ਅਸਲ ਮੈਂ ਨੂੰ ਜਾਣਨ ਨਾਲ ਸਾਰੇ ਰੋਗ (ਕਾਮ, ਕ੍ਰੋਧ ਆਦਿ) ਦੂਰ ਹੋ ਜਾਂਦੇ ਹਨ। ਇਹੀ ਹੈ ਮਨ ਦੇ ਵੇਗ ਨੂੰ ਰੋਕਣਾ। ਮਨ ਦੇ ਵੇਗ ਨੂੰ ਰੋਕਣ ਲਈ ਮਨ ਦੇ ਸਰੂਪ ਨੂੰ ਜਾਣਨਾ ਵੀ ਬੇਹਦ ਜ਼ਰੂਰੀ ਹੈ।

ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲੁ ਪਛਾਣੁ॥

ਮਨ ਪਰਮਾਤਮਾ ਦੀ ਅੰਸ਼ ਹੈ ਇਸ ਲਈ ਜਦੋਂ ਬਿਰਤੀ ਅੰਤਰਮੁਖੀ ਹੋ ਜਾਂਦੀ ਹੈ ਤਾਂ ਮਨ ਆਪਣੇ ਜੋਤਿ ਰੂਪ ਪਰਮਾਤਮਾ ਨੂੰ ਪਛਾਣ ਲੈਂਦਾ ਹੈ। ਆਪਣੇ ਮੂਲ ਸਰੂਪ ਨੂੰ ਪਛਾਣਨਾ ਹੀ ਧਰਮ ਹੈ। ਇਸ ਲਈ ਜਾਗ੍ਰਤ ਬਬੇਕ ਬੁੱਧ ਵਾਲੇ ਮਹਾਂਪੁਰਖ ਦੀ ਗੱਲ ਨੂੰ ਮੰਨਣਾ ਪਵੇਗਾ। ਜਦੋਂ ਤੱਕ ਮਨ ਦੀ ਬਾਹਰਮੁਖੀ ਬਿਰਤੀ ਨੂੰ ਅੰਤਰਮੁਖੀ ਨਹੀਂ ਕੀਤਾ ਜਾਂਦਾ ਇਹ ਗੱਲ ਸਮਝ ਨਹੀਂ ਆ ਸਕਦੀ। ਜੇ ਕੋਈ ਬੱਚਾ ਸਕੂਲ ਪੜਨ ਜਾਵੇ, ਅਧਿਆਪਕ ਉਸਨੂੰ ਪਹਿਲੇ ਦਿਨ 'ੳ' ਪੜਾਵੇ ਤਾਂ ਉਹ ਬੱਚਾ ਬਾਰ-ਬਾਰ ਇਹ ਪੁੱਛੇ ਕਿ ਇਸਨੂੰ 'ੳ' ਕਿਉਂ ਕਹਿੰਦੇ ਹਨ। ਕੀ ਅਧਿਆਪਕ ਬੱਚੇ ਨੂੰ ਕਦੇ ਇਸ ਪ੍ਰਸ਼ਨ ਦਾ ਉੱਤਰ ਦੇ ਸਕਦਾ ਹੈ? ਜੇ ਅਧਿਆਪਕ ਉਸਨੂੰ ਸਮਝਾਵੇ ਤਾਂ ਕੀ ਸਮਝਾਇਆ ਜਾ ਸਕਦਾ ਹੈ। ਭਾਵ ਇਹ ਕਿ ਪਹਿਲੇ ਦਿਨ ਤੋਂ ਹੀ ਬੱਚਾ ਕਿੰਤੂ-ਪਰੰਤੂ, ਕਿਉਂ-ਕਿਵੇਂ ਆਦਿ ਤਰਕ ਕਰਨ ਲੱਗ ਪਵੇ ਤਾਂ ਕਈ ਜਨਮਾਂ ਵਿੱਚ ਵੀ ਉਸਨੂੰ ਇਹ ਸਮਝ ਨਹੀਂ ਆ ਸਕਦਾ ਅਤੇ ਨਾ ਹੀ ਉਸਨੂੰ ਕੋਈ ਸਮਝਾ ਸਕਦਾ ਹੈ। ਇਸ ਤਰ੍ਹਾਂ ਨਾਲ ਉਹ ਬੱਚਾ

ਆਪਣੇ ਜੀਵਨ ਵਿੱਚ ਅਗਿਆਨਤਾ ਦੇ ਅੰਧਕਾਰ ਵਿੱਚ ਚਲਾ ਜਾਵੇਗਾ। ਇਸ ਲਈ ਪਹਿਲੇ ਬੱਚੇ ਨੂੰ ਚਾਹੀਦਾ ਹੈ ਕਿ ਕਿ ਉਹ ਕਿੰਤੂ-ਪਰੰਤੂ ਕੀਤੇ ਬਗੈਰ ਅਧਿਆਪਕ ਦੇ ਉਪਦੇਸ਼ ਨੂੰ ਸਵੀਕਾਰ ਕਰੇ। ਇਸ ਤਰ੍ਹਾਂ ਕਰਨ ਨਾਲ ਥੋੜੇ ਦਿਨਾਂ ਵਿੱਚ ਹੀ ਬੱਚਾ ਬੁੱਧੀਮਾਨ ਹੋ ਕੇ ਇਹ ਸਮਝ ਜਾਵੇਗਾ 'ੳ' ਕਹਿਣ ਦਾ ਕੀ ਅਰਥ ਹੈ। ਏਸੇ ਤਰ੍ਹਾਂ ਜਾਗ੍ਰਤ ਬਬੇਕ ਬੁੱਧ ਵਾਲੇ ਮਹਾਂਪੁਰਖ ਦੀ ਗੱਲ ਨੂੰ ਮੰਨਣਾ ਪਵੇਗਾ, ਉਸ ਦੁਆਰਾ ਸੁਝਾਇਆ ਗਿਆ ਧਰਮ ਗ੍ਰੰਥ ਨੂੰ ਪੜ ਕੇ ਉਸ ਅਨੁਸਾਰ ਆਪਣਾ ਜੀਵਨ ਬਣਾਉਣਾ ਪਵੇਗਾ। ਇਸ ਤਰ੍ਹਾਂ ਨਾਲ ਮਨੁੱਖ ਦੀ ਵਿਚਾਰ ਸ਼ਕਤੀ ਦਾ ਵਿਕਾਸ ਹੋਣ ਦੇ ਨਾਲ ਉਸਨੂੰ 'ਪਰਮ ਤੱਤ' ਜਾਂ 'ਧਰਮ' ਦਾ ਗਿਆਨ ਹੋ ਜਾਵੇਗਾ।

ਕਈ ਵਾਰ ਇਹ ਪ੍ਰਸ਼ਨ ਵੀ ਪੈਦਾ ਹੁੰਦਾ ਹੈ ਕਿ ਕਿਸ ਧਰਮ ਅਨੁਸਾਰ ਕਰਮ ਕਰੀਏ, ਕਿਸ ਧਰਮ ਗ੍ਰੰਥ ਨੂੰ ਮੰਨਣਾ ਚਾਹੀਦਾ ਹੈ। ਇਸ ਦਾ ਉੱਤਰ ਇਹ ਹੈ ਕਿ ਜਿਵੇਂ ਕਿਸੇ ਨੂੰ ਅੰਮ੍ਰਿਤਸਰ ਜਾਣਾ ਹੈ, ਪਰ ਜਾਣ ਵਾਸਤੇ ਤਿੰਨ ਮਾਰਗ ਹਨ। ਤਿੰਨਾਂ ਮਾਰਗਾਂ ਤੇ ਚਲਣ ਵਾਲੇ ਇਹੀ ਕਹਿ ਰਹਿ ਰਹੇ ਹਨ ਕਿ ਜਿਸ ਮਾਰਗ ਤੇ ਅਸੀਂ ਜਾ ਰਹੇ ਹਾਂ ਉਹ ਮਾਰਗ ਹੀ ਠੀਕ ਹੈ। ਇਸ ਹਾਲਤ ਵਿੱਚ ਜਦੋਂ ਜਾਣਾ ਜ਼ਰੂਰੀ ਹੈ ਤਾਂ ਗਿਆਨਵਾਨ ਮਨੁੱਖ ਦੀ ਬੁੱਧੀ ਭਾਵ ਬਬੇਕ ਬੁੱਧੀ ਇਹੀ ਨਿਸਚੈ ਕਰੇਗੀ ਕਿ ਜਿਸ ਮਾਰਗ ਤੇ ਸਾਡੇ ਦੇਸ਼ ਪ੍ਰਾਂਤ, ਨਗਰ, ਪਰਿਵਾਰ ਜਾਂ ਸਾਡੇ ਮਾਤਾ-ਪਿਤਾ ਅਤੇ ਉਹ ਜਿਹੜੇ ਸਾਡੇ ਜਿਆਦਾ ਪਰਿਚਿਤ ਹੋਣ ਜਾਂ ਵਿਸ਼ਵਾਸ਼-ਪਾਤਰ ਜਿਵੇਂ ਗੁਰੂ ਉਹਨਾਂ ਦੇ ਅਨੁਸਾਰ ਮਾਰਗ ਨੂੰ ਚੁਣ ਲੈਣਾ ਚਾਹੀਦਾ ਹੈ, ਇਸ ਤੋਂ ਇਲਾਵਾ ਦੂਜਾ ਉਪਾਅ ਨਹੀਂ ਹੈ।

ਸੋਈ ਨਾਮੁ ਸਿਵਰਿ ਨਵ ਨਾਥ ਨਿਰੰਜਨੁ ਸਿਵ ਸਨਕਾਦਿ ਸਮੁਧਰਿਆ॥
ਚਵਰਾਸੀਹ ਸਿਧ ਬੁਧ ਜਿਤੁ ਰਾਤੇ ਅੰਬਰੀਕ ਭਵਜਲੁ ਤਰਿਆ॥
ਉਧਉ ਅਕ੍ਰੂਰੁ ਤਿਲੋਚਨੁ ਨਾਮਾ ਕਲਿ ਕਬੀਰ ਕਿਲਵਿਖ ਹਰਿਆ॥
ਸੋਈ ਨਾਮੁ ਅਛਲੁ ਭਗਤਹ ਭਵ ਤਾਰਣੁ ਅਮਰਦਾਸ ਗੁਰ ਕਉ ਫੁਰਿਆ॥

ਵਿਆਪਕ ਧਰਮ ਦਾ ਪਹਿਲਾ ਅਤੇ ਗ੍ਰਹਿਣ ਕਰਨਯੋਗ ਸਹੀ ਸਰੂਪ ਇਹੀ ਹੈ ਕਿ ਜਿਸ ਮਾਰਗ ਦੇ ਸਾਡੇ ਮਹਾਨਪੁਰਖਾਂ ਕਿਹਾ ਹੈ ਕਿ ਸਭ ਤੋਂ ਉੱਤਮ ਨਿਯਮ-ਧਰਮ ਹੈ। ਧਰਮ ਦਾ ਇਹ ਲੱਛਣ ਬਹੁਤੇ ਅੰਸ਼ਾਂ ਵਿੱਚ ਨੀਤੀ ਨਾਲ ਵੀ ਮਿਲ ਜਾਂਦਾ ਹੈ। ਧਰਮ ਸਹੀ ਮਾਰਗ ਲਈ ਪ੍ਰੇਰਦਾ ਹੈ ਨੀਤੀ ਵੀ ਸਹੀ ਮਾਰਗ ਦੀ ਪ੍ਰੇਰਣਾ ਦਿੰਦੀ ਹੈ। ਦੋਵੇਂ ਮਨੁੱਖ ਦੀ ਉੱਨਤੀ ਦਾ ਕਾਰਣ ਹਨ। ਇਥੇ ਇਹ ਗੱਲ, ਧਿਆਨ ਦੇਣ ਯੋਗ ਹੈ ਕਿ ਨੀਤੀ ਅਤੇ ਧਰਮ ਦੋਵਾਂ ਦਾ ਪ੍ਰਯੋਗ ਵੱਖ-ਵੱਖ ਦੇਖਿਆ ਜਾਂਦਾ ਹੈ, ਇਸ ਲਈ ਇਹਨਾਂ ਵਿਚਲੇ ਫਰਕ ਨੂੰ ਸਮਝਣਾ ਪਵੇਗਾ। ਨੀਤੀ ਇਸ ਲੋਕ ਦੀ ਉੱਨਤੀ ਦਾ ਸਾਧਨ ਹੈ ਪਰ ਧਰਮ ਪਰਲੌਕਿਕ ਉੱਨਤੀ ਦਾ ਸਾਧਨ ਹੈ। ਇਸੇ ਤਰ੍ਹਾਂ ਧਰਮ ਪਰਲੌਕਿਕ ਉੱਨਤੀ ਦਾ ਸਾਧਨ ਹੁੰਦਿਆ ਹੋਇਆਂ ਵੀ ਲੌਕਿਕ ਉੱਨਤੀ ਦਾ ਸਾਧਨ ਵੀ ਹੈ। ਅਸੀ ਇਹ ਕਹਿ ਸਕਦੇ ਹਾਂ ਕੀ ਨੀਤੀ ਪਰਲੌਕਿਕ ਕਲਿਆਣ ਦਾ ਸਾਧਨ ਭਾਵੇਂ ਨਾ ਹੋਵੇ ਪਰ ਉਹ ਪਰਲੌਕਿਕ ਕਲਿਆਣ ਵਿੱਚ ਰੁਕਾਵਟ ਨਹੀਂ ਹੈ। ਧਰਮ ਅਤੇ ਨੀਤੀ ਵਿੱਚ ਏਨਾ ਭੇਦ ਜ਼ਰੂਰ ਦਿਸਦਾ ਹੈ ਕਿ ਨੀਤੀ ਦੇਸ਼-ਕਾਲ ਦੇ ਭੇਦ ਨਾਲ ਬਦਲ ਸਕਦੀ ਹੈ ਪਰ ਧਰਮ ਦੇ ਕਿਸੇ ਵੀ ਸਿਧਾਂਤ ਵਿਚ ਪਰਿਵਰਤਨ ਨਹੀ ਕੀਤਾ ਜਾ ਸਕਦਾ। ਕਿਸੇ ਦੇਸ਼ ਵਿਚ ਸੜਕ ਦੇ ਖੱਬੇ ਕਿਨਾਰੇ ਚਲਣ ਦੀ ਨੀਤੀ ਹੋ ਸਕਦੀ ਹੈ ਅਤੇ ਦੂਸਰੇ ਦੇਸ਼ ਵਿੱਚ ਸੱਜੇ ਕਿਨਾਰੇ ਚੱਲਣ ਦੀ ਨੀਤੀ ਹੋ ਸਕਦੀ ਹੈ। ਪਰ ਧਰਮ ਅਨੁਸਾਰ ਸਤਿ ਦੀ ਪਰਿਭਾਸ਼ਾ ਜੋ ਇੱਕ ਦੇਸ਼ ਵਿੱਚ ਹੈ ਉਹੀ ਦੂਸਰੇ ਦੇਸ਼ ਵਿੱਚ ਹੋਵੇਗੀ। ਬੱਚਿਆਂ ਨੂੰ ਆਪਣੇ ਮਾਤਾ-ਪਿਤਾ ਦਾ ਸਨਮਾਨ ਕਰਨਾ ਚਾਹੀਦਾ ਹੈ ਇਹ ਉਹਨਾਂ ਦਾ ਧਰਮ ਹੈ। ਇਹ ਧਰਮ ਹਰੇਕ ਦੇਸ਼ ਵਿੱਚ ਲਾਗੂ ਹੋਵੇਗਾ। ਨੀਤੀ ਦੇ ਸਾਧਨ ਲੌਕਿਕ (ਭੌਤਿਕ) ਹਨ ਪਰ ਧਰਮ ਦੇ ਸਾਧਨ ਚਮੜੇ ਦੀਆਂ ਅੱਖਾਂ ਨਾਲ ਨਹੀ ਵੇਖੇ ਜਾ ਸਕਦੇ। ਧਰਮ ਇੰਦ੍ਰਿਆਂ ਤੋਂ ਪਰੇ ਹੈ। 'ਚਾਰਵਾਕ' ਅਨੁਸਾਰ ਧਰਮ ਲੌਕਿਕ ਰੋਜ਼ੀ-ਰੋਟੀ ਦਾ ਸਾਧਨ ਹੈ। ਜੈਨੀਆਂ ਅਨੁਸਾਰ ਪੁੰਨ ਹੀ ਧਰਮ ਨਹੀ ਉਸ ਵਿਚ ਉਤਪੰਨ ਪਰਮਾਣੂ ਧਰਮ ਹੈ। ਇਸ ਲਈ ਪੁੰਨ ਕਰਮ ਕਰਨਾ ਚਾਹੀਦਾ ਹੈ। ਬੁੱਧ ਧਰਮ ਅਨੁਸਾਰ 'ਚਾਰ ਆਰਯ ਸਤਿ' ਦੇ ਅਨੁਭਵ ਦੇ ਅਨੁਕੂਲ ਜਦੋਂ ਗਿਆਨਧਾਰਾ ਮਨੁੱਖ ਅੰਦਰ ਪ੍ਰਵਾਹਿਤ ਹੋਣ ਲੱਗਦੀ ਹੈ ਉਸਨੂੰ ਧਰਮ ਕਹਿੰਦੇ ਹਨ। ਨਿਆਇ ਦਰਸ਼ਨ ਅਨੁਸਾਰ ਬਿਰਤੀ ਦਾ ਆਤਮਾ ਦੇ ਸਮੀਪ ਹੋਣਾ ਹੀ ਧਰਮ ਦੀ ਸਰਬੋਤਮ ਅਵਸਥਾ ਹੈ। ਵੈਸ਼ੈਸਿਕ ਦਰਸ਼ਨ

ਅਨੁਸਾਰ ਧਰਮ ਤੋਂ ਬਿਨਾਂ ਮਨੁੱਖ ਦੀ ਮਨੁੱਖਪੁਣਾ ਹੀ ਖ਼ਤਮ ਹੋ ਜਾਵੇਗਾ। ਧਰਮ ਦੁਆਰਾ ਸਭ ਕੁਝ ਪ੍ਰਾਪਤ ਹੋ ਸਕਦਾ ਹੈ। ਸਾਂਖ ਦਰਸ਼ਨ ਅਨੁਸਾਰ ਜਿਸ ਸਰੀਰਿਕ, ਮਾਨਸਿਕ ਅਤੇ ਬੌਧਿਕ ਕਰਮ ਦੁਆਰਾ ਅੰਤਹਕਰਣ (ਅੰਦਰ ਕੰਮ ਕਰਨ ਵਾਲਿਆਂ ਸ਼ਕਤੀਆਂ - ਮਨ, ਬੁੱਧੀ, ਚਿਤ, ਅਹੰਕਾਰ) ਵਿੱਚ ਸ਼ਾਂਤੀ, ਵੈਰਾਗ ਆਦਿ ਉਤਪੰਨ ਹੋਣ ਅਤੇ ਬਬੇਕ ਦਾ ਪ੍ਰਕਾਸ਼ ਹੋਵੇ ਉਹ ਧਰਮ ਹੈ। ਯੋਗ ਦਰਸ਼ਨ ਅਨੁਸਾਰ ਉਹ ਕਰਮ ਜਿਹੜੇ ਮਨ ਦੇ ਵੇਗ ਨੂੰ ਰੋਕੇ ਉਹ ਧਰਮ ਹੈ। ਮੀਮਾਂਸਾ ਦਰਸ਼ਨ ਅਨੁਸਾਰ ਯੱਗ ਆਦਿ ਅਨੁਸ਼ਠਾਨ ਹੀ ਧਰਮ ਹੈ। ਵੇਦਾਂਤ ਦਰਸ਼ਨ ਅਨੁਸਾਰ ਨਿਸ਼ਕਾਮ ਕਰਮ, ਲੋਕਾਂ ਦੀ ਭਲਾਈ ਵਾਲੇ ਕਰਮ ਹੀ ਧਰਮ ਹੈ। ਗੁਰਬਾਣੀ ਅਨੁਸਾਰ ਨਿਰਮਲ ਕਰਨ ਹੀ ਸਰਬੋਤਮ ਧਰਮ ਹੈ। ਇਹਨਾਂ ਧਰਮ ਦੀਆਂ ਸਾਰੀਆਂ ਪਰਿਭਾਸ਼ਾਵਾਂ ਨੂੰ ਜੇ ਗੌਰ ਨਾਲ ਦੇਖੀਏ ਤਾਂ ਇਹ ਪਤਾ ਚੱਲਦਾ ਹੈ ਕਿ ਇਹਨਾਂ ਵਿੱਚ ਸੰਪੂਰਨ ਵਿਸ਼ਵ ਦੇ ਸਾਰੇ ਸੰਪਰਦਾਇ, ਮਤ, ਮਜ਼ਹਬ ਸਮਾਏ ਹੋਏ ਹਨ। ਮਨੁੱਖ ਨੂੰ ਆਪਣਾ ਨਜ਼ਰੀਆਂ ਬਦਲਣਾ ਪਵੇਗਾ। ਮਨੁੱਖ ਨੂੰ ਆਪਣੀ ਦ੍ਰਿਸ਼ਟੀ ਏਨੀ ਛੋਟੀ ਨਹੀਂ ਕਰਨੀ ਚਾਹੀਦੀ ਕਿ ਜਿਹੜੇ ਗੁਣ ਉਸਦੇ ਧਰਮ ਜਾਂ ਸੰਪ੍ਰਦਾ ਨਾਲ ਮਿਲਦੇ ਹਨ ਉਸ ਮਨੁੱਖ ਅੰਦਰ ਹੀ ਪਰਮਾਤਮਾ ਹੈ ਦੂਸਰੇ ਅੰਦਰ ਨਹੀ। ਮਨੁੱਖ ਨੂੰ ਦੂਰ ਦ੍ਰਿਸ਼ਟੀ ਅਪਣਾ ਕੇ ਸਾਰਿਆਂ ਅੰਦਰ ਉਸ ਪਰਮ ਸੱਤਾ ਦਾ ਅਨੁਭਵ ਕਰਨਾ ਹੋਵੇਗਾ।

ਸਭ ਮਹਿ ਜੋਤਿ ਜੋਤਿ ਹੈ ਸੋਇ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥

ਇਸ ਅਨੁਭਵ ਦੁਆਰਾ ਮਨ ਅੰਦਰ ਰਾਗ-ਦਵੇਸ਼, ਵੈਰ-ਵਿਰੋਧ ਆਦਿ ਭਾਵਨਾਵਾਂ ਸ਼ਾਂਤ ਹੋ ਜਾਣਗੀਆਂ ਅਤੇ ਮਨੁੱਖ ਪਰਮਾਰਥ ਦੇ ਰਸਤੇ ਵੱਲ ਅੱਗੇ ਵਧੇਗਾ। ਬਾਹਰੋਂ ਮਨੁੱਖ ਦਾ ਸਰੂਪ ਕੀ ਹੈ ਇਸ ਗੱਲ ਦਾ ਜਿਆਦਾ ਮਹੱਤਵ ਨਹੀਂ ਬਲਕਿ ਅੰਦਰੋ ਮਨੁੱਖ ਦੀ ਆਤਮਸ਼ੁੱਧੀ, ਅਧਿਆਤਮਿਕ ਉੱਨਤੀ ਅਤੇ ਅੰਤਹਕਰਣ ਦੀ ਪਵਿੱਤਰਤਾ ਧਰਮ ਦਾ ਮੁੱਖ ਲੱਛਣ ਹੈ ਅਰਥਾਤ ਮਨੁੱਖੀ ਜੀਵਨ ਦੀਆਂ ਬੁਨਿਆਦੀ ਵਾਸ਼ਨਾਵਾਂ ਦੇ ਸੰਪਰਕ ਵਿੱਚ ਨਿਰਲੇਪ ਹੋ ਕੇ ਰਹਿਣਾ।

ਜੈਸੇ ਜਲ ਮਹਿ ਕਮਲ ਨਿਰਾਲਮੁ ਮੁਰਗਾਈ ਨੈ ਸਾਣੇ॥

ਡਾ. ਰਤਨ ਸਿੰਘ ਜੱਗੀ ਆਪਣੀ ਪੁਸਤਕ 'ਗੁਰੂ ਨਾਨਕ ਵਿਅਕਤਿਤਵ, ਕਰਤਿਤਵ ਔਰ ਚਿੰਤਨ' ਵਿੱਚ ਧਰਮ ਦੇ ਦੋਨਾਂ ਪੱਖਾਂ (ਬਾਹਰਲਾ ਪੱਖ, ਅੰਦਰਲਾ ਪੱਖ) ਨੂੰ ਆਪਣੀ ਭਾਸ਼ਾ ਵਿੱਚ ਲਿਖਦੇ ਹਨ 'ਸਥੂਲ ਰੂਪ ਵਿਚ ਧਰਮ ਦੇ ਦੋ ਪੱਖ ਸਾਹਮਣੇ ਆਉਂਦੇ ਹਨ- ਸਮਾਨਯ ਅਤੇ ਸੰਕੀਰਣ'। ਉਹ ਬਾਹਰਲੇ ਪੱਖ ਨੂੰ ਸੰਕੀਰਣ ਅਤੇ ਅੰਦਰਲੇ ਪੱਖ ਨੂੰ ਸਮਾਨਯ ਕਹਿੰਦੇ ਹਨ। ਦੁਨਿਆਂ ਦੇ ਹਰੇਕ ਧਰਮ, ਸੰਸਥਾਪਕ ਨੇ ਇਹਨਾਂ ਦੋਨਾਂ ਪੱਖਾਂ ਦੀ ਸਥਾਪਨਾ ਕੀਤੀ ਹੈ। ਸੰਕੀਰਣ ਪੱਖ ਸਮਾਨਯ ਪੱਖ ਨਾਲੋਂ ਜੀਵਨ ਵਿੱਚ ਉਤਾਰਨਾ ਅਸਾਨ ਹੈ। ਇਸ ਲਈ ਜਦੋਂ ਕੋਈ ਧਰਮ ਸੰਸਥਾਪਕ ਇਸ ਨਸ਼ਵਰ ਸੰਸਾਰ ਤੋਂ ਚਲਿਆ ਜਾਂਦਾ ਹੈ ਤਾਂ ਉਸ ਧਰਮ ਦੇ ਠੇਕੇਦਾਰ ਹਮੇਸ਼ਾ ਉਤਪਾਤ ਕਰਦੇ ਹਨ। ਇਸ ਕਰਕੇ ਧਰਮ ਦਾ ਸਰੂਪ ਵਿਗੜਦਾ ਹੈ। ਪਰ ਇਹ ਹਮੇਸ਼ਾ ਲਈ ਨਹੀਂ ਰਹਿੰਦਾ। ਜਿਸ ਤਰ੍ਹਾਂ ਚਲਦਾ ਪਾਣੀ ਸਾਫ ਰਹਿੰਦਾ ਹੈ ਉਸੇ ਤਰ੍ਹਾਂ ਸਮੇਂ ਦੇ ਪ੍ਰਵਾਹ ਨਾਲ ਇਸ ਵਿਚ ਪ੍ਰਤਿਕਿਰਿਆ (Reaction) ਪੈਂਦਾ ਹੁੰਦੀ ਹੈ। ਧਰਮ ਦਾ ਸਮਾਨਯ ਪੱਖ ਹੀ ਹਮੇਸ਼ਾ ਰਹਿਣ ਵਾਲਾ ਹੈ। ਕਿਉਂਕਿ ਕੋਈ ਵੀ ਵਸਤੂ ਨਿੱਤ ਗੰਦੀ ਨਹੀਂ ਰਹਿੰਦੀ ਕੁਦਰਤ ਉਸਨੂੰ ਸ਼ੁੱਧ ਕਰ ਦਿੰਦੀ ਹੈ। ਹਵਾ ਵਿੱਚ ਪ੍ਰਦੂਸ਼ਣ ਜਿੰਨ੍ਹਾਂ ਵੀ ਵੱਧ ਜਾਵੇ, ਜਦੋਂ ਮੀਂਹ ਪੈਦਾ ਹੈ ਤਾਂ ਸਾਰਾ ਪ੍ਰਦੂਸ਼ਣ ਖਤਮ ਹੋ ਜਾਂਦਾ ਹੈ। ਇਸੇ ਤਰ੍ਹਾਂ ਨਾਲ ਕੋਈ ਵੀ ਧਰਮ ਸਦਾ ਵਿਗੜੇ ਹੋਏ ਰੂਪ ਵਿੱਚ ਨਹੀ ਰਹਿੰਦਾ ਸਮੇਂ ਦਾ ਪ੍ਰਵਾਹ ਉਸਨੂੰ ਠੀਕ ਕਰ ਦਿੰਦਾ ਹੈ। ਉਦਾਹਰਣ ਦੇ ਤੌਰ ਤੇ ਜਦੋਂ ਬ੍ਰਾਹਮਣਾਂ ਨੇ ਆਪਣਾ ਧਰਮ ਛੱਡਿਆ ਤਾਂ ਗੁਰੂ ਨਾਨਕ ਸਾਹਿਬ ਨੇ ਕਿਹਾ:

ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ॥
ਜਪ ਤਪੁ ਸੰਜਮੁ ਕਮਾਵੈ ਕਰਮੁ॥
ਸੀਲ ਸੰਤੋਖ ਕਾ ਰਖੈ ਧਰਮੁ॥
ਬੰਧਨੁ ਤੋੜੈ ਹੋਵੈ ਮੁਕਤੁ॥
ਸੋਈ ਬ੍ਰਹਮਣੁ ਪੂਜਣ ਜੁਗਤੁ॥

ਸੋ ਬ੍ਰਾਹਮਣ ਜੋ ਬ੍ਰਹਮੁ ਬੀਚਾਰੇ॥
ਆਪਿ ਤਰੈ ਸਗਲੇ ਕੁਲ ਤਾਰੈ॥

ਮੁਸਲਮਾਨ ਵਾਸਤੇ ਕਿਹਾ:

ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ॥
ਅਵਲਿ ਅਉਲਿ ਦੀਨ ਕਰੁ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ॥
ਹੋਇ ਮੁਸਲਿਮੁ ਦੀਨ ਮੁਹਾਵੈ ਮਰਣ ਜੀਵਣ ਕਾ ਭਰਮੁ ਚੁਕਾਵੈ॥
ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ॥
ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ॥

## 1.3 ਸਾਰ

ਇਸ ਤਰ੍ਹਾਂ ਇਹ ਦੇਖਣ ਵਿੱਚ ਆਉਂਦਾ ਹੈ ਕਿ ਧਰਮ ਮਨੁੱਖ ਨੂੰ ਸਮਾਜ ਵਿੱਚ ਮਰਿਯਾਦਿਤ ਢੰਗ ਨਾਲ ਰਹਿਣਾ ਸਿਖਾਉਂਦਾ ਹੈ। ਜਿਸ ਸਮਾਜ ਵਿਚ ਧਰਮ ਦਾ ਪਾਲਨ ਨਹੀ ਹੁੰਦਾ, ਉਸ ਸਮਾਜ ਦਾ ਪਤਨ ਜ਼ਰੂਰ ਹੁੰਦਾ ਹੈ। ਜਿਹੜਾ ਸਮਾਜ ਚੰਗੇ ਅਮਲਾਂ ਤੇ ਚੱਲਦਾ ਹੈ ਉਹ ਮਾਨਵਤਾ ਦਾ ਪੱਥ ਪਰਦਰਸ਼ਕ ਬਣ ਜਾਂਦਾ ਹੈ, ਧਰਮ ਹਰ ਪੱਖੋ ਕਲਿਆਣਕਾਰੀ ਹੈ।

ਉਪਰੋਕਤ ਅਧਿਐਨ ਤੋਂ ਇਹ ਸਪੱਸ਼ਟ ਹੈ ਕਿ ਧਰਮ, ਸਤਿ ਦੇ ਅਨੁਭਵ ਨੂੰ ਕਿਹਾ ਗਿਆ ਹੈ। ਹਰ ਮਨੁੱਖ ਆਪਣੇ ਕਰਤੱਵ ਦਾ ਪਾਲਨ ਕਰੇ। ਆਪਣੇ ਕਰਤੱਵ ਦਾ ਪਾਲਨ ਕਰਨਾ ਸਤਿ ਹੈ ਅਤੇ ਸਤਿ ਹੀ ਧਰਮ ਹੈ। ਜਿਵੇਂ ਔਲਾਦ ਦਾ ਧਰਮ, ਮਾਤਾ-ਪਿਤਾ ਦਾ ਧਰਮ, ਰਾਜਾ ਦਾ ਧਰਮ, ਪਰਜਾ ਦਾ ਧਰਮ, ਮਿੱਤਰ ਦਾ ਧਰਮ, ਮਨੁੱਖ ਦਾ ਧਰਮ ਆਦਿ ਧਰਮ ਜੋ ਹਨ ਉਸਦਾ ਅਰਥ ਇਹ ਹੈ ਕਿ ਉਹ ਆਪਣੇ-ਆਪਣੇ ਕਰਤੱਵ ਦਾ ਪਾਲਨ ਸਹੀ ਤਰੀਕੇ ਨਾਲ ਕਰਨ। ਧਰਮ ਦਾ ਸੰਬੰਧ ਮਨੁੱਖੀ ਜੀਵਨ ਦੀ ਧਾਰਮਿਕ ਅਨੁਭੂਤੀ (Realisation) ਅਤੇ ਮੁਲਾਂ ਨਾਲ ਰਹਿੰਦਾ ਹੈ ਜੋ ਵਿਅਕਤੀਗਤ ਧਾਰਮਿਕ ਅਨੁਭੂਤੀ ਤੇ ਨਿਰਭਰ ਕਰਦਾ ਹੈ। ਧਾਰਮਿਕ ਨਿਯਮਾਂ ਦਾ ਮੂਲ ਰੂਪ ਅਧਿਆਤਮਿਕ ਹੋਣ ਕਰਕੇ ਸਥਾਈ ਹੁੰਦਾ ਹੈ। ਬਾਹਰੀ ਰੂਪ ਵਿੱਚ ਥੋੜਾ ਬਹੁਤ ਬਦਲਾਅ ਹੋ ਸਕਦਾ ਹੈ ਪਰ ਜੋ ਮੂਲ ਰੂਪ ਹੈ ਉਸ ਵਿੱਚ ਕੋਈ ਫਰਕ ਨਹੀਂ ਪੈਂਦਾ। ਧਰਮ ਵਿੱਚ ਧਰਮ ਗ੍ਰੰਥ ਦੇ ਵਚਨਾਂ ਉੱਪਰ ਵਿਸ਼ਵਾਸ਼ ਕੀਤਾ ਜਾਂਦਾ ਹੈ। ਧਰਮ ਸਾਰੇ ਸੰਸਾਰ ਨੂੰ ਜੋੜਨ ਦਾ ਕੰਮ ਕਰਦਾ ਹੈ। ਇਸ ਕਰਕੇ ਸਮਾਜਿਕ ਪਰਿਵਰਤਨ ਵਿੱਚ ਧਰਮ ਦੀ ਮੁੱਖ ਭੂਮਿਕਾ ਹੈ। ਧਰਮ ਅੰਧਵਿਸ਼ਵਾਸ਼, ਗਲਤ ਪਰੰਪਰਾਵਾਂ ਜਾਂ ਧਾਰਮਿਕ ਕੁਰੀਤੀਆਂ ਦਾ ਨਾਂ ਨਹੀਂ ਬਲਕਿ ਧਰਮ ਸ਼ੁੱਧ ਵਿਵਹਾਰਿਕ ਹੈ। ਧਰਮ ਦੀ ਪ੍ਰਾਚੀਨ ਸਮੇਂ ਤੋਂ ਮੁੱਖ ਭੂਮਿਕਾ ਰਹੀ ਹੈ ਅਤੇ ਅਜੋਕੇ ਸਮੇਂ ਵਿੱਚ ਵੀ ਉਨ੍ਹੀ ਹੀ ਮਹੱਤਤਾ ਹੈ।

## 1.4 ਸਹਾਇਕ ਪੁਸਤਕਾਂ


1. ਗੁਰਸ਼ਬਦ ਰਤਨਾਕਰ ਮਹਾਨਕੋਸ਼, ਭਾਈ ਕਾਨ੍ਹ ਸਿੰਘ ਨਾਭਾ
2. ਧਰਮ ਦੀ ਉੱਤਪਤੀ ਤੇ ਵਿਕਾਸ, ਗੁਰਬਚਨ ਸਿੰਘ ਤਾਲਿਬ
3. ਧਰਮ ਦਾ ਵਿਕਾਸ ਅਤੇ ਗੁਰਮਤਿ, ਡਾ. ਮਨਮੋਹਨ ਸਿੰਘ
4. ਸਿੱਖ ਦਰਸ਼ਨ ਧਾਰਾ, ਡਾ. ਵਜ਼ੀਰ ਸਿੰਘ

5. ਗੁਰੂ ਨਾਨਕ ਦੀ ਵਿਚਾਰਧਾਰਾ, ਰਚਨ ਸਿੰਘ ਜੱਗੀ
6. ਖੋਜ ਪਤ੍ਰਿਕਾ, ਗੁਰੂ ਨਾਨਕ ਦੇਵ ਵਿਸ਼ੇਸ਼ ਅੰਕ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ
7. ਤੁਲਨਾਤਮਕ ਧਰਮ ਏਵਮ ਦਰਸ਼ਨ, ਸੁਭਰਾ
8. ਧਰਮ-ਦਰਸ਼ਨ, ਡਾ. ਰਮੇਨੰਦਰ
9. ਧਰਮ-ਦਰਸ਼ਨ, ਡਾ. ਲਕਸ਼ਮੀ ਸਿਨਹਾ
10. ਸ਼ਬਦ ਤੇ ਸੰਵਾਦ, ਡਾ. ਜਗਬੀਰ ਸਿੰਘ

## 1.5 ਅਭਿਆਸ ਲਈ ਪ੍ਰਸ਼ਨ

i. ਧਰਮ ਦੀ ਪਰਿਭਾਸ਼ਾ ਦਿਉ।
ii. ਧਰਮ ਅਤੇ ਸੰਪ੍ਰਦਾ ਵਿੱਚ ਅੰਤਰ ਦੱਸੋ।
iii. ਧਰਮ ਦਾ ਬਾਹਰੀ ਪੱਖ ਕੀ ਹੈ?
iv. ਰੋਜ਼ੀ-ਰੋਟੀ ਨਾਲ ਧਰਮ ਦਾ ਕੀ ਸੰਬੰਧ ਹੈ?
v. ਗੁਰਬਾਣੀ ਅਨੁਸਾਰ ਸ਼੍ਰੇਸ਼ਟ ਧਰਮ ਕੀ ਹੈ?
vi. ਧਰਮ-ਅਧਰਮ ਵਿੱਚ ਅੰਤਰ ਦੱਸੋ?
vii. ਧਰਮ ਦੇ ਦੋ ਅੰਗ ਕਿਹੜੇ ਹਨ?
viii. ਧਰਮ ਮਨੁੱਖੀ ਜੀਵਨ ਦੇ ਕਿਹੜੇ ਪੱਖਾਂ ਨੂੰ ਪ੍ਰਭਾਵਿਤ ਕਰਦਾ ਹੈ?
ix. ਬਬੇਕ ਦਾ ਧਰਮ ਨਾਲ ਕੀ ਸੰਬੰਧ ਹੈ?
x. ਨਿੱਜ ਸੰਬਾਦ ਕੀ ਹੈ?

1. ਧਰਮ ਬਾਰੇ ਤੁਸੀ ਕੀ ਜਾਣਦੇ ਹੋ? ਆਪਣੇ ਸ਼ਬਦਾਂ ਵਿੱਚ ਵਰਣਨ ਕਰੋ।
2. ਧਰਮ ਦੇ ਦੋ ਪੱਖ ਕਿਹੜੇ ਹਨ? ਵਿਸਤਾਰ ਸਹਿਤ ਵਰਣਨ ਕਰੋ।
3. ਧਰਮ ਦੇ ਅਰਥ ਅਤੇ ਸਰੂਪ ਦੀ ਵਿਸਤਾਰ ਸਾਹਿਤ ਚਰਚਾ ਕਰੋ।

# ONE YEAR DIPLOMA IN SIKH THEOLOGY

## SEMESTER I

## COURSE: THEOLOGY AND SIKH THEOLOGY NATURE AND SCOPE

## UNIT 2: THEOLOGY: MEANING, SCOPE AND NATURE

**STRUCTURE**

**2.0 ਉਦੇਸ਼**

**2.1 ਜਾਣ-ਪਛਾਣ**

**2.2 ਧਰਮ ਦੇ ਸਰੂਪ ਵਿਚੋਂ ਪ੍ਰਗਟ ਹੋਣ ਵਾਲੇ ਮੁੱਖ ਨੁਕਤੇ**

**2.3 ਧਰਮ-ਵਿਗਿਆਨ  ਆਰੰਭ ਅਤੇ ਪਿਛੋਕੜ**

**2.4 Theology ਅਤੇ Theosophy ਵਿਚਕਾਰ ਆਪਸੀ ਸਮਾਨਤਾ**

**2.5 ਧਰਮ-ਵਿਗਿਆਨ  ਦਾ ਕਾਰਜ ਖੇਤਰ**

2.5.1 Exegetical Theology

2.5.2 Historical Theology

2.5.3 Systematic Theology

2.5.4 Practical Theology

**2.6 ਸਾਰ**

**2.7 ਪੜ੍ਹਨਯੋਗ ਪੁਸਤਕਾਂ**

**2.8 ਅਭਿਆਸ ਲਈ ਪ੍ਰਸ਼ਨ**

## 2.0 ਉਦੇਸ਼

ਇਸ ਪੇਪਰ ਦਾ ਵਿਸ਼ਾ ਧਰਮ ਵਿਗਿਆਨ ਨਾਲ ਸੰਬੰਧਿਤ ਹੈ ਜੋ ਕਿ ਪਾਠਕ੍ਰਮ ਦਾ ਹਿੱਸਾ ਹੈ।

## 2.1 ਜਾਣ-ਪਛਾਣ

ਅਜੋਕਾ ਸੰਸਾਰ ਗਿਆਨ ਅਤੇ ਵਿਗਿਆਨ ਦਾ ਯੁਗ ਹੈ। ਗਿਆਨ ਅਤੇ ਵਿਗਿਆਨ ਦੇ ਦਿਨੋ-ਦਿਨ ਵਿਕਸਿਤ ਹੋ ਰਹੇ ਪ੍ਰਸੰਗ ਵਿਚ ਸਮੁੱਚੇ ਵਿਸ਼ਿਆਂ ਦੇ ਨਵੇਂ ਪ੍ਰਬੰਧ ਹੋਂਦ ਵਿਚ ਆ ਰਹੇ ਹਨ। ਅਜਿਹਾ ਹੀ ਵਿਵਹਾਰ ਧਰਮ ਚਿੰਤਨ ਦੇ ਸੰਬੰਧ ਵਿਚ ਵੀ ਦੇਖਣ ਨੂੰ ਮਿਲ ਰਿਹਾ ਹੈ। ਜਿਸ ਅਧੀਨ ਧਰਮ, ਧਰਮ ਗ੍ਰੰਥ, ਸਿਧਾਂਤ, ਧਾਰਮਿਕ ਇਤਿਹਾਸ ਅਤੇ ਸੰਸਥਾਵਾਂ ਦੀ ਵੱਖ-ਵੱਖ ਵਿਧੀਆਂ ਦੇ ਰਾਹੀਂ ਵਿਆਖਿਆ ਕੀਤੀ ਜਾ ਰਹੀ ਹੈ। ਭਾਵੇਂ ਕਿ ਇਹ ਵਿਧੀਆਂ ਪੱਛਮ ਦੀ ਦੇਣ ਹਨ ਪਰ ਜਦੋਂ ਅਸੀਂ ਭਾਰਤੀ ਧਰਮਾਂ ਦਾ ਇਨ੍ਹਾਂ ਵਿਧੀਆਂ ਰਾਹੀਂ ਅਧਿਐਨ ਕਰਦੇ ਹਾਂ ਤਾਂ ਸਹਿਜੇ ਹੀ ਪੂਰਬੀ ਤੇ ਭਾਰਤੀ ਧਰਮਾਂ ਦੇ ਤੁਲਨਾਤਮਕ ਅਧਿਐਨ ਦਾ ਦੀਦਾਰ ਹੋਣਾ ਸ਼ੁਰੂ ਹੋ ਜਾਂਦਾ ਹੈ। ਇਹ ਪੇਪਰ ਇਕ ਅਜਿਹੀ ਵਿਧੀ ਨਾਲ ਸੰਬੰਧਿਤ ਹੈ ਜਿਸ ਵਿਧੀ ਅਧੀਨ ਕਿਸੇ ਵੀ ਧਰਮ ਦੇ ਅਸਲੀ ਅਰਥਾਂ ਨੂੰ ਪ੍ਰਗਟਾਇਆ ਜਾ ਸਕਦਾ ਹੈ। ਦਰਅਸਲ ਅਸੀਂ ਇਹ ਕਹਿ ਸਕਦੇ ਹਾਂ ਕਿ ਧਰਮ-ਵਿਗਿਆਨ ਧਰਮ ਦੀ ਇਕ ਲੈਬੋਟਰੀ ਹੈ ਜਿਸ ਨੂੰ ਤੱਥ ਅਤੇ ਸੱਚ ਸਹਿਤ ਧਰਮ ਦੀ ਵਿਆਖਿਆ ਕਰਨੀ ਹੁੰਦੀ ਹੈ। ਧਰਮ-ਵਿਗਿਆਨ ਵਿਧੀ ਦਾ ਇਤਿਹਾਸ ਅਤੇ ਸਿਧਾਂਤ ਬਹੁਤ ਲੰਮੇਰਾ ਹੈ ਜਿਸ ਨੂੰ ਹੱਥਲੇ ਖੋਜ ਪੇਪਰ ਵਿਚ ਵਿਸਥਾਰ ਸਹਿਤ ਪ੍ਰੀਭਾਸ਼ਿਤ ਕੀਤਾ ਜਾਵੇਗਾ।

ਧਰਮ ਇਕ ਅਜਿਹਾ ਗਹਿਰ, ਗੰਭੀਰ ਤੇ ਪ੍ਰੇਰਨਾਦਾਇਕ ਵਿਸ਼ਾ ਹੈ ਜਿਸ ਦੇ ਆਵੇਸ਼ ਨੂੰ ਸਮਝਣ ਦੇ ਲਈ ਕਈ ਅਨੁਸ਼ਾਸਨ ਜਾਂ ਪਹੁੰਚ ਵਿਧੀਆਂ ਹੋਂਦ ਦੇ ਵਿਚ ਆਈਆਂ। ਧਰਮ ਨੂੰ ਅਕਾਦਮਿਕ ਅਧਿਐਨ ਦਾ ਰੂਪ ਦੇਣ ਵਿਚ ਇਨ੍ਹਾਂ ਵਿਧੀਆਂ ਦਾ ਆਪਣਾ ਇਕ ਵਿਲੱਖਣ ਯੋਗਦਾਨ ਹੈ। ਅਜਿਹੀਆਂ ਚਿੰਤਨ ਵਿਚਾਰਧਾਰਾਵਾਂ ਨੇ ਧਰਮ ਅਧਿਐਨ ਲਈ ਨਵੇਂ ਦਰਵਾਜੇ ਵੀ ਖੋਲ੍ਹੇ ਹਨ। ਧਰਮ ਅਧਿਐਨ ਕੋਈ ਅਜਿਹਾ ਵਿਸ਼ਾ ਨਹੀਂ ਜੋ ਕਿਸੇ ਵਿਸ਼ੇਸ਼ ਧਰਮ ਦਾ ਪ੍ਰਚਾਰ ਕਰਦਾ ਹੋਵੇ। ਬਲਕਿ ਇਹ ਧਰਮਾਂ ਦਾ ਅਧਿਐਨ ਹੈ। ਇਹ ਵਿਸ਼ਾ ਬਹੁ-ਅਨੁਸ਼ਾਸਨੀ (Multi Disciplinary) ਵਿਧੀ ਅਪਣਾਉਂਦਾ ਹੈ।

ਇਹ ਵਿਧੀਆਂ ਕਈ ਪ੍ਰਕਾਰ ਦੀਆਂ ਹਨ- ਜਿਵੇਂ ਕਿ ਧਰਮ ਦੀ ਮਾਨਵ-ਵਿਗਿਆਨੀ ਅਧਿਐਨ ਵਿਧੀ, ਧਰਮ ਦੀ ਸਮਾਜ-ਵਿਗਿਆਨੀ ਅਧਿਐਨ ਵਿਧੀ, ਧਰਮ ਦੀ ਪਰਪੰਚ ਵਿਗਿਆਨੀ ਅਧਿਐਨ ਵਿਧੀ ਧਰਮ ਦੀ ਇਤਿਹਾਸਕ ਵਿਗਿਆਨੀ ਵਿਧੀ, ਧਰਮ ਦੀ ਪਦਾਰਥ ਵਿਗਿਆਨੀ ਵਿਧੀ ਧਰਮ ਦੀ ਰਹੱਸਵਾਦੀ ਜਾਂ ਅੰਤਰ ਬੋਧੀ ਪਹੁੰਚ ਵਿਧੀ, ਧਰਮ ਦੀ ਮਨੋਵਿਗਿਆਨਕ ਪਹੁੰਚ ਵਿਧੀ, ਧਰਮ ਦੀ ਦ੍ਰਿਸ਼ ਗਿਆਨਵਾਦੀ ਪਹੁੰਚ ਵਿਧੀ ਤੇ ਧਰਮ ਦੀ ਧਰਮ-ਵਿਗਿਆਨਕ ਵਿਧੀ। ਹੱਥਲਾ ਖੋਜ ਕਾਰਜ ਧਰਮ ਦੀ ਧਰਮ-ਵਿਗਿਆਨਕ ਵਿਧੀ ਦੇ ਰੂਪ ਨੂੰ ਵਿਸਥਾਰ ਸਹਿਤ ਪੇਸ਼ ਕਰਨਾ ਹੈ। ਧਰਮ-ਵਿਗਿਆਨ ਨੂੰ ਧਰਮ ਸ਼ਾਸਤਰ, ਧਰਮ ਮੀਮਾਂਸਾ ਆਦਿ ਨਾਵਾਂ ਨਾਲ ਵੀ ਪ੍ਰਭਾਸ਼ਿਤ ਕੀਤਾ ਜਾਂਦਾ ਹੈ।

ਅਸਲ ਵਿਚ ਜੇਕਰ ਦੇਖਿਆ ਜਾਵੇ ਤਾਂ ਧਰਮ ਦੇ ਮੂਲ ਰੂਪ ਨੂੰ ਸਮਝਣ ਲਈ ਧਰਮ-ਵਿਗਿਆਨਕ ਵਿਧੀ ਹੀ ਜ਼ਿਆਦਾ ਕਾਰਗਰ ਸਾਬਿਤ ਹੁੰਦੀ ਹੈ। ਜਦੋਂ ਅਸੀਂ ਹੋਰ ਵਿਧੀਆਂ ਦੇ ਰਾਹੀਂ ਧਰਮ ਦਾ ਅਧਿਐਨ ਕਰਦੇ ਹਾਂ ਤਾਂ ਕਈ ਵਾਰ ਵਿਧੀ ਪ੍ਰਾਇਮਰੀ ਹੋ ਜਾਂਦੀ ਹੈ ਤੇ ਧਰਮ ਸੈਕੰਡਰੀ। ਧਰਮ-ਵਿਗਿਆਨਕ ਵਿਧੀ ਦੇ ਵਿਚ ਅਜਿਹਾ ਘੱਟ ਹੁੰਦਾ ਹੈ ਕਿਉਂਕਿ ਧਰਮ-ਵਿਗਿਆਨ ਜਾਂ ਧਰਮ-ਸ਼ਾਸਤਰ ਸੰਬੰਧਿਤ ਧਰਮ ਦੇ ਧਰਮ-ਗ੍ਰੰਥ ਉੱਪਰ ਆਧਾਰਿਤ ਹੁੰਦਾ ਹੈ। ਜਿਸ ਤਰ੍ਹਾਂ ਇਹ ਕਿੰਤੂ ਮੁਕਤ ਧਾਰਨਾ ਹੈ ਕਿ ਹਰੇਕ ਧਰਮ ਦਾ ਆਪਣਾ ਇਕ ਵੱਖਰਾ ਧਰਮ-ਗ੍ਰੰਥ ਹੋਣਾ ਲਾਜ਼ਮੀ ਹੈ ਇਸੇ ਤਰ੍ਹਾਂ ਹਰੇਕ ਧਰਮ-ਗ੍ਰੰਥ ਦਾ ਇਕ ਵੱਖਰਾ ਧਰਮ-ਸ਼ਾਸਤਰ ਹੋਣਾ ਲਾਜ਼ਮੀ ਹੋਣਾ ਚਾਹੀਦਾ ਹੈ।

ਪ੍ਰਸਤੁਤ ਵਿਸ਼ਾ ਧਰਮ-ਵਿਗਿਆਨ ਦੇ ਅਰਥ, ਪਰਿਭਾਸ਼ਾ ਅਤੇ ਸਰੂਪ ਨਾਲ ਸੰਬੰਧਿਤ ਹੈ। ਧਰਮ-ਵਿਗਿਆਨ ਬਾਰੇ ਅਧਿਐਨ ਕਰਨ ਤੋਂ ਪਹਿਲਾਂ ਇਹ ਬੇਹੱਦ ਮਹੱਤਵਪੂਰਨ ਹੈ ਕਿ ਧਰਮ ਬਾਰੇ ਮੁੱਢਲੀ ਜਾਣਕਾਰੀ ਪ੍ਰਾਪਤ ਕਰ ਲਈ ਜਾਵੇ ਕਿਉਂਕਿ ਧਰਮ ਅਤੇ ਧਰਮ-ਵਿਗਿਆਨ ਦਾ ਆਪਸੀ ਸੰਬੰਧ ਬਹੁਤ ਨੇੜਤਾ ਅਤੇ ਆਪਸੀ ਨਿਰਭਰਤਾ ਵਾਲਾ ਹੈ। ਆਮ ਬੋਲਚਾਲ ਦੀ ਭਾਸ਼ਾ ਵਿਚ ਅਸੀਂ ਕਹਿ ਸਕਦੇ ਹਾਂ ਕਿ ਜੇ ਧਰਮ ਇਕ ਵਿਸ਼ਾ ਹੈ ਤਾਂ ਧਰਮ-ਸ਼ਾਸਤਰ ਉਸ ਵਿਸ਼ੇ ਦਾ ਅਧਿਐਨ ਹੈ।

ਧਰਮ ਸ਼ਬਦ ਅੰਗਰੇਜੀ ਭਾਸ਼ਾ ਦੇ ਸ਼ਬਦ Religion ਦਾ ਪੰਜਾਬੀ ਅਨੁਵਾਦ ਹੈ। Religion ਸ਼ਬਦ ਲਾਤੀਨੀ ਭਾਸ਼ਾ ਦੇ ਦੋ ਸ਼ਬਦਾਂ Re+legree ਦਾ ਜੋੜ ਹੈ। Re-ligare ਸ਼ਬਦ ਤੋਂ Relogio ਸ਼ਬਦ ਵਿਕਸਿਤ ਹੋਇਆ ਜਿਸ ਅਨੁਸਾਰ ਧਰਮ ਦਾ ਅਰਥ ਪਰਮਾਤਮਾ ਅਤੇ ਜਿਗਿਆਸੂ ਵਿਚਾਲੇ ਟੁੱਟੇ ਸੰਬੰਧਾਂ ਨੂੰ ਪੂਜਾ-ਅਰਚਨਾ ਰਾਹੀਂ ਜੋੜਨਾ ਜਾਂ ਪੁਨਰ ਸਥਾਪਤ ਕਰਨਾ ਹੈ। ਜੇਕਰ ਧਰਮ ਸ਼ਬਦ ਦੇ ਪੰਜਾਬੀ ਰੂਪ ਦੀ ਗੱਲ ਕਰੀਏ ਤਾਂ ਇਸ ਦਾ ਮੂਲ ਸੰਸਕ੍ਰਿਤ ਭਾਸ਼ਾ ਦੇ 'ਧ੍ਰਿ' ਧਾਤੂ ਨਾਲ ਜਾ ਜੁੜਦਾ ਹੈ। ਜਿਸ ਦਾ ਅਰਥ ਹੈ ਧਾਰਨ ਕਰਨਾ। ਸ਼ੁਰੂ-ਸ਼ੁਰੂ ਵਿਚ ਧਰਮ ਦਾ ਕਾਰਜ ਸਿਰਫ ਰੀਤੀ-ਰਿਵਾਜਾਂ ਤੱਕ ਹੀ ਸੀਮਿਤ ਸੀ। ਹੌਲੀ-ਹੌਲੀ ਧਰਮ ਦਾ ਸਰੂਪ ਵਿਕਸਿਤ ਹੋਣ ਦੇ ਨਾਲ ਧਰਮ ਨੂੰ ਅਕਾਦਮਿਕ ਪੱਧਰ ਉੱਪਰ ਸਮਝਣ ਦੀ ਲੋੜ੍ਹ ਮਹਿਸੂਸ ਕੀਤੀ ਜਾਣ ਲੱਗੀ। ਧਰਮ ਅਜਿਹੀ ਜੀਵਨ-ਜਾਚ ਹੈ, ਜੋ ਮਨੁੱਖੀ ਮਨ ਜਾਂ ਅੰਤਰੀਵਤਾ ਨੂੰ ਹੀ ਪ੍ਰਭਾਵਤ ਨਹੀਂ ਕਰਦੀ, ਸਗੋਂ ਮਨੁੱਖ ਦੇ ਬਾਹਰੀ ਭੇਖ ਨੂੰ ਸੁਹਜ, ਸੁੰਦਰਤਾ ਅਤੇ ਅਚਾਰਤੱਤ ਨਾਲ ਜੋੜ ਕੇ ਸਫ਼ਲ ਸਮਾਜਕ ਜੀਵਨ ਅਤੇ ਸੰਪੂਰਨਤਾ ਪ੍ਰਦਾਨ ਕਰਦੀ ਹੈ। ਧਰਮ ਮਨੁੱਖੀ ਚੇਤਨਾ, ਅਵਚੇਤਨਾ ਨਾਲ ਜੁੜੀ ਅਜਿਹੀ ਮਾਨਸਿਕ ਅਭਿਵਿਅਕਤੀ ਹੈ, ਜੋ ਕਿਸੇ ਨਾ ਕਿਸੇ ਅਲੌਕਿਕ, ਸਰਬ ਸ਼ਕਤੀਸ਼ਾਲੀ, ਸਰਬ ਵਿਆਪਕ ਹੋਂਦ ਪ੍ਰਤੀ ਵਿਸ਼ਵਾਸ ਅਤੇ ਅਨੁਭਵਤਾ ਦਾ ਪ੍ਰਗਟਾਅ ਕਰਦੀ ਹੈ। ਇਸੇ ਕਾਰਨ ਹੀ ਧਰਮ ਦਾ ਅਧਿਐਨ ਇਕ ਸੁਤੰਤਰ ਅਕਾਦਮਿਕ ਵਿਸ਼ੇ ਦੇ ਰੂਪ ਰਾਹੀਂ ਹੋਂਦ ਵਿਚ ਆਇਆ ਜਿਸ ਦਾ ਸਿਹਰਾ ਜਰਮਨੀ ਦੇ ਵਿਦਵਾਨ ਮੈਕਸਮੂਲਰ ਨੂੰ ਜਾਂਦਾ ਹੈ।

ਧਰਮ ਅਧਿਐਨ ਦਾ ਆਰੰਭ ਜਰਮਨ ਦੇ ਵਿਦਵਾਨ ਮੈਕਸਮੂਲਰ ਨੇ ਕੀਤਾ ਜਦੋਂ 1870 ਈ: ਵਿਚ ਲੰਡਨ ਵਿਚ ਦਿੱਤੇ ਇਕ ਲੈਕਚਰ ਦੌਰਾਨ ਉਸ ਨੇ ਧਰਮ ਅਧਿਐਨ ਦੀ ਗੱਲ ਕਰਦੇ ਹੋਏ ਇਸ ਦੀ ਜ਼ਰੂਰਤ

ਵਾਲੇ ਨੁਕਤੇ ਨੂੰ ਉਭਾਰਿਆ। ਇਸ ਸੰਬੰਧ ਵਿਚ ਮੈਕਸ ਮੂਲਰ ਦਾ ਇਹ ਵਿਚਾਰ ਸੀ ਕਿ ਧਰਮ ਦਾ ਸਹੀ ਅਧਿਐਨ ਕੇਵਲ ਇਕ ਧਰਮ ਦੇ ਅਧਿਐਨ ਨਾਲ ਸੰਭਵ ਨਹੀਂ। ਇਸ ਦੀ ਪੂਰਤੀ ਲਈ ਸਾਰੇ ਧਰਮਾਂ ਦਾ ਅਧਿਐਨ ਜ਼ਰੂਰੀ ਹੈ। ਧਰਮ ਅਧਿਐਨ ਵਿਚ ਵੱਖ-ਵੱਖ ਧਰਮਾਂ ਦਾ ਨਹੀਂ ਸਗੋਂ ਸਾਰੇ ਧਰਮਾਂ ਦਾ ਸਮੁੱਚੇ ਰੂਪ ਵਿਚ ਅਧਿਐਨ ਕੀਤਾ ਜਾਂਦਾ ਹੈ। ਇਸ ਵਿਸ਼ੇ ਦਾ ਪ੍ਰਮੁੱਖ ਆਧਾਰ ਨਿਰਪੱਖਤਾ ਹੈ। ਪੱਛਮੀ ਦੇਸ਼ਾਂ ਵਿਚ ਇਸ ਵਿਸ਼ੇ ਨੂੰ ਰਿਲਿਜਨਸਵਿਸਨਚੈਫਟ (Religionswissenschaft) ਦੇ ਨਾਮ ਨਾਲ ਜਾਣਿਆ ਜਾਂਦਾ ਹੈ ਜਿਸ ਦਾ ਅਰਥ ਹੈ ਧਰਮ-ਵਿਗਿਆਨ। ਜੋਅਖਿਮ ਵਾਕ (Joachim Wach) ਦੇ ਅਨੁਸਾਰ ਰਿਲਿਜਨਸੇਵਿਸਨਸ਼ੈਫਟ (Religionswissenschaft) ਆਪਣੇ ਧਰਮ ਤੋਂ ਇਲਾਵਾ ਸਾਰੇ ਧਰਮਾਂ ਵਿਚ ਪਾਏ ਜਾਣ ਵਾਲੇ ਉਨ੍ਹਾਂ ਸਾਰੇ ਵਿਸ਼ਿਆਂ, ਤੱਤਾਂ (Elements). ਪ੍ਰਪੰਚ (Phenomana) ਜਿਵੇਂ ਧਰਮ ਵਿਸ਼ਵਾਸ (Beliefs), ਪੂਜਾ ਪਾਠ (Cults), ਰੀਤੀ ਰਿਵਾਜ (Rituals) ਆਦਿ ਨੂੰ ਪੂਰੀ ਤਰ੍ਹਾਂ ਸਮਝਣ ਦਾ ਯਤਨ ਕਰਦਾ ਹੈ । ਉਨ੍ਹਾਂ ਅਰਥਾਂ, ਤੱਤਾਂ, ਹਾਲਤਾਂ ਆਦਿ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ ਜਿਨ੍ਹਾਂ ਨੇ ਅਨੇਕਾਂ ਧਾਰਮਿਕ ਵਿਸ਼ਿਆ ਅਤੇ ਵਾਸਤਵਿਕਤਾਵਾਂ ਨੂੰ ਜਨਮ ਦਿੱਤਾ ਹੈ। ਦੂਸਰੇ ਸ਼ਬਦਾਂ ਵਿਚ Religionswissenschaft ਜਾਂ ਧਰਮ-ਵਿਗਿਆਨ (Science of Religion) ਜਾਂ ਤੁਲਨਾਤਮਕ ਧਰਮ ਅਧਿਐਨ (Comparative Study of Religion) ਸਾਰੇ ਧਰਮਾਂ ਨੂੰ ਅਤੇ ਉਨ੍ਹਾਂ ਵਿਚ ਪਾਏ ਜਾਣ ਵਾਲੇ ਵਿਸ਼ਿਆਂ ਨੂੰ ਅਤੇ ਤੱਤਾਂ ਨੂੰ ਆਪਣਾ ਅਧਿਐਨ-ਵਿਸ਼ਾ ਮੰਨਦਾ ਹੈ, ਇਸ ਲਈ ਸਾਰੇ ਧਰਮਾਂ ਨੂੰ ਇਕ ਵਿਸ਼ਾਲ ਅਧਿਐਨ ਸਮਗਰੀ (Big vast data) ਸਮਝਦਾ ਹੈ ।

ਇਸੇ ਵਿਸ਼ੇ ਨੂੰ ਤੁਲਨਾਤਮਕ ਧਰਮ (Comparative Religion) ਕਿਹਾ ਜਾਂਦਾ ਹੈ, ਕਿਉਂਕਿ ਇਹ ਧਾਰਮਕ ਵਿਸ਼ਿਆਂ ਅਤੇ ਤੱਤਾਂ (Theme & Date) ਦਾ ਸਾਰੇ ਧਰਮਾਂ ਵਿਚ ਖੋਜ ਕਰਦਾ ਅਤੇ ਪਤਾ ਲਗਾਉਂਦਾ ਹੈ । ਉਨ੍ਹਾਂ ਦੇ ਇਕ ਸਮਾਨ ਜਾਂ ਇਕੋ ਜਿਹੇ ਤੱਤਾਂ ਦਾ ਪਤਾ ਲਗਾਉਂਦਾ ਅਤੇ ਉਨ੍ਹਾਂ ਦਾ ਤੁਲਨਾਤਮਕ ਅਧਿਐਨ ਕਰਦਾ ਹੈ । ਉਨ੍ਹਾਂ ਧਾਰਮਕ ਵਿਸ਼ਿਆਂ ਅਤੇ ਤੱਤਾਂ ਦੇ ਮੌਲਿਕ ਰੂਪ, ਢਾਂਚੇ, ਸਮਾਨਤਾਵਾਂ ਅਤੇ ਉਨਾਂ ਦੇ ਨਿਯਮਾਂ ਦੇ ਅਧਾਰਾਂ ਦਾ ਅਧਿਐਨ ਕਰਦਾ ਹੈ ਅਤੇ ਵਿਸ਼ਲੇਸ਼ਣ ਕਰਦਾ ਹੈ । ਇਸ ਪ੍ਰਕਾਰ ਦੇ ਅਧਿਐਨ ਵਿਚ ਉਨ੍ਹਾਂ ਧਾਰਮਕ ਵਿਸ਼ਿਆਂ ਅਤੇ ਤੱਤਾਂ ਦੀ ਤਹਿ ਵਿਚ ਜਾਣਾ ਪੈਂਦਾ ਹੈ ਅਤੇ ਅਤੀਤ ਵਿਚ ਉਨ੍ਹਾਂ ਦੇ ਜਨਮ ਜਾਂ ਆਰੰਭ ਅਰਥਾਤ ਉਨ੍ਹਾਂ ਦੇ ਨਿਕਾਸ ਅਤੇ ਵਿਕਾਸ ਦਾ ਇਤਿਹਾਸ ਲੱਭਣਾ ਹੁੰਦਾ ਹੈ। ਸਮੇਂ (Time) ਅਤੇ ਸਥਾਨ (Place) ਦੀਆਂ ਹਾਲਤਾਂ ਦਾ ਅਧਿਐਨ ਉਸ ਵਿਸ਼ੇ ਨੂੰ ਇਕ ਇਤਿਹਾਸਕ ਖੋਜ (Historical Research) ਬਣਾਉਂਦਾ ਹੈ ਜਿਸ ਦੇ ਕਾਰਨ ਇਸ ਵਿਸ਼ੇ ਨੂੰ ਧਰਮ ਇਤਿਹਾਸ (History of Religions) ਵੀ ਕਿਹਾ ਜਾਂਦਾ ਹੈ । ਕਿਉਂਕਿ ਧਰਮ ਅਧਿਐਨ ਦਾ ਸੰਬੰਧ ਦੂਸਰੇ ਵਿਸ਼ਿਆਂ ਨਾਲ ਵੀ ਜੁੜਿਆ ਹੋਇਆ ਹੈ ਜਿਵੇਂ ਦਰਸ਼ਨ (Philosophy), ਮਨੋਵਿਗਿਆਨ (Psychology), ਸਮਾਜ ਸ਼ਾਸਤਰ (Sociology), ਮਾਨਵ ਵਿਗਿਆਨ (Anthropology), ਇਤਿਹਾਸ (History) ਆਦਿ ।

ਦੂਸਰੇ ਸ਼ਬਦਾਂ, ਵਿਚ ਧਰਮ ਅਧਿਐਨ ਆਪਣੇ ਵਿਸ਼ਾਲ ਅਧਿਐਨ ਖੇਤਰ ਦੇ ਕਾਰਨ ਇਕ ਮਾਂ-ਵਿਸ਼ੇ (Mother Discipline) ਦੇ ਰੂਪ ਵਿਚ ਸਮਝਿਆ ਜਾਂਦਾ ਹੈ ।

ਰੋਡੋਲਫ ਓਟੋ ਨੇ ਧਰਮ ਅਧਿਐਨ ਦੇ ਸੰਬੰਧ ਵਿਚ ਇਹ ਵਿਚਾਰ ਪੇਸ਼ ਕੀਤਾ ਕਿ ਧਰਮ ਨੂੰ ਸਮਝਣ ਲਈ ਤਾਰਕਿਕ ਵਿਧੀ ਨਹੀਂ ਅਪਣਾਈ ਜਾ ਸਕਦੀ ਕਿਉਂਕਿ ਧਰਮ ਆਪਣੇ ਅਨੁਭਵ ਦੇ ਪੱਖ ਤੋਂ ਰਹੱਸਮਈ ਹੁੰਦਾ ਹੈ। ਧਰਮ ਅਧਿਐਨ ਸੰਬੰਧੀ ਯੋਗਦਾਨ ਪਾਉਣ ਵਾਲੇ ਵਿਦਵਾਨਾਂ ਵਿਚ ਅਸੀਂ ਈ.ਬੀ. ਟਾਇਲਰ, ਮਰਸੀ ਇਲਾਡੇ, ਜੇਮਜ਼ ਫਰੇਜ਼ਰ, ਮੈਲਨੋਵਸਕੀ, ਇਮਾਇਅਲ ਦੁਰਖੀਮ, ਮੈਕਸ ਵੈਬਰ, ਪਾਲ ਟਿਲਕ, ਆਦਿ ਦਾ ਨਾਮ ਲੈ ਸਕਦੇ ਹਾਂ।

ਜੇਕਰ ਅਸੀਂ ਧਰਮ ਦੀ ਪਰਿਭਾਸ਼ਾ ਦੀ ਗੱਲ ਕਰੀਏ ਤਾਂ ਇਸ ਨੂੰ ਦੋ ਹਿੱਸਿਆਂ ਵਿਚ ਵੰਡ ਕੇ ਵੇਖ ਸਕਦੇ ਹਾਂ। ਇਕ ਤਾਂ ਉਹ ਜਿਹੜੀਆਂ ਧਰਮ ਦੇ ਸਿਧਾਂਤਕ (dogmatic) ਪਹਿਲੂ ਨੂੰ ਹੀ ਪ੍ਰਮੁੱਖਤਾ ਦਿੰਦੀਆਂ ਹਨ। ਇਹ ਧਰਮ ਦੇ ਪ੍ਰੈਕਟਕਲ ਪਹਿਲੂ ਨੂੰ ਨਜ਼ਰ-ਅੰਦਾਜ਼ ਕਰਦੀਆਂ ਹਨ। ਇਨ੍ਹਾਂ ਅਨੁਸਾਰ ਧਰਮ ਸਿਰਫ ਇਕ ਦੈਵੀ ਅਨੁਭਵ ਹੈ। ਇਸ ਪੱਖ ਦਾ ਮੁਦਈ ਜਾਰਜ ਗੈਲੋਵੇ ਆਪਣੀ ਇਕ ਪੁਸਤਕ ਵਿਚ ਕਹਿੰਦਾ ਹੈ ਕਿ ਧਰਮ ਤਾਂ ਮਨੁੱਖ ਦੀ ਇਕ ਦੈਵੀ ਸ਼ਕਤੀ ਵਿਚ ਆਸਥਾ ਦਾ ਨਾਂ ਹੈ, ਜਿਸ ਰਾਹੀਂ ਉਹ ਆਪਣੀ ਭਾਵਨਾਤਮਕ ਸੰਤੁਸ਼ਟੀ ਚਾਹੁੰਦਾ ਹੈ ਅਤੇ ਜਿਸ ਸੰਤੁਸ਼ਟੀ ਨੂੰ ਉਹ ਪੂਜਾ ਦੇ ਵਿਧੀ-ਵਿਧਨ ਰਾਹੀਂ ਅਭਿਵਿਅਕਤ ਕਰਦਾ ਹੈ। ਇਸ ਤਰ੍ਹਾਂ ਐਲਬਰਟ ਆਈਨਸਟੀਨ ਵੀ ਆਪਣੇ ਇਕ ਲੇਖ ਵਿਚ ਧਰਮ ਨੂੰ (super personal) ਕੀਮਤਾਂ ਦੇ ਅਹਿਸਾਸ ਨਾਲ ਜੋੜਦਾ ਹੈ। ਰੂਡੋਲਫ ਓਟੋ (Rudolf Otto) ਆਪਣੀ ਪ੍ਰਸਿੱਧ ਪੁਸਤਕ (The Idea of Holy) ਵਿਚ ਬਾਈਬਲ ਦੇ ਪੈਗੰਬਰਾਂ ਅਤੇ ਸੰਤਾਂ ਦੇ ਪਰਮਾਤਮਾ ਨਾਲ ਸੰਬਾਦ ਦਾ ਬਿਰਤਾਂਤ ਦਿੰਦਿਆਂ ਹੋਇਆਂ ਧਾਰਮਿਕ ਚੇਤੰਨਤਾ ਦੇ ਤੱਤ ਨੂੰ ਭੈਅ, ਪਰਮਾਤਮਾ ਦੇ ਸਨਮੁੱਖ ਇਕ ਵਿਚਿਤਰ ਭੈਅ ਦਾ ਨਾਂ ਦਿੰਦਾ ਹੈ। ਮਰਸੀ ਇਲੀਆਡੇ (Mircea Eliade) ਆਪਣੀ ਪੁਸਤਕ (Sacred and the Profane) ਵਿਚ ਓਟੋ ਦੀ ਉਪਰੋਕਤ ਪਰਿਭਾਸ਼ਾ ਦਾ ਪੁਨਰ-ਮੁਲਾਂਕਣ ਵੀ ਕਰਦਾ ਹੈ ਅਤੇ ਉਸ ਦੇ ਘੇਰੇ ਨੂੰ ਵੀ ਵਡੇਰਾ ਕਰਦਾ ਹੈ। ਉਸੇ ਅਨੁਸਾਰ ਅਧਿਆਤਮਕਤਾ ਸਿਰਫ ਪਰਮਾਤਮਾ ਨਾਲ ਸੰਵਾਦ ਵਿਚੋਂ ਹੀ ਨਹੀਂ ਉਘੜਦੀ, ਬਲਕਿ ਇਹ ਤਾਂ ਹਰ ਸਭਿਆਚਾਰ ਦੇ ਚਿੰਨ੍ਹਵਾਦ ਅਤੇ ਵਿਧੀ-ਵਿਧਾਨ ਵਿਚ ਵੇਖੀ ਜਾ ਸਕਦੀ ਹੈ।

## 2.2 ਧਰਮ ਦੇ ਸਰੂਪ ਵਿਚੋਂ ਪ੍ਰਗਟ ਹੋਣ ਵਾਲੇ ਮੁੱਖ ਨੁਕਤੇ

ਧਰਮ ਦੇ ਅਰਥ, ਪਰਿਭਾਸ਼ਾ ਅਤੇ ਸਰੂਪ ਦੇ ਅਧਿਐਨ ਤੋਂ ਬਾਅਦ ਇਸ ਦੇ ਹੇਠ ਲਿਖੇ ਮੁੱਖ ਰੂਪ ਉੱਭਰ ਕੇ ਸਾਹਮਣੇ ਆਉਂਦੇ ਹਨ-

1. ਪਰਾਭੌਤਿਕ ਜਾਂ ਅਧਿਆਤਮਿਕ ਹਸਤੀਆਂ ਵਿਚ ਵਿਸ਼ਵਾਸ਼।
2. ਆਪਣੇ ਕਰਤੱਵਾਂ ਦੀ ਦ੍ਰਿੜ੍ਹਤਾ ਪੂਰਵਕ ਪਾਲਣਾ ਕਰਨੀ।
3. ਸਦਾਚਾਰਕ ਕਾਰਜ ਕਰਦੇ ਹੋਏ ਨੈਤਿਕਤਾ ਭਰਪੂਰ ਜੀਵਨ ਬਤੀਤ ਕਰਨਾ।
4. ਕਿਸੇ ਖਾਸ ਧਾਰਮਿਕ ਨਿਯਮਾਵਲੀ ਦੀ ਵਿਧੀ ਪੂਰਵਕ ਢੰਗ ਨਾਲ ਪਾਲਣਾ ਕਰਨੀ।

5. ਕੁਝ ਖਾਸ ਵਸਤੂਆਂ ਅਤੇ ਆਪਣੇ ਵਿਸ਼ਵਾਸ ਨਾਲ ਸੰਬੰਧਿਤ ਧਾਰਮਿਕ ਹਸਤੀਆਂ ਨੂੰ ਪਵਿੱਤਰ ਕਰਕੇ ਮੰਨਣਾ।

6. ਧਾਰਮਿਕ ਗ੍ਰੰਥਾਂ ਦਾ ਸ਼ਰਧਾ ਸਹਿਤ ਪਠਨ-ਪਾਠਨ ਕਰਨਾ ਅਤੇ ਇਸਦੇ ਸੰਦੇਸ਼ ਅਨੁਸਾਰ ਆਪਣੇ ਜੀਵਨ ਨੂੰ ਢਾਲਣਾ।

## 2.3 ਧਰਮ-ਵਿਗਿਆਨ ਆਰੰਭ ਅਤੇ ਪਿਛੋਕੜ

ਧਰਮ-ਵਿਗਿਆਨ ਅੰਗਰੇਜ਼ੀ ਸ਼ਬਦ Theology ਦਾ ਪੰਜਾਬੀ ਰੂਪਾਂਤਰਨ ਹੈ। Theology ਸ਼ਬਦ ਦਾ ਪਿਛੋਕੜ ਗਰੀਕ ਸ਼ਬਦ Theologia ਨਾਲ ਜਾ ਮਿਲਦਾ ਹੈ। ਜਿਸਦਾ ਸ਼ਬਦ ਬੋਧ ਹੈ ਦੈਵੀ ਸੱਤਾ ਨਾਲ ਜੁੜਿਆ ਪ੍ਰਵਚਨ। ਧਰਮ ਸ਼ਾਸਤਰ (Theologya) ਸ਼ਬਦ ਸਭ ਤੋਂ ਪਹਿਲਾਂ ਪਲੈਟੋ ਦੀ ਲਿਖਤ 'ਰੀਪਬਲਿਕ' ਵਿਚ ਵੇਖਣ ਨੂੰ ਮਿਲਦਾ ਹੈ। ਪਲੈਟੋ ਨੇ ਤਾਂ ਇਸਨੂੰ ਕਵਿਤਾ ਦੇ ਸਬੰਧ ਵਿਚ ਹੀ ਵਰਤਿਆ ਸੀ ਪਰ ਉਸਨੇ ਨਾਲ ਹੀ ਇਹ ਵੀ ਪਰਵਾਨ ਕਰ ਲਿਆ ਸੀ ਕਿ ਥਿਆਲੋਜੀ ਸ਼ਬਦ ਵਿਚ ਇਕ ਅਰਥ ਇਹ ਵੀ ਨਿਹਿਤ ਹੈ ਜਿਨ੍ਹਾਂ ਮੁਤਾਬਿਕ ਇਸ ਸ਼ਬਦ ਦਾ ਅਰਥ ਦੇਵਤਿਆਂ ਬਾਰੇ ਕਹਾਣੀਆਂ ਸੁਣਾਉਣਾ ਵੀ ਬਣ ਜਾਂਦਾ ਹੈ। ਧਾਰਮਿਕ ਹਸਤੀਆਂ ਨਾਲ ਜੁੜੀਆਂ ਹੋਈਆਂ ਇਨ੍ਹਾਂ ਕਥਾ ਕਹਾਣੀਆਂ ਰਾਹੀਂ ਧਰਮ ਦੇ ਗੂੜ ਪ੍ਰਗਟਾਵੇ ਨੂੰ ਅਸੀਂ ਧਰਮ ਸ਼ਾਸਤਰ ਦਾ ਆਧਾਰ ਕਹਿ ਸਕਦੇ ਹਾਂ। ਪਲੈਟੋ ਤੋਂ ਬਾਅਦ ਅਰਸਤੂ ਨੇ ਆਪਣੇ ਅਧਿਆਤਮਵਾਦ (Metaphysics) ਵਿਚ ਤਿੰਨ ਵਿਗਿਆਨਾਂ- ਗਣਿਤ ਵਿਗਿਆਨ, ਪਰਾਭੌਤਿਕ ਵਿਗਿਆਨ ਅਤੇ ਧਰਮ-ਵਿਗਿਆਨ ਦਾ ਜ਼ਿਕਰ ਕੀਤਾ ਹੈ। ਪ੍ਰਸਿੱਧ ਚਿੰਤਕ ਐਬੇਲਾਰਡ (1079-1142) ਨੇ ਧਰਮ-ਵਿਗਿਆਨ ਨੂੰ ਈਸਾਈ ਸਿਧਾਂਤ ਨਾਲ ਜੋੜਕੇ ਹੋਏ ਇਹ ਪ੍ਰਵਾਨ ਕੀਤਾ ਕਿ ਪਵਿੱਤਰ ਗ੍ਰੰਥ ਦੇ ਆਧਾਰਿਤ ਚਰਚ ਵਿਚ ਕੀਤੀ ਜਾਂਦੀ ਵਿਆਖਿਆ ਦਾ ਅਧਿਐਨ ਹੀ ਧਰਮ- ਵਿਗਿਆਨ ਹੈ।

ਸੰਤ ਥਾਮਸ ਐਕੁਵਨਾਸ (1225-1274) ਨੇ ਧਰਮ ਸ਼ਾਸਤਰ ਦੇ ਦੋ ਮੁੱਖ ਰੂਪ ਸਵੀਕਾਰੇ ਹਨ। ਇਲਹਾਮੀ ਅਤੇ ਪ੍ਰਕ੍ਰਿਤਿਕ ਧਰਮ ਸ਼ਾਸਤਰ/ਸੰਤ ਥਾਮਸ ਐਕੁਵਨਾਸ ਨੇ, ਧਰਮ ਮੀਮਾਂਸਾ ਨਾਲੋਂ ਪ੍ਰਕ੍ਰਿਤਿਕ ਧਰਮ-ਮੀਮਾਂਸਾ ਨੂੰ ਵਧੇਰੇ ਵਿਆਪਕ ਅਤੇ ਬੋਧਿਕ ਮੰਨਿਆ ਹੈ ਪਰ ਥਾਮਸ ਐਕੁਵਨਾਸ ਦੇ ਹੀ ਸਮਕਾਲੀ ਧਰਮ ਚਿੰਤਕ ਰੋਜ਼ਨ ਬਾਕੋਨ (1212-1292) ਅਤੇ ਜੌਨ ਡੰਸ ਸਕਾਟ (1265-1380) ਥਾਮਸ ਐਕੁਵਨਾਸ ਦੇ ਧਰਮ ਸ਼ਾਸਤਰ ਸੰਬੰਧੀ ਦਾਰਸ਼ਨਿਕ ਵਿਚਾਰਾਂ ਨਾਲ ਵਿਰੋਧਤਾ ਦਰਸਾਉਦੇ ਹਨ। ਰੋਜ਼ਰ ਬਾਕੋਨ ਨੇ ਇਲਹਾਮ ਨੂੰ ਤਾਰਕਿਕ ਨਹੀਂ ਮੰਨਿਆ, ਬਲਕਿ ਉਸਨੇ ਭਰਮ ਯੁਕਤ ਹੋਣ ਦੀ ਸ਼ੰਕਾ ਪ੍ਰਗਟਾਈ ਹੈ। ਜੌਨ ਸਕਾਟ ਡੰਮ ਨੇ ਧਰਮ ਨੂੰ ਅਬੋਧ ਵਿਸ਼ਾ ਮੰਨਿਆ ਹੈ।

## 2.4 Theology ਅਤੇ Theosophy ਵਿਚਕਾਰ ਆਪਸੀ ਸਮਾਨਤਾ

'ਦ' ਮੈਕਮਿਲਨ ਫੈਮਿਲੀ ਇਨਸਾਈਕਲੋਪੀਡੀਆ Theology ਦੇ ਸਮਾਨਾਰਥਕ ਸ਼ਬਦ Theosophy ਪ੍ਰਸਤੁਤ ਕਰਦਾ ਹੈ ਜਿਸਦਾ ਪਿਛੋਕੜ ਵੀ ਗਰੀਕ ਪ੍ਰੰਪਰਾ ਨਾਲ ਜਾ ਜੁੜਦਾ ਹੈ।

Theosophy ਦੀ ਵਿਚਾਰਧਾਰਾ ਵੀ Theology ਨਾਲ ਮਿਲਦੀ ਹੋਈ ਪ੍ਰਤੀਤ ਹੁੰਦੀ ਹੈ। Theosophy ਸ਼ਬਦ ਦੋ ਸ਼ਬਦਾਂ Theos ਅਤੇ Sophia ਦੇ ਸੁਮੇਲ ਤੋਂ ਬਣਿਆ। Theos ਦਾ ਅਰਥ (God) ਅਤੇ Sophia ਦਾ ਅਰਥ (wisdom)। ਜਿਸਦਾ ਭਾਵ ਹੈ ਪਰਮਾਤਮਾ ਸੰਬੰਧੀ ਗਿਆਨ। ਆਮ ਅਰਥਾਂ ਵਿਚ Theosophy ਰਹੱਸਵਾਦੀ ਦਰਸ਼ਨ ਦੇ ਵਿਆਪਕ ਘੇਰੇ ਨੂੰ ਦਰਸਾਉਂਦੀ ਹੈ। ਇਹ ਪ੍ਰੰਪਰਾ ਕੁਦਰਤ ਅਤੇ ਉਸ ਵਿਚ ਮਨੁੱਖ ਦੀ ਭੂਮਿਕਾ ਦੇ ਵਿਚਾਰ ਸੰਬੰਧੀ ਸਰਵ ਵਿਆਪੀ ਰਸਤਾ ਪ੍ਰਦਾਨ ਕਰਦੀ ਹੈ।

The Penguin Dictionary of Religions ਵੀ Theosophy ਦੀ ਪਰਿਭਾਸ਼ਿਤ ਕਰਦਾ ਹੈ ਕਿ Theosophy ਦੀ ਵਿਚਾਰਧਾਰਾ ਉਨ੍ਹਾਂ ਸਾਰੇ ਵਿਚਾਰਾਂ ਉੱਪਰ ਕੇਂਦਰਿਤ ਹੈ ਜਿਹੜੇ ਵਿਚਾਰ ਇਲਹਾਮ ਕੇਂਦਰਿਤ ਹਨ ਤੇ ਜਿਸਦਾ ਕੇਂਦਰ ਬਿੰਦੂ ਪਰਮਾਤਮਾ ਹੈ। The world book fo Encyclopedia Theosophy ਦੀ ਵਿਚਾਰਧਾਰਾ ਨੂੰ ਹੋਰ ਉੱਪਰ ਤਕ ਲੈ ਕੇ ਜਾਂਦਾ ਹੈ। ਉਸਦੇ ਅਰਥਾਂ ਅਨੁਸਾਰ Theosophy ਇਕ ਧਾਰਮਿਕ ਸੋਚ ਦੀ ਪ੍ਰਣਾਲੀ ਹੈ। ਇਹ ਪਰਮਾਤਮਾ ਦੇ ਸੁਭਾਅ ਅਤੇ ਬ੍ਰਹਿਮੰਡ ਦੇ ਨਿਯਮਾਂ ਬਾਰੇ ਇਕ ਰਹੱਸਵਾਦੀ ਸੂਝ ਦੇ ਦਾਅਵਿਆਂ ਤੇ ਆਧਾਰਤ ਹੈ। Theosophy ਦਾ ਮੰਨਣਾ ਹੈ ਕਿ ਸੱਚਾ ਗਿਆਨ ਤਰਕ ਜਾਂ ਇੰਦਰੀਆਂ ਰਾਹੀਂ ਨਹੀਂ ਸਿੱਧਾ ਹੀ ਆਤਮਾ ਦੁਆਰਾ ਦੈਵੀ ਅਨੁਭਵ ਰਾਹੀਂ ਹੁੰਦਾ ਹੈ।

**2.5 ਧਰਮ-ਵਿਗਿਆਨ ਦਾ ਕਾਰਜ ਖੇਤਰ**

ਧਰਮ-ਵਿਗਿਆਨ (Theology) ਸ਼ਬਦ ਆਪਣੇ ਵਿਆਪਕ ਅਰਥਾਂ ਵਿਚ ਰੱਬ ਸੰਬੰਧੀ ਵਿਚਾਰ ਹੀ ਹੈ ਜੋ ਧਰਮ ਜਿਤਨਾ ਹੀ ਪੁਰਾਣਾ ਹੈ। ਪਿਛੋਂ ਇਹ ਅਧਿਐਨ ਕੇਵਲ ਰੱਬ ਦਾ ਅਧਿਐਨ ਨਾ ਰਹਿ ਕੇ ਰੱਬ ਦਾ ਆਪਣੀ ਸ੍ਰਿਸ਼ਟੀ ਅਤੇ ਮਨੁੱਖ ਨਾਲ ਸਬੰਧਾਂ ਦਾ ਵਿਆਪਕ ਅਧਿਐਨ ਵੀ ਹੋ ਨਿਬੜਿਆ। ਆਕਸਫੋਰਡ ਡਿਕਸ਼ਨਰੀ ਦੇ ਅਨੁਸਾਰ ਵੀ ਧਰਮ-ਵਿਗਿਆਨ ਦੇ ਕਾਰਜ ਖੇਤਰ ਅਧੀਨ ਪਰਮਾਤਮਾ, ਉਸਦੀ ਪ੍ਰਕਿਰਤੀ ਅਤੇ ਉਸਦੇ ਗੁਣਾਂ ਦੀ ਗੱਲ ਕੀਤੀ ਜਾਂਦੀ ਹੈ ਅਤੇ ਅਜਿਹਾ ਕਰਦੇ ਸਮੇਂ ਮਨੁੱਖ ਅਤੇ ਕਾਇਨਾਤ ਨੂੰ ਧਿਆਨ ਵਿਚ ਰੱਖਿਆ ਜਾਂਦਾ ਹੈ। The world book of Encyclopedia ਮੁਤਾਬਕ ਧਰਮ-ਵਿਗਿਆਨ ਪਰਮਾਤਮਾ ਸੰਬੰਧੀ ਚਾਰ ਪ੍ਰਸ਼ਨ ਖੜ੍ਹੇ ਕਰਦਾ ਹੈ।

1. ਪਰਮਾਤਮਾ ਦੀ ਹੋਂਦ
2. ਪਰਮਾਤਮਾ ਦਾ ਸਰੂਪ
3. ਪਰਮਾਤਮਾ ਦਾ ਸੰਸਾਰ ਅਤੇ ਜੀਵ ਨਾਲ ਸੰਬੰਧ
4. ਮਨੁੱਖ ਦਾ ਪਰਮਾਤਮਾ ਸੰਬੰਧੀ ਅਨੁਭਵ

ਇਥੋਂ ਹੀ ਧਰਮ-ਵਿਗਿਆਨ  ਦਾ ਸੰਬੰਧ ਧਰਮ ਦੇ ਅੰਦਰੂਨੀ ਰਸਮਾਂ, ਰੀਤੀ-ਰਿਵਾਜਾਂ ਨਾਲ ਹੋਰ ਗੂੜ੍ਹਾ ਹੋ ਜਾਂਦਾ ਹੈ ਕਿਉਂਕਿ ਧਰਮ ਦਾ ਕੇਂਦਰ ਬਿੰਦੂ ਪਰਮਾਤਮਾ ਨੂੰ ਹੀ ਮੰਨਿਆ ਜਾਂਦਾ ਹੈ। ਪਾੱਲ ਟਿਲਕ ਨੇ ਵੀ ਧਰਮ ਅਧੀਨ ਆਉਂਦੀਆਂ ਰਸਮਾਂ, ਚਿੰਨ੍ਹਾਂ, ਕਥਾਵਾਂ ਤੇ ਧਾਰਮਿਕ ਵਸਤੂਆਂ ਦੀ ਤਰਕ ਸੰਗਤ ਵਿਖਿਆ ਨੂੰ ਵੀ ਧਰਮ-ਵਿਗਿਆਨ  ਦੇ ਅਧੀਨ ਹੀ ਰੱਖਿਆ ਹੈ। ਈਸਾਈ ਥਿਆਲੋਜੀਅਨ ਜਾਨ ਮੈਕਕਿਉਰੀ ਸਹਿਮਤੀ ਪ੍ਰਗਟ ਕਰਦਾ ਹੋਇਆ ਲਿਖਦਾ ਹੈ ਕਿ ਥਿਆਲੋਜੀ ਕਿਸੇ ਧਰਮ ਦਾ ਅਮਲ ਅਤੇ ਚਿੰਤਨ ਰਾਹੀਂ ਅਧਿਐਨ ਹੈ ਅਤੇ ਕਰਮ ਤੇ ਵਸਤੂ ਨੂੰ ਵੱਧ ਤੋਂ ਵੱਧ ਸਪੱਸ਼ਟ ਅਤੇ ਤਰਕਸੰਗਤ ਭਾਸ਼ਾ ਵਿਚ ਬਿਆਨ ਕਰਨ ਦਾ ਯਤਨ ਹੁੰਦਾ ਹੈ।

ਧਰਮ ਦੀ ਵਿਵੇਕਸ਼ੀਲ ਵਿਆਖਿਆ ਦੇ ਜਤਨਾਂ ਵਿਚੋਂ ਇਕ ਉੱਘਾ ਜਤਨ ਧਰਮ ਸਿਧਾਂਤ ਜਾਂ ਧਰਮ ਮੀਮਾਂਸਾ ( Theology ) ਦਾ ਹੈ, ਜਿਸ ਨੇ ਆਪਣੀ ਵਿਸ਼ੇਸ਼ ਵਿਧੀ ਵਿਕਸਿਤ ਕੀਤੀ ਹੈ, ਧਰਮ ਸਿਧਾਂਤੀਆਂ ਦਾ ਮਤ ਹੈ ਕਿ ਧਰਮ ਕਿਸੇ ਮਨੁੱਖ ਦੀ ਘਾੜਤ ਨਹੀਂ, ਇਹ  ਇਕ ਨਿਆਮਤ ਹੈ, ਰੱਬੀ ਦਾਤ ਹੈ, ਜੋ ਮਨੁੱਖ ਨੂੰ ਮਿਲੀ ਹੋਈ ਹੈ, ਆਧੁਨਿਕ ਦੌਰ ਵਿਚ ਧਰਮ-ਮੀਮਾਂਸਾ ਦਾ ਵਿਕਾਸ ਵਧੇਰੇ ਕਰਕੇ ਈਸਾਈ –ਚਿੰਤਕਾਂ ਦੇ ਹੱਥਾਂ ਵਿਚ ਹੋਇਆ ਹੈ, ਜਿਨ੍ਹਾਂ ਨੇ ਈਸਾਈਅਤ ਦੇ ਬੁਨਿਆਦੀ ਸਿਧਾਂਤਾਂ ਤੇ ਵਿਸ਼ਵਾਸਾਂ ਨੂੰ ਸਾਰਥਿਕ ਸਿੱਧ ਕਰਨ ਹਿਤ ਦਾਰਸ਼ਨਿਕ ਦਲੀਲਾਂ ਤੇ ਵਿਧੀਆਂ ਦੀ ਵਰਤੋਂ ਕੀਤੀ ਹੈ।  ਡਾ. ਧਰਮ ਸਿੰਘ ਅਨੁਸਾਰ ਇਸਾਈ ਧਾਰਮਿਕ ਸਾਹਿਤ ਵਿਚ Theologos ਸ਼ਬਦ ਸਭ ਤੋਂ ਪਹਿਲਾਂ Apocalypse ਦੇ ਲੇਖਕ ਨੇ ਵਰਤਿਆ। ਤੀਜੀ ਅਤੇ ਚੌਥੀ ਸ਼ਤਾਬਦੀ ਤੀਕ Theologos  ਸ਼ਬਦ ਨੂੰ ਆਮ ਤੌਰ ’ਤੇ ਉਸ ਵਿਅਕਤੀ ਲਈ ਹੀ ਵਰਤਿਆ ਜਾਂਦਾ ਸੀ ਜਿਹੜਾ ਇਸ Doctrine ਨੂੰ ਸਮਝਾ ਸਕੇ। ਮੱਧ ਕਾਲੀਨ ਯੁੱਗ ਤੱਕ ਪਹੁੰਚਦਿਆਂ-ਪਹੁੰਚਦਿਆਂ (Theology) ਸ਼ਬਦ ਪਾਦਰੀਆਂ ਅਤੇ ਧਰਮ ਸ਼ਾਸਤਰੀਆਂ ਦੁਆਰਾ ਅਧਿਐਨ ਕੀਤੇ ਜਾਣ ਵਾਲੇ ਧਾਰਮਿਕ (Doctrine) ਸਿਧਾਂਤ ਦੇ ਸਮਾਨਾਰਥਕ ਹੋ ਗਿਆ ਸੀ।

ਈਸਾਈਅਤ ਨੇ ਤਾਂ Theology ਨੂੰ ਧਰਮ ਦੇ ਮੁੱਖ ਅੰਗ ਵਜੋਂ ਅਜਿਹਾ ਸਵੀਕਾਰ ਕੀਤਾ ਹੈ। ਪ੍ਰਸਿੱਧ ਥਿਆਲੋਜੀਅਨ ਪਾਲ ਟਿਲਕ ਵੀ ਥਿਆਲੋਜੀਕਲ ਪ੍ਰਬੰਧ ਨੂੰ ਇਸਾਈਅਤ ਨਾਲ ਜੋੜਦਾ ਹੋਇਆ ਲਿਖਦਾ ਹੈ- ਥਿਆਲੋਜੀ ਦਾ ਮਨੋਰਥ ਦੋ ਬੁਨਿਆਦੀ ਲੋੜਾਂ ਪੂਰੀਆਂ ਕਰਨਾ ਹੁੰਦਾ ਹੈ। ਈਸਾਈ ਸੰਦੇਸ਼ ਦੀ ਸੱਚਾਈ ਦਾ ਬਿਆਨ ਅਤੇ ਇਸ ਸੱਚਾਈ ਦੀ ਹਰੇਕ ਨਵੀਂ ਪੀੜ੍ਹੀ ਲਈ ਵਿਆਖਿਆ।  ਇਸ ਤੋਂ ਇਲਾਵਾ ਹੋਰ ਈਸਾਈ ਵਿਦਵਾਨਾਂ ਨੇ ਈਸਾਈ ਧਰਮ ਦੇ ਮੁੱਖ ਸਿਧਾਂਤਾਂ ਨੂੰ ਪ੍ਰਭਾਸ਼ਿਤ ਕਰਨ ਲਈ Theology ਦੇ ਅਧੀਨ ਹੋਰ ਹੋਰ ਉਪ-ਸਿਰਲੇਖ ਵੀ ਨਿਯਤ ਕਰ ਲਏ। ਈਸਾਈ ਧਰਮ ਵਿਚ ਪਰਮਾਤਮਾ ਨੂੰ God ਦੇ ਨਾਮ ਨਾਲ ਜਾਣਿਆ ਜਾਂਦਾ ਹੈ। God ਸੰਬੰਧੀ ਸਮੁੱਚੇ ਅਧਿਐਨ ਨੂੰ ਈਸਾਈਅਤ ਵਿਚ Theology proper ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਦੂਸਰੇ ਤੌਰ ’ਤੇ  ਕ੍ਰਿਸਚੈਨਿਟੀ ਦਾ ਆਰੰਭ ਪੈਗੰਬਰ ਈਸਾ ਤੋਂ ਹੁੰਦਾ ਹੈ। ਪੈਗੰਬਰ ਈਸਾ ਦੀਆਂ ਸਿੱਖਿਆਵਾਂ ਨੂੰ ਈਸਾਈਅਤ ਨੇ Christology ਦਾ ਨਾਂਮ ਦਿੱਤਾ। ਈਸਾਈਅਤ ਵਿਚ ਇਹ ਮੰਨਿਆ ਜਾਂਦਾ ਹੈ ਕਿ ਪਰਮੇਸ਼ਰ ਸਮੇਂ-ਸਮੇਂ ਉਪਰ ਆਪਣੇ ਦੂਤਾਂ ਨੂੰ ਇਸ ਸੰਸਾਰ ਵਿਚ ਭੇਜਦਾ ਹੈ। ਇਨ੍ਹਾਂ ਦੂਤਾਂ

ਸੰਬੰਧੀ ਅਧਿਐਨ ਨੂੰ Angelology ਦਾ ਨਾਮ ਨਾਲ ਪ੍ਰੀਭਾਸ਼ਿਤ ਕੀਤਾ ਗਿਆ ਹੈ। ਯਹੂਦੀ ਅਤੇ ਈਸਾਈ ਧਰਮ ਦੇ ਸਾਂਝੇ ਅਤੇ ਪਵਿੱਤਰ ਧਰਮ ਗ੍ਰੰਥ ਬਾਈਬਲ ਦੇ ਅਧਿਐਨ ਨੂੰ Biblical Theology ਸ਼ਾਖਾ ਅਧੀਨ ਰੱਖਿਆ ਗਿਆ ਹੈ। ਈਸਾਈ ਧਰਮ ਵਿਚ ਮੁੱਖ ਸਿਧਾਂਤ ਪਵਿੱਤਰ ਆਤਮਾ ਦਾ ਆਉਂਦਾ ਹੈ। ਪਵਿੱਤਰ ਆਤਮਾ ਦੀ ਸਿੱਖਿਆ ਨੂੰ (Pneumatology) ਦਾ ਨਾਮ ਦਿੱਤਾ ਗਿਆ। ਈਸਾਈਅਤ ਦੀ ਸਭ ਤੋਂ ਵੱਡੀ ਧਾਰਨਾ ਹੈ (Me The door of Solvation, Salvation) ਸੰਬੰਧੀ ਸਮੁੱਚੀ ਵਿਚਾਰਧਾਰਾ ਨੂੰ Soteriology ਕਿਹਾ ਜਾਂਦਾ ਹੈ। ਈਸਾਈਅਤ ਦੇ ਧਰਮ ਅਸਥਾਨ ਜਿਸ ਨੂੰ ਚਰਚ ਦਾ ਨਾਮ ਦਿੱਤਾ ਜਾਂਦਾ ਹੈ ਉਸ ਦੀ ਸਮੁੱਚੀ ਸਿੱਖਿਆ ਨੂੰ Ecclesiology ਦਾ ਨਾਮ ਦਿੱਤਾ ਜਾਂਦਾ ਹੈ। ਈਸਾਈ ਧਰਮ ਵਿਚ ਈਸਾਈਅਤ ਨੂੰ ਪ੍ਰਣਾਏ ਹੋਏ ਮਨੁੱਖਾਂ ਲਈ ਜੀਵਨ ਦੇ ਅੰਤਲੇ ਸਮੇਂ ਨੂੰ ਇਕ ਖ਼ਾਸ ਪ੍ਰਬੰਧ ਦੇ ਤੌਰ ’ਤੇ ਦੇਖਿਆ ਜਾਂਦਾ ਹੈ ਜਿਸ ਨੂੰ A day of Judgement ਦਾ ਨਾਮ ਦਿੱਤਾ ਜਾਂਦਾ ਹੈ। ਇਹ ਮੰਨਿਆ ਜਾਂਦਾ ਹੈ ਕਿ ਜੋ ਵੀ ਇਨਸਾਨ ਚੰਗੇ ਕਰਮ ਕਰੇਗਾ ਉਸ ਨੂੰ ਪੈਗੰਬਰ ਈਸਾ ਆਪ ਸਵਰਗ ਤੱਕ ਉੱਠਾ ਕੇ ਲੈ ਕੇ ਜਾਏਗਾ। ਅੰਤਲੇ ਦਿਨਾਂ ਸੰਬੰਧੀ ਪੈਦਾ ਹੋਣ ਵਾਲੀਆਂ ਵਿਚਾਰਧਾਰਾਵਾਂ ਦੇ ਅਧਿਐਨ ਨੂੰ Eshatology ਨਾਮ ਨਾਲ ਜਾਣਿਆ ਜਾਂਦਾ ਹੈ। ਈਸਾਈਅਤ ਫਿਲਾਸਫੀ ਅਧੀਨ ਦੋ ਪ੍ਰਮੁੱਖ ਵਿਸ਼ੇ ਮੁੱਖ ਤੌਰ ’ਤੇ ਵਰਤੇ ਜਾਂਦੇ ਹਨ ਜਿਨ੍ਹਾਂ ਦੇ ਇਹ ਵਿਸ਼ੇ ਹਨ- ਪੁੰਨ ਅਤੇ ਪਾਪ। ਇਨ੍ਹਾਂ ਵਿਸ਼ਿਆਂ ਦੇ ਅਧਿਐਨ ਨੂੰ Hamartiology ਨਾਮ ਨਾਲ ਜਾਣਿਆ ਜਾਂਦਾ ਹੈ। ਇਸੇ ਪ੍ਰਕਾਰ ਦੇ ਹੋਰ ਵੀ ਬਹੁਤ ਸਿਧਾਂਤ ਹਨ ਜਿਨ੍ਹਾਂ ਨੂੰ Theology ਅਧੀਨ ਵਿਚਾਰ ਕੇ ਇਕ ਵੱਖਰਾ ਵੱਖਰਾ ਨਾਮ ਦਿੱਤਾ ਗਿਆ ਹੈ। ਭਾਵੇਂ ਕਿ ਈਸਾਈਅਤ ਨੇ Theology ਦੇ ਵੱਖ-ਵੱਖ ਰੂਪਾਂ ਨੂੰ ਆਪਣੇ ਅਨੁਸਾਰ ਢਾਲ ਤਾਂ ਪਰ ਵੱਡੀ ਸਮੱਸਿਆ ਇਥੇ ਆ ਕੇ ਖੜ੍ਹੀ ਹੋ ਜਾਂਦੀ ਹੈ। ਇਹ ਸਾਰੀਆਂ ਧਾਰਨਾਵਾਂ Greek God ਦੇ ਦੁਆਲੇ ਹੀ ਘੁੰਮਦੀਆਂ ਹਨ। ਭਾਵੇਂ ਕਿ ਇਹ ਇਕ ਵੱਖਰਾ ਵਿਸ਼ਾ ਹੈ ਪਰ ਟੂਕ ਮਾਤਰ ਇਥੇ ਸਾਨੂੰ ਜਾਣਕਾਰੀ ਪ੍ਰਾਪਤ ਕਰ ਲੈਣੀ ਚਾਹੀਦੀ ਹੈ ਕਿ- ਈਸਾਈਅਤ ਧਰਮ-ਵਿਗਿਆਨ ਕਿਸੇ ਵੀ ਹੋਰ ਪਰਮਾਤਮਾ ਨੂੰ ਨਹੀਂ ਮੰਨਦਾ। ਇਥੇ ਹੀ ਇਕ ਖੜੋਤ ਪੈਦਾ ਹੋ ਜਾਂਦੀ ਹੈ।

ਇਥੇ ਇਕ ਨੁਕਤਾ ਹੋਰ ਵੀ ਵਿਚਾਰਨਯੋਗ ਹੈ ਜਿਸਦਾ ਜ਼ਿਕਰ ਇਨਸਾਈਕਲੋਪੀਡੀਆ ਆੱਫ ਰਿਲੀਜ਼ਨਸ ਨੇ ਕੀਤਾ ਹੈ ਜਿਸ ਅਨੁਸਾਰ ਧਰਮ-ਵਿਗਿਆਨਕ ਗੁਣਾਂ ਦੀ ਗੱਲ ਕੀਤੀ ਗਈ ਹੈ। ਇਹ ਗੁਣ ਹਨ ਅਟੁੱਟ ਵਿਸ਼ਵਾਸ (Faith) ਆਸ (Hope) ਅਤੇ ਦਾਨ (Charity)। ਇਹ ਮਹੱਤਵਪੂਰਨ ਧਰਮ-ਵਿਗਿਆਨਕ ਸਦਗੁਣ ਹਨ ਜਿਨ੍ਹਾਂ ਅਨੁਸਾਰ ਇਨਸਾਨ ਜੀਵਨ ਬਤੀਤ ਕਰਕੇ ਧਰਮ ਦੀ ਧਰਮ-ਵਿਗਿਆਨਕ ਵਿਧੀ ਨੂੰ ਅਮਲੀ ਰੂਪ ਵਿਚ ਸਮਾਜ ਵਿਚ ਪ੍ਰੀਭਾਸ਼ਿਤ ਕਰ ਸਕਦਾ ਹੈ। ਉਦਾਹਰਨ ਦੇ ਤੌਰ ’ਤੇ ਸਿੱਖ ਧਰਮ ਦੁਨੀਆਂ ਦੇ ਹਰ ਕੋਨੇ ਵਿਚ ਫੈਲਿਆ ਹੋਇਆ ਹੈ। ਜਿਥੇ ਕਿਤੇ ਵੀ ਸਮੁੱਚੇ ਸੰਸਾਰ ਵਿਚ ਮੁਸੀਬਤ ਭਰਿਆ ਸਮਾਂ ਆਉਂਦਾ ਹੈ ਉਥੇ ਹੀ ਸਿੱਖ ਧਰਮ ਆਪਣੀ ਸੇਵਾ ਦੀ ਭਾਵਨਾ ਤੇ ਦਾਨ ਦੇ ਸੰਕਲਪ ਨੂੰ ਲੈ ਕੇ ਪਹੁੰਚ ਜਾਂਦਾ ਹੈ। ਜਿਸ ਤੋਂ ਸਿੱਖ ਧਰਮ-ਵਿਗਿਆਨ ਦੇ ਇਕ ਸੰਕਲਪ ਦੇ ਪ੍ਰਤੱਖ ਦੀਦਾਰ ਹੋ ਜਾਂਦੇ ਹਨ। ਇਸੇ ਕਾਰਨ ਹੀ ਅਸੀਂ ਇਹ ਕਹਿ ਸਕਦੇ ਹਾਂ ਕਿ ਭਾਵੇਂ ਧਰਮ-ਵਿਗਿਆਨ ਦਾ ਆਰੰਭ ਈਸਾਈਆਂ ਨੇ

ਆਪਣੇ ਧਰਮ ਪ੍ਰਚਾਰ ਲਈ ਕੀਤਾ ਪਰ ਜੋ Theology ਦੇ ਨਿਯਮ ਹਨ ਉਹ ਹਰੇਕ ਧਰਮ ਉੱਪਰ ਲਾਗੂ ਹੁੰਦੇ ਹਨ। ਇਸੇ ਕਾਰਨ ਹੀ ਦੁਨੀਆਂ ਦੇ ਅੱਠ ਵੱਡੇ ਧਰਮ ਇਸ ਪਹੁੰਚ ਵਿਧੀ ਰਾਂਹੀ ਆਪਣੇ ਧਰਮ, ਧਰਮ ਗ੍ਰੰਥ ਅਤੇ ਇਤਿਹਾਸਕ ਸੱਚਾਈਆਂ ਨੂੰ ਪਰਿਭਾਸ਼ਿਤ ਕਰ ਰਹੇ ਹਨ ਤਾਂ ਕਿ ਵਿਸ਼ਵ ਪਧਰ ਦੇ ਉੱਤੇ ਆਪਣੇ-ਆਪਣੇ ਧਰਮ ਦੀ ਵੱਖਰੀ ਪਛਾਣ ਸਥਾਪਿਤ ਹੋ ਸਕੇ। Theology ਨੂੰ ਪ੍ਰਭਾਸ਼ਿਤ ਕਰਨ ਦੇ ਲਈ ਕੁਝ ਮੁੱਖ ਰੂਪ ਹਨ ਜਿਨ੍ਹਾਂ ਰਾਹੀਂ ਕਿਸੇ ਵੀ ਧਰਮ ਦਾ ਵਿਧੀਵਤ ਢੰਗ ਨਾਲ ਅਧਿਐਨ ਕੀਤਾ ਜਾ ਸਕਦਾ ਹੈ।

ਇਥੇ ਇਹ ਜਾਣ ਲੈਣਾ ਪ੍ਰਸੰਗਯੁਕਤ ਹੋਵੇਗਾ ਕਿ ਧਰਮ-ਵਿਗਿਆਨ ਦਾ ਮੁੱਢਲਾ ਆਧਾਰ ਸਰੋਤ ਧਰਮ ਗ੍ਰੰਥ ਹੁੰਦਾ ਹੈ। ਧਰਮ ਗ੍ਰੰਥ ਵਿਚ ਜਿਆਦਾਤਰ ਚਿੰਨ੍ਹ ਅਤੇ ਪ੍ਰਤੀਕ (Sign and Symbol) ਦੀ ਭਾਸ਼ਾ ਵਰਤੀ ਗਈ ਹੁੰਦੀ ਹੈ ਜੋ ਕਿ ਆਮ ਲੋਕਾਂ ਦੀ ਮਾਨਸਿਕਤਾ ਦਾ ਹਿੱਸਾ ਨਹੀਂ ਬਣ ਪਾਉਂਦੀ। ਧਰਮ-ਵਿਗਿਆਨੀ ਉਸ ਰਹੱਸ ਨੂੰ ਜਾਣਨ ਲਈ ਕਈ ਰੂਪਾਂ ਦਾ ਸਹਾਰਾ ਲੈਂਦਾ ਹੈ ਤ ਅਖੀਰ ਉਸ ਸੱਚ ਤੱਕ ਪਹੁੰਚਣ ਦੀ ਕੋਸ਼ਿਸ਼ ਕਰਦਾ ਹੈ। ਇਹ ਰੂਪ ਇਸ ਪ੍ਰਕਾਰ ਹਨ-

2.5.1 Exegetical Theology

2.5.2 Historical Theology

2.5.3 Systematic Theology

2.5.4 Practical Theology

2.5.1 **Exegetical Theology-** ਇਸ ਰੂਪ ਦਾ ਮੁੱਖ ਕਾਰਜ ਧਰਮ ਗ੍ਰੰਥ ਨਾਲ ਸੰਬੰਧਿਤ ਹੁੰਦਾ ਹੈ। ਧਰਮ ਗ੍ਰੰਥ ਨੂੰ ਪ੍ਰਭਾਸ਼ਿਤ ਕਰਨਾ, ਧਰਮ ਗ੍ਰੰਥ ਵਿਚਲੇ ਵਿਸ਼ਿਆਂ ਨਾਲ ਸੰਬੰਧਿਤ ਅਧਿਐਨ Exegetical Theology ਦੇ ਅਧੀਨ ਆਉਂਦਾ ਹੈ। ਇਹ ਸੰਕਲਪ 18ਵੀਂ ਸਦੀ ਦੇ ਦੌਰਾਨ ਹੋਂਦ ਵਿਚ ਆਇਆ।

2.5.2 **Historical Theology-** ਕਿਸੇ ਵੀ ਧਰਮ ਦੇ ਇਤਿਹਾਸਕ ਤੌਰ 'ਤੇ ਅਧਿਐਨ, ਵਿਸ਼ੇਸ਼ ਕਰਕੇ ਉਸ ਦੇ ਆਰੰਭ, ਵਿਕਾਸ, ਪਾਸਾਰ ਤੇ ਧਰਮ ਦੁਆਰਾ ਸੰਸਥਾਪਿਤ ਸੰਸਥਾਵਾਂ ਦਾ ਅਧਿਐਨ ਧਰਮ ਵਿਗਿਆਨੀ Historical Theology ਵਿਧੀ ਅਧੀਨ ਕਰਦਾ ਹੈ।

2.5.3 **Systematic Theology-** ਇਸ ਸ਼ਾਖਾ ਦਾ ਮਨੋਰਥ ਉੱਪਰਲੀਆਂ ਦੋਨੋ ਸ਼ਾਖਾਂਵਾਂ ਨਾਲ ਜੁੜਿਆ ਹੋਇਆ ਹੈ। ਜਿਵੇਂ Systematic ਸ਼ਬਦ ਤੋਂ ਹੀ ਇਸ਼ਾਰਾ ਹੁੰਦਾ ਹੈ ਕਿ ਉਸ ਦਾ ਭਾਵ ਹੈ ਵਿਵਸਥਿਤ ਕਰਨਾ। ਉਸੇ ਤਰ੍ਹਾਂ Theology ਦੀ ਮੁੱਖ ਸ਼ਾਖਾ ਦੇ ਅਧੀਨ ਇਸ ਰੂਪ ਦਾ ਮੁੱਖ ਕਾਰਜ Exegetical Theology ਤੇ Historical Theology ਦੋਨਾਂ ਸ਼ਾਖਾਂਵਾਂ ਦੁਆਰਾ ਤਿਆਰ ਕੀਤੇ ਸਿਧਾਂਤ, ਵਿਸ਼ੇ ਅਤੇ ਇਤਿਹਾਸਕ ਸਮੱਗਰੀ ਆਦਿਕ ਨੂੰ ਸ਼ੁਰੂ ਤੋਂ ਲੈ ਕੇ ਆਖੀਰ ਤੱਕ ਇਕ ਪ੍ਰਬੰਧ ਰੂਪ ਵਿਚ ਤਿਆਰ ਕਰਨਾ ਇਸ ਸ਼ਾਖਾ ਦਾ ਪ੍ਰਮੁੱਖ ਪ੍ਰਯੋਜਨ ਹੈ।

2.5.4 **Practical Theology-** ਇਸ ਸ਼ਾਖਾ ਦਾ ਮੁੱਖ ਕਾਰਜ ਦੋ ਤਰੀਕਿਆਂ ਨਾਲ ਕਾਫੀ ਮਹੱਤਵਪੂਰਨ ਰੋਲ ਅਦਾ ਕਰਦਾ ਹੈ। ਇਕ ਤਾਂ Practical Theology ਦਾ ਸੰਬੰਧ ਧਰਮ ਨਾਲ ਜੁੜਦਾ ਹੈ ਤੇ ਦੂਸਰਾ ਸਮਾਜ ਨਾਲ। ਦਰਅਸਲ ਵਿਚ ਇਸ ਸ਼ਾਖਾ ਦੀ ਜ਼ਿੰਮੇਵਾਰੀ ਇਹ ਹੈ ਕਿ ਇਸ ਦਾ ਸੰਬੰਧ ਉੱਪਰਲੀਆਂ ਤਿੰਨਾਂ ਸ਼ਾਖਾਵਾਂ ਨਾਲ ਹੈ। ਜੋ ਵੀ ਧਰਮ ਜਾਂ ਧਰਮ ਗ੍ਰੰਥ ਦੇ ਵਿਸ਼ੇ ਜਾਂ ਸਿਧਾਂਤ, ਧਰਮਾਂ ਦਾ ਇਤਿਹਾਸ ਅਤੇ ਸਮੁੱਚੀ ਸਮੱਗਰੀ ਨੂੰ ਪ੍ਰਬੰਧ ਰੂਪ ਕਰਨ ਤੋਂ ਬਾਅਦ ਧਰਮ ਦੇ ਅਰਥਾਂ ਨੂੰ ਜੀਵਨ ਦੇ ਅਮਲ ਨਾਲ ਜੋੜਦੇ ਹੋਏ ਵਿਭਿੰਨ ਸਮੱਸਿਆਵਾਂ ਦਾ ਅਧਿਐਨ ਕਰਨਾ ਵਿਹਾਰਕ ਧਰਮ ਸ਼ਾਸਤਰ (Practical Theology) ਦੀ ਪਰਿਪੇਖ ਨੂੰ ਪੁਸ਼ਟ ਕਰਦਾ ਹੈ।

ਇਥੇ ਅਸੀਂ ਇਹ ਵੀ ਦੇਖਦੇ ਹਾਂ ਕਿ ਧਰਮ-ਵਿਗਿਆਨਕ ਦਾ ਮੁੱਢਲਾ ਸਰੂਪ ਇਕੱਲਾ ਦੈਵੀ ਸੱਤਾ ਨਾਲ ਜੁੜਿਆ ਹੋਇਆ ਸੀ ਜਦਕਿ ਧਰਮ ਦਰਸ਼ਨ ਅਧੀਨ ਆਉਣ ਨਾਲ ਇਸਦਾ ਘੇਰਾ ਹੋਰ ਵੀ ਵਿਸ਼ਾਲ ਹੋ ਗਿਆ। ਕੁੱਝ ਚਿੰਤਕਾਂ ਦਾ ਇਹ ਵੀ ਮੱਤ ਹੈ ਕ ਕੁੱਝ ਫ਼ਿਲਾਸਫ਼ੀ ਅਸਲ ਵਿਚ ਥੀਆਲੋਜੀ ਹੀ ਹੈ। ਕੇਵਲ ਇਸ ਨੇ ਦਾਰਸ਼ਨਿਕ ਮਖੌਟਾ ਪਹਿਨ ਰਖਿਆ ਹੈ ਅਤੇ ਸੁਤੰਤਰ ਸੋਚਣੀ ਦਾ ਲੇਬਲ ਲਗਾ ਰੱਖਿਆ ਹੈ। ਨਾਲ ਹੀ ਉਹ ਕਹਿੰਦੇ ਹਨ ਕਿ ਸਾਰੀ ਥੀਆਲੋਜੀ ਲੁਕਵੇਂ ਰੂਪ ਵਿਚ ਫਲਸਫ਼ਾ ਹੈ- ਇਸ ਦੀ ਪਹੁੰਚ-ਵਿਧੀ, ਇਸ ਦੇ ਸਿੱਟੇ ਦਾਰਸ਼ਨਿਕ ਹਨ।

ਪਰ ਇਸ ਨੁਕਤੇ ਨੂੰ ਯਾਕੂਬ ਮਸੀਹ ਨੂੰ ਇਕ Chart ਰਾਹੀਂ ਪਰਿਭਾਸ਼ਿਤ ਕੀਤਾ ਹੈ। ਜਿਸ ਵਿਚ ਉਸਨੇ ਇਹ ਦਰਸਾਇਆ ਹੈ ਕਿ ਧਰਮ, ਧਰਮ-ਵਿਗਿਆਨ ਤੇ ਧਰਮ ਦਰਸ਼ਨ ਇਹ ਤਿੰਨੋ ਹੀ ਆਪਣੇ ਆਪ ਵਿਚ ਵੱਖੋ-ਵੱਖਰੇ ਸੰਕਲਪ ਹਨ। ਮਸੀਹ ਦੇ ਅਨੁਸਾਰ ਇਕ ਸੁਤੰਤਰ ਵਿਸ਼ੇ ਵਜੋਂ ਉਭਰਿਆ ਧਰਮ- ਵਿਗਿਆਨ ਵਿਸ਼ੇਸ਼ ਕਰਕੇ ਧਾਰਮਕ ਗ੍ਰੰਥ, ਪਰਮਸਤਾ, ਧਾਰਮਕ ਸੰਸਥਾਵਾਂ ਅਤੇ ਧਾਰਮਕ ਵਿਵਹਾਰ ਦਾ ਵਿਗਿਆਨਕ ਦ੍ਰਿਸ਼ਟੀਕੋਣ ਨਾਲ ਅਧਿਐਨ ਸ਼ੁਰੂ ਹੋਇਆ ਸੀ। ਧਰਮ ਸ਼ਾਸਤਰ ਦਾ ਮੁੱਖ ਉਦੇਸ਼ ਧਰਮ ਸਾਹਮਣੇ ਵਿਗਿਆਨ ਵਲੋਂ ਪੈਦਾ ਕੀਤੇ ਪ੍ਰਸ਼ਨਾਂ ਦਾ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਉੱਤਰ ਦੇਣਾ ਸੀ। ਡਾ. ਵਜ਼ੀਰ ਸਿੰਘ ਵੀ ਮੰਨਦੇ ਹਨ ਕਿ ਫ਼ਿਲਾਸਫ਼ੀ ਅਤੇ ਥੀਆਲੋਜੀ ਦੋਵੇਂ ਮਾਨਵੀ ਵਿਸ਼ੇ ਹਨ। ਵਿਸ਼ਿਆਂ ਦੇ ਤੌਰ 'ਤੇ ਦੋਹਾਂ ਵਿਚ ਕੋਈ ਝਗੜਾ ਨਹੀਂ। ਝਗੜਾ, ਜਿਵੇਂ ਪਾਲ ਟਿੱਲਿਕ ਨੇ ਕਿਹਾ ਹੈ, ਧਰਮ-ਮੀਮਾਂਸਿਕ ਅਤੇ ਦਾਰਸ਼ਨਿਕ ਵਿਚਕਾਰ ਹੈ। ਜੇਕਰ ਹਰ ਦਾਰਸ਼ਨਿਕ ਵਿਚ ਮੀਮਾਂਸਿਕ ਛੁਪਿਆ ਹੋਵੇ, ਤਾਂ ਇਸ ਮੀਮਾਂਸਿਕ ਦਾ ਝਗੜਾ ਕਸਬੀ ਮੀਮਾਂਸਿਕ ਨਾਲ ਹੈ। ਧਰਮ-ਮੀਮਾਂਸਿਕ ਨੂੰ ਕਸਬ ਦੇ ਰੂਪ ਵਿਚ ਅਪਨਾਉਣ ਦੇ ਆਪਣੇ ਖ਼ਤਰੇ ਹਨ। ਮੀਮਾਂਸਿਕ ਸੁਤੰਤਰ ਵਿਅਕਤੀ ਨਹੀਂ, ਉਸ ਉਤੇ ਧਰਮ ਦੀ ਪਹਿਰੇਦਾਰੀ ਦੀਆਂ ਬੰਦਸ਼ਾਂ ਹਨ, ਧਰਮ ਦੀ ਵਕਾਲਤ ਕਰਨ ਦੀਆਂ ਪਾਬੰਦੀਆਂ ਹਨ। ਉਸ ਨੂੰ ਸੀਮਿਤ ਦਾਇਰੇ ਵਿਚ ਵਿਚਰਨਾ ਪੈਂਦਾ ਹੈ, ਖੁਲ੍ਹਾਂ ਲੈਣ ਤੋਂ ਗੁਰੇਜ ਕਰਨਾ ਪੈਂਦਾ ਹੈ। 'ਚਰਚ' ਦੇ ਹੁਕਮਾਂ ਦੀ ਪਾਲਨਾ ਉਸ ਦੇ ਕਰਤੱਵ ਦਾ ਹਿੱਸਾ ਹੈ। ਫ਼ਿਲਾਸਫ਼ਰ ਇਸ ਸਭ ਕਾਸੇ ਤੋਂ ਸੁਤੰਤਰ ਤੇ ਮੁਕਤ ਹੈ। ਉਹ ਬਿਨਾਂ ਰੋਕ-ਟੋਕ ਵਿਸ਼ਲੇਸ਼ਣ ਤੇ ਆਲੋਚਨਾ ਕਰਦਾ ਜਾਂਦਾ ਹੈ, ਚਾਹੇ ਇਸ ਨਾਲ ਕਿਸੇ ਦਾ ਕੁਝ ਸੌਰੇ, ਜਾਂ ਨਾ ਸੌਰੇ, ਕਿਸੇ ਨੂੰ ਮੁਕਤੀ ਦਾ ਰਾਹ ਲਭੇ ਜਾਂ ਨਾ ਲਭੇ।

ਧਰਮ ਦਾ ਵਿਗਿਆਨਕ ਅਧਿਐਨ ਸਪੱਸ਼ਟ ਕਰਦਾ ਹੈ ਕਿ ਮੂਲ ਰੂਪ ਵਿਚ ਧਰਮ ਸਮਾਜ ਨੂੰ ਪ੍ਰਤੀਬਿੰਬਤ ਕਰਦਾ ਹੈ, ਸਮਾਜਿਕ ਜੀਵਨ ਦੇ ਪ੍ਰਤਿਮਾਨਾਂ ਦੀ ਅਭਿਵਿਅਕਤੀ ਧਾਰਮਿਕ ਮਾਨਤਾਵਾਂ ਵਿਚੋਂ ਹੁੰਦੀ ਹੈ।

## 2.6 ਸਾਰ

ਸਾਰ ਰੂਪ ਵਿੱਚ ਅਸੀਂ ਇਹ ਸਿੱਟਾ ਕੱਢ ਸਕਦੇ ਹਾਂ ਕਿ ਧਰਮ ਨੂੰ ਦੋ ਪ੍ਰਕਿਰਿਆਵਾਂ ਅਧੀਨ ਪ੍ਰਭਾਸ਼ਿਤ ਕੀਤਾ ਜਾਂਦਾ ਹੈ। ਇਕ ਹੈ ਧਰਮ ਦੀ ਧਾਰਮਿਕ ਵਿਆਖਿਆ ਅਤੇ ਦੂਸਰੇ ਤੌਰ 'ਤੇ ਧਰਮ ਦੀ ਸ਼ਰਧਾ ਦੇ ਪੱਖ ਤੋਂ ਵਿਆਖਿਆ। ਨਿਰੋਲ ਤਰਕ ਦਾ ਇਸਤੇਮਾਲ ਤੇ ਨਿਰੋਲ ਸ਼ਰਧਾ ਦਾ ਇਸਤੇਮਾਲ ਦੋਨੋਂ ਢੰਗ ਹੀ ਧਰਮ ਦੀ ਸੰਪੂਰਨ ਅਤੇ ਸਹੀ ਵਿਆਖਿਆ ਨਹੀਂ ਕਰ ਸਕਦੇ। ਇਥੇ ਹੀ ਧਰਮ-ਵਿਗਿਆਨ ਨਾਂ ਤਾਂ ਤਰਕ ਨੂੰ ਛੱਡਦਾ ਹੈ ਤੇ ਨਾਂ ਹੀ ਸ਼ਰਧਾ ਨੂੰ ਸਗੋਂ ਦੋਨਾਂ ਵਿਚਕਾਰ ਇਕ ਪੁਲ ਦਾ ਕੰਮ ਕਰਦਾ ਹੋਇਆ ਦੋਨਾਂ ਨੂੰ ਜੋੜ ਕੇ ਧਰਮ ਦੇ ਸਹੀ ਨਤੀਜੇ ਕੱਢਣ ਦੀ ਕੋਸ਼ਿਸ਼ ਕਰਦਾ ਹੈ। ਆਧੁਨਿਕ ਯੁਗ ਵਿੱਚ ਇਹ ਬਹੁਤ ਜ਼ਿਆਦਾ ਜ਼ਰੂਰੀ ਹੈ ਕਿ ਮਨੁੱਖਤਾ ਨੂੰ ਧਰਮ ਦੇ ਨਾਲ ਜੋੜ ਕੇ ਰੱਖਿਆ ਜਾਵੇ ਕਿਉਂਕਿ ਧਰਮ ਮਨੁੱਖ ਨੂੰ ਇਨਸਾਨੀਅਤ ਦੀ ਸਿੱਖਿਆ ਦਿੰਦਾ ਹੈ ਜੋ ਕਿ ਸਮਾਜ ਦੇ ਸੁਚੱਜੇ ਭਵਿੱਖ ਲਈ ਸਹਾਇਕ ਹੈ। ਇਸੇ ਕਾਰਨ ਅਸੀਂ ਕਹਿ ਸਕਦੇ ਹਾਂ ਕਿ ਧਰਮ-ਵਿਗਿਆਨ ਕ ਵਿਧੀ ਹੀ ਅਜਿਹੀ ਵਿਧੀ ਹੈ ਜਿਸ ਵਿਧੀ ਰਾਂਹੀ ਧਰਮ ਦੀ ਸਿੱਖਿਆ ਨੂੰ ਲੋਕ ਮਾਨਸਿਕਤਾ ਦਾ ਹਿੱਸਾ ਬਣਾਇਆ ਜਾ ਸਕਦਾ ਹੈ।

## 2.7 ਪੜ੍ਹਨਯੋਗ ਪੁਸਤਕਾਂ


1. ਡਾ. ਵਜੀਰ ਸਿੰਘ, ਧਰਮ ਦਾ ਦਾਰਸ਼ਨਿਕ ਪੱਖ ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ
2. ਵਿਸਮਾਦ ਨਾਦ ਵਿਸ਼ੇਸ਼ ਅੰਕ, ਇੰਟਰਨੈਸ਼ਨਲ ਇੰਸਟੀਚਿਉਟ ਆੱਫ ਗੁਰਮਤਿ ਸਟੱਡੀਜ਼, ਲੁਧਿਆਣਾ
3. ਡਾ. ਗੁਰਸ਼ਰਨਜੀਤ ਸਿੰਘ, ਧਰਮ ਦਾ ਵਿਗਿਆਨ, ਪੋਥੀ ਪ੍ਰਕਾਸ਼ਨ ਕਾਦੀਆਂ, ਗੁਰਦਾਸਪੁਰ
4. ਡਾ. ਗੁਰਮੀਤ ਸਿੰਘ ਸਿੱਧੂ, ਧਰਮ ਆਧੁਨਿਕ ਅਤੇ ਉਤਰ ਆਧੁਨਿਕ ਸਿਧਾਂਤ, ਗੁਰ ਗਿਆਨ ਬੁਕਸ, ਪਟਿਆਲਾ
5. ਡਾ. ਬੇਅੰਤ ਕੌਰ, ਸਿੱਖ ਧਰਮ-ਸ਼ਾਸਤਰ ਦਾ ਤੱਤ ਸਾਰ (ਉੱਤਰ-ਆਧੁਨਿਕ ਪਰਿਪੇਖ), ਚੇਤਨਾ ਪ੍ਰਕਾਸ਼ਨ, ਲੁਧਿਆਣਾ
6. ਡਾ. ਦਰਸ਼ਨ ਸਿੰਘ, ਧਰਮ ਅਧਿਐਨ ਅਤੇ ਸਿੱਖ ਅਧਿਐਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ

7. ਪ੍ਰੋ. ਹਰੀ ਸਿੰਘ (ਅਨੁਵਾਦਕ), ਫਿਲਾਸਫ਼ੀ ਦੀ ਕਹਾਣੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ

8. Foundations of Theology, Gerald O'Collins, S.J., LOOYOLA UNIVERSITY PRESS, Chicago.

9. Theological Resources Unfolding Revelation, Jan Hendrik Walgrave, Hutchinson & CO LTD, London WI

## 2.8 ਅਭਿਆਸ ਲਈ ਪ੍ਰਸ਼ਨ

### ਛੋਟੇ ਪ੍ਰਸ਼ਨ-ਉੱਤਰ

1. ਧਰਮ-ਵਿਗਿਆਨ ਕ ਵਿਧੀ ਧਰਮ ਅਧਿਐਨ ਲਈ ਕਿਸ ਪ੍ਰਕਾਰ ਕਾਰਗਰ ਸਿੱਧ ਹੁੰਦੀ ਹੈ?
2. ਧਰਮ-ਵਿਗਿਆਨ ਦਾ ਸ਼ਾਬਦਿਕ ਅਰਥ ਕੀ ਹੈ? ਇਹ ਕਿਸ ਭਾਸ਼ਾ ਦੇ ਸ਼ਬਦਾਂ ਦੁਆਰਾ ਬਣਿਆ ਹੈ।
3. ਧਰਮ ਸ਼ਾਸਤਰ ਜਾਂ ਧਰਮ-ਵਿਗਿਆਨ ਸ਼ਬਦ ਦੀ ਸਭ ਤੋਂ ਪਹਿਲਾਂ ਵਰਤੋਂ ਕਦੋਂ ਅਤੇ ਕਿਸ ਨੇ ਕੀਤੀ?
4. ਸੰਤ ਥਾਮਸ ਐਕੁਵਨਾਮ ਦੇ ਧਰਮ ਸ਼ਾਸਤਰ ਸੰਬੰਧੀ ਵਿਚਾਰਾਂ ਨੂੰ ਸੰਖੇਪ ਵਿਚ ਬਿਆਨ ਕਰੋ?
5. ਧਰਮ-ਵਿਗਿਆਨ ਦੀਆਂ ਕੋਈ ਦੋ ਪਰਿਭਾਸ਼ਾਵਾਂ ਦਿਓ?
6. ਈਸਾਈ ਧਰਮ ਵਿਚ Theology ਸ਼ਬਦ ਦੀ ਵਰਤੋਂ ਸੰਬੰਧੀ ਸੰਖੇਪ ਚਾਨਣਾ ਪਾਓ?
7. ਧਰਮ ਅਧਿਐਨ ਲਈ Theology ਦੇ ਵੱਖ-ਵੱਖ ਰੂਪ ਕਿਹੜੇ-ਕਿਹੜੇ ਹਨ?
8. Theology ਅਤੇ Theosophy ਵਿਚਕਾਰ ਆਪਸੀ ਸਮਾਨਤਾ ਦੱਸੋ।

### ਵੱਡੇ ਪ੍ਰਸ਼ਨ

1. ਧਰਮ-ਵਿਗਿਆਨ ਤੋਂ ਤੁਹਾਡਾ ਕੀ ਭਾਵ ਹੈ। ਆਪਣੇ ਸ਼ਬਦਾਂ ਵਿਚ ਬਿਆਨ ਕਰੋ।
2. ਧਰਮ-ਵਿਗਿਆਨ ਦੇ ਸਰੂਪ ਦੀ ਵਿਆਖਿਆ ਕਰੋ।
3. ਧਰਮ-ਵਿਗਿਆਨ ਦੇ ਚਾਰ ਰੂਪਾਂ ਦੀ ਵਿਆਖਿਆ ਕਰੋ।

੫. ਧਰਮ-ਵਿਗਿਆਨ  ਦੇ ਕਾਰਜ ਖੇਤਰ ਦੀ ਵਿਆਖਿਆ ਕਰੋ।

## ONE YEAR DIPLOMA IN SIKH THEOLOGY

### SEMESTER I

### COURSE: THEOLOGY AND SIKH THEOLOGY; NATURE AND SCOPE

---

### UNIT - 3 PATTERNS OF THEOLOGY

---

**STRUCTURE**

3.0 ਉਦੇਸ਼

3.1 ਜਾਣ ਪਛਾਣ

3.2 ਪਰਿਭਾਸ਼ਾ

3.3 ਵਿਆਖਿਆ ਵਿਗਿਆਨ

3.4 ਬਾਈਬਲ ਵਿਗਿਆਨ

3.5 ਇਤਿਹਾਸਕ ਵਿਗਿਆਨ

3.6 ਯੋਜਨਾਬੱਧ ਵਿਗਿਆਨ / ਵਿਵਸਥਿਤ ਵਿਗਿਆਨ

3.7 ਵਿਹਾਰਕ ਵਿਗਿਆਨ

3.8 ਕੁਦਰਤੀ ਵਿਗਿਆਨ

3.9 ਦਾਰਸ਼ਨਿਕ ਵਿਗਿਆਨ

3.10 ਨੈਤਿਕ ਵਿਗਿਆਨ

3.11 ਰਹੱਸਵਾਦੀ ਵਿਗਿਆਨ

3.12 Pastoral ਵਿਗਿਆਨ

3.13 ਸਾਰ

3.14 ਪੜ੍ਹਣਯੋਗ ਪੁਸਤਕਾਂ

3.15 ਅਭਿਆਸ ਲਈ ਪ੍ਰਸ਼ਨ

3.0 **ਉਦੇਸ਼**

ਇਸ ਪੇਪਰ ਦਾ ਵਿਸ਼ਾ ਧਰਮ ਵਿਗਿਆਨ ਦੀਆਂ ਵੱਖ-ਵੱਖ ਕਿਸਮਾਂ ਨਾਲ ਸੰਬੰਧਿਤ ਹੈ। ਜਿਸ ਦਾ ਉਦੇਸ਼ ਵਿਦਿਆਰਥੀਆਂ ਨੂੰ ਧਰਮ ਵਿਗਿਆਨ ਦੀਆਂ ਵਿਭਿੰਨ ਸ਼ਾਖਾਂਵਾਂ ਤੋਂ ਜਾਣੂ ਕਰਵਾਉਣਾ ਹੈ।

3.1 **ਜਾਣ-ਪਛਾਣ**

ਈਸਾਈ ਵਿਗਿਆਨ ਅਲੌਕਿਕ ਬਾਰੇ ਮਨੁੱਖੀ ਅਨੁਮਾਨ ਨਹੀਂ ਹੈ (ਜਿਵੇਂ ਕਿ ਪ੍ਰਾਚੀਨ ਯੂਨਾਲੀ ਮਿਥਿਹਾਸ ਸੀ) ਪਰ ਈਸਾਈਆਂ ਨੂੰ ਇਹ ਵਿਆਖਿਆ ਦੀ ਲੋੜ ਹੈ ਕਿ ਰੱਬ ਤਿੰਨ ਵਿਅਕਤੀਆਂ ਵਿਚ ਕਿਵੇਂ ਇਕ ਰੂਪ ਵਿਚ ਹੋ ਸਕਦਾ ਹੈ ਅਤੇ ਇਨ੍ਹਾਂ ਵਿਚੋਂ ਦੂਜਾ ਵਿਅਕਤੀ ਰੱਬ ਬਣਨ ਤੋਂ ਬਿਨਾਂ ਮਨੁੱਖ ਕਿਵੇਂ ਬਣ ਸਕਦਾ ਹੈ। ਇਸ ਤਰ੍ਹਾਂ ਈਸਾਈ ਵਿਗਿਆਨ ਮੁੱਖ ਤੌਰ ’ਤੇ ਬਾਰੇ ਹੈ ਪਰ ਸ਼ਬਦ ਵਿਚ ਆਮ ਤੌਰ ਤੇ ਧਰਮ ਗ੍ਰੰਥ ਵਿਚ ਪ੍ਰਗਟ ਕੀਤੀ ਗਈ ਸਾਰੀ ਸੱਚਾਈ ਦਾ ਅਧਿਐਨ ਸ਼ਾਮਲ ਹੁੰਦਾ ਹੈ। ਜਦੋਂ ਕਿ ਮਨੁੱਖ ਸ੍ਰਿਸ਼ਟੀ ਵਿਚ ਉਸਦੇ ਕੰਮਾਂ/ਰਚਨਾ ਬਾਰੇ ਵਿਚਾਰ ਕਰਨ ਦੁਆਰਾ ਪਰਮਾਤਮਾ ਬਾਰੇ ਕੁੱਝ ਚੀਜ਼ਾਂ ਜਾਣਨ ਦੇ ਯੋਗ ਹੁੰਦੇ ਹਨ। ਪਰਮਾਤਮਾ ਲਈ ਇਹ ਜ਼ਰੂਰੀ ਹੈ ਕਿ ਉਹ ਆਪਣੇ ਆਪ ਨੂੰ ਸਾਡੇ ਲਈ ਸਾਡੇ ਛੁਟਕਾਰੇ ਦੇ ਤਿਕੋਣੇ () ਰੱਬ ਵਜੋਂ ਪ੍ਰਗਟ ਕਰੇ। ਅਸੀਂ ਅੱਜ ਰੱਬ ਨੂੰ ਧਰਮ ਗ੍ਰੰਥ ਸੰਬੰਧੀ ਪ੍ਰਗਟਾਵੇ ਦੁਆਰਾ ਜਾਣਦੇ ਹਾਂ, ਜੋ ਕਿ ਰੱਬ ਬਾਰੇ ਸਾਡੇ ਗਿਆਨ ਦਾ ਇਕੋ ਇਕ ਭਰੋਸੇਯੋਗ ਅਤੇ ਵਿਸਤ੍ਰਿਤ ਸਰੋਤ ਹਨ। ਇਸ ਲਈ ਈਸਾਈ ਧਰਮ ਸ਼ਾਸ਼ਤਰ ਨੂੰ, ਧਰਮ ਗ੍ਰੰਥਾਂ ਰਾਹੀਂ ਪ੍ਰਗਟ ਸੱਚ ਦੀ ਰੂਪ-ਰੇਖਾ ਵਜੋਂ ਬਹੁਤ ਚੰਗੀ ਤਰ੍ਹਾਂ ਸਮਝਿਆ ਜਾਂਦਾ ਹੈ ਜੋ ਸਾਨੂੰ ਵਿਅਕਤੀਆਂ ਅਤੇ ਰੱਬ ਦੇ ਕੰਮ ਵੱਲ ਇਸ਼ਾਰਾ ਕਰਦਾ ਹੈ।

ਵਿਗਿਆਨ ਯੂਨਾਨੀ ਮੂਲ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਰੱਬ ਦਾ ਅਧਿਐਨ। ਇਸਨੂੰ ਪਹਿਲੀ ਵਾਰ ਪਲੈਟੋ ਨੇ (ਚੌਥੀ ਸਦੀ ਈ. ਪੂ.) ਦੁਆਰਾ ਮੂਰਤੀ-ਪੂਜਕ। ਨਾਸਤਿਕ ਯੂਨਾਨੀ ਦੇਵਤਿਆਂ ਦੇ ਸੰਦਰਭ ਵਿਚ ਵਰਤਿਆ ਗਿਆ ਸੀ ਜਿਸ ਨੂੰ ਅਸੀਂ ਹੁਣ ਮਿਥਿਹਾਸ ਕਹਿੰਦੇ ਹਾਂ। ਪਲੈਟੋ ਦਾ ਮੰਨਣਾ ਸੀ ਕਿ ਇਹ ਤਰਕਹੀਣ ਸੀ ਅਤੇ ਉਹ ਆਪਣੇ ਆਦਰਸ਼ ਰਾਜ ਵਿਚ ਇਸ ਉੱਤੇ ਪਾਬੰਦੀ ਲਗਾਉਣਾ ਚਾਹੁੰਦਾ ਸੀ। ਅੱਜ ਇਸਦੀ ਬਹੁਤ ਘੱਟ ਸਾਰਥਿਕਤਾ ਹੋਵੇਗੀ ਸਿਵਾਏ ਇਸ ਤੱਥ ਦੇ ਕਿ ਬਹੁਤ ਸਾਰੇ ਆਧੁਨਿਕ ਨਾਸਤਿਕਾਂ ਨੇ ਪਲੈਟੋ ਦੀ ਪਰਿਭਾਸ਼ਾ ਨੂੰ ਸਵੀਕਾਰ ਕਰ ਲਿਆ ਅਤੇ ਇਸ ਨੂੰ ਈਸਾਈ ਵਿਗਿਆਨ ਤੇ ਲਾਗੂ ਕੀਤਾ ਹੈ। ਜਿਸ ਨੂੰ ਉਹ ਇਸੇ ਕਾਰਨ ਕਰਕੇ ਬਕਵਾਸ ਸਮਝਦੇ ਹਨ। ਈਸਾਈ ਵਿਗਿਆਨ ਅਲੌਕਿਕ ਬਾਰੇ ਮਨੁੱਖੀ ਪ੍ਰਮਾਣ ਨਹੀਂ ਬਲਕਿ ਬਾਈਬਲ ਵਿਚ ਸ਼ਾਮਲ ਬ੍ਰਹਮ /ਰੱਬੀ ਇਲਹਾਮ ਦਾ ਵਿਸ਼ਲੇਸ਼ਣ ਹੈ। ਅਲੌਕਿਕ ਇਸ ਖੁਲਾਸੇ ਦੀ ਪ੍ਰਮਾਣਿਕਤਾ ਤੇ ਸ਼ੱਕ ਕਰ ਸਕਦੇ ਹਨ, ਪਰ ਈਸਾਈ ਧਰਮ ਸ਼ਾਸਤਰੀ ਉਦੇਸ਼ ਸਰੋਤ ਸਮੱਗਰੀ ਨਾਲ ਕੰਮ ਕਰਦੇ ਹਨ ਨਾ ਕਿ ਪੁਰਾਣੇ ਯੂਨਾਨੀਆਂ ਦੇ ਤਰੀਕੇ ਨਾਲ ਬੇਤਰਤੀਬੇ ਅੰਦਾਜ਼ੇ ਲਗਾਉਂਦੇ ਹਨ।

ਵਿਗਿਆਨ ਇਕ ਅਕਦਾਮਿਕ ਅਨੁਸ਼ਾਸਨ ਹੈ। ਇਹ ਬਾਈਬਲ ਵਿਚ ਦਿੱਤਾ ਗਿਆ ਇਲਹਾਮ ਜਾਂ ਆਦੇਸ਼ ਨਹੀਂ ਅਤੇ ਨਾ ਹੀ ਬਾਈਬਲ ’ਤੇ ਅਧਾਰਿਤ ਏਕਤਾਵਾਦ ਦੀ ਪ੍ਰਮੁੱਖ ਵਿਸ਼ੇਸ਼ਤਾ ਹੈ। ਉਦਾਹਰਣ ਵਜੋਂ

ਯਹੂਦੀਆਂ ਨੇ ਇਸ ਨੂੰ ਕਦੇ ਵੀ ਇਸ ਤਰੀਕੇ ਨਾਲ ਵਿਕਸਿਤ ਨਹੀਂ ਕੀਤਾ ਜਿਵੇਂ ਈਸਾਈਆਂ ਨੇ ਕੀਤਾ ਹੈ, ਅਤੇ ਇਸ ਹੱਦ ਤੱਕ ਕਿ ਆਧੁਨਿਕ ਯਹੂਦੀਆਂ ਦਾ ਵਿਗਿਆਨ ਈਸਾਈ ਪ੍ਰਭਾਵ ਦਾ ਨਤੀਜਾ ਹੈ। ਮੁਸਲਿਮ ਵੀ ਇਸੇ ਸਥਿਤੀ ਵਿਚ ਹਨ। ਉਨ੍ਹਾਂ ਕੋਲ ਕੁਰਾਨ ਦੇ ਰੂਪ ਵਿਚ ਪ੍ਰਕਾਸ਼ ਹੈ ਪਰ ਈਸਾਈ ਅਰਥਾਂ ਵਿਚ ਉਨ੍ਹਾਂ ਦਾ ਵਿਕਸਿਤ ਵਿਗਿਆਨ ਨਹੀਂ ਹੈ। ਜਿਵੇਂ ਕਿ ਯਹੂਦੀ ਧਰਮ ਦੇ ਨਾਲ, ਇਸਲਾਮਿਕ ਵਿਗਿਆਨ ਜਿਵੇਂ ਕਿ ਇਹ ਹੈ, ਮੁੱਖ ਤੌਰ ’ਤੇ ਲੋਕਾਂ ਨੂੰ ਉਨ੍ਹਾਂ ਦੇ ਵਿਸ਼ਵਾਸਾਂ ਦੀ ਵਿਆਖਿਆ ਕਰਨ ਦੀ ਕੋਸ਼ਿਸ਼ ਹੈ ਜੋ ਅਸਲ ਵਿਚ ਈਸਾਈ ਤਰੀਕੇ ਨਾਲ ਸੋਚਦੇ ਹਨ। ਯਹੂਦੀ ਅਤੇ ਮੁਸਲਿਮ ਦੋਵੇਂ ਮੰਨਦੇ ਹਨ ਕਿ ਰੱਬ ਅਸਲ ਵਿਚ ਨਾ ਜਾਣਿਆ ਜਾ ਸਕਣ ਵਾਲਾ ਹੈ ਅਤੇ ਵਿਗਿਆਨ ਔਖੇ ਅਰਥਾਂ ਵਿਚ ਅਸੰਭਵ ਹੈ। ਇਸਦੇ ਬਜਾਇ ਉਨ੍ਹਾਂ ਦੋਵਾਂ ਨੇ ਵਿਆਪਕ ਕਾਨੂੰਨੀ ਪਰੰਪਰਾਵਾਂ ਵਿਕਸਿਤ ਕੀਤੀਆਂ ਹਨ ਜੋ ਉਨ੍ਹਾਂ ਦੇ ਗਿਆਨ/ਇਲਹਾਮ ਦਾ ਵਿਸ਼ਲੇਸ਼ਣ ਕਰਨ ਨਾਲ ਉਸ ਉਤੇ ਲਾਗੂ ਵੀ ਹੁੰਦੀਆਂ ਹਨ, ਜੋ ਈਸਾਈ ਵਿਗਿਆਨ ਨਾਲ ਮੇਲ ਖਾਂਦੀਆਂ ਹਨ। ਇਸ ਕਾਰਨ ਕਰਕੇ, ਖਾਸਕਰ ਈਸਾਈ ਪਹੁੰਚ ਦੇ ਨਿਰੀਖਕਾਂ ਦੁਆਰਾ, ਉਨ੍ਹਾਂ ਨੂੰ ਕਈ ਵਾਰ ਧਰਮ ਸ਼ਾਸਤਰੀ ਮੰਨਿਆਂ ਜਾਂਦਾ ਹੈ।

ਈਸਾਈਅਤ ਇਸਦੇ ਨਾਲ ਸੰਬੰਧਿਤ ਏਕਤਾਵਾਦ ਤੋਂ ਵੱਖਰਾ ਹੈ ਕਿਉਂਕਿ ਇਹ ਸਵੀਕਾਰ ਕਰਦਾ ਹੈ ਕਿ ਰੱਬ ਵਿਅਕਤੀਆਂ ਦੀ ਤਿਕੜੀ ਹੈ, ਜਿਨ੍ਹਾਂ ਵਿਚੋਂ ਇਕ ਯਸੂ ਮਸੀਹ ਦੇ ਰੂਪ ਵਿਚ ਆਦਮੀ ਬਣ ਗਿਆ ਯਹੂਦੀਆਂ ਅਤੇ ਮੁਸਲਮਾਨਾਂ ਦੋਵਾਂ ਲਈ ਕਾਫ਼ਰ ਹੋਣਾ ਨਾ ਸਵੀਕਾਰ ਕਰਨ ਯੋਗ ਹੈ ਪਰ ਈਸਾਈਆਂ ਲਈ ਇਹ ਬੁਨਿਆਦੀ ਹੈ। ਈਸਾਈ ਵਿਗਿਆਨ ਵਿਚ ਇਹ ਸਮਝਾਉਣ ਦੀ ਜ਼ਰੂਰਤ ਹੈ ਕਿ ਕਿਵੇਂ ਰੱਬ ਤਿੰਨ ਵਿਅਕਤੀਆਂ ਵਿਚ ਇਕ ਹੋ ਸਕਦਾ ਹੈ ਅਤੇ ਉਨ੍ਹਾਂ ਵਿਚੋਂ ਦੂਜਾ ਵਿਅਕਤੀ ਕਿਵੇਂ ਰੱਬ ਬਣਨਾ ਬੰਦ ਕੀਤੇ ਬਿਨਾਂ ਇਕ ਆਦਮੀ ਬਣ ਸਕਦਾ ਹੈ।

ਇਹ ਪ੍ਰਸ਼ਨ ਹੋਰ ਗੁੰਝਲਦਾਰ ਹੈ ਕਿਉਂਕਿ ਆਮ ਵਰਤੋਂ ਵਿਚ ਵਿਗਿਆਨ ਨੂੰ ਅਕਸਰ ਕਈ ਹੋਰ ਚੀਜ਼ਾਂ ਨਾਲ ਸ਼ਾਮਲ ਕਰਨ ਲਈ ਵਰਤਿਆ ਜਾਂਦਾ ਹੈ ਜਿਹੜੀਆਂ ਕਿ ਪਰਮਾਤਮਾ ਨਾਲ ਸਿੱਧੇ ਤੌਰ ’ਤੇ ਨਹੀਂ ਜੁੜੀਆਂ ਹੁੰਦੀਆਂ। ਇਨ੍ਹਾਂ ਵਿਚ ਮਨੁੱਖੀ ਜਾਤੀ ਦੀ ਸਿਰਜਣਾ ਅਤੇ ਪਤਨ, ਮੁਕਤੀ ਦਾ ਰਾਹ, ਚਰਚ ਦੀ ਪ੍ਰਕਿਰਤੀ ਅਤੇ ਸਮੇਂ ਦੇ ਅੰਤ ਵਿਚ ਸਾਰੀਆਂ ਚੀਜ਼ਾਂ ਦੀ ਸਮਾਪਤੀ ਸ਼ਾਮਲ ਹੈ। ਇਹ ਦਲੀਲ ਦਿੱਤੀ ਜਾ ਸਕਦੀ ਹੈ ਕਿ ਇਨ੍ਹਾਂ ਸਾਰੇ ਵਿਸ਼ਿਆਂ ਨੂੰ ਬਾਈਬਲ ਦੇ ਗਿਆਨ ਦੁਆਰਾ ਕਵਰ ਕੀਤਾ ਜਾ ਸਕਦਾ ਹੈ ਅਤੇ ਇਸ ਲਈ ਈਸਾਈ ਧਰਮ ਸ਼ਾਸ਼ਤਰ ਦੇ ਸੰਦਰਭ ਵਿਚ ਇਸਦਾ ਅਧਿਐਨ ਕੀਤਾ ਜਾਣਾ ਚਾਹੀਦਾ ਹੈ ਪਰ ਉਹ ਰੱਬ ਦੇ ਸਿਧਾਂਤ ਲਈ ਗੌਣ ਹਨ ਨਾ ਕਿ ਵਿਗਿਆਨ ਲਈ।

ਵਿਗਿਆਨ ਸ਼ਬਦ ਦਾ ਦੋਹਰਾ ਅਰਥ ਘੱਟੋ-ਘੱਟ ਅੰਸ਼ਕ ਰੂਪ ਵਿਚ ਇਕ ਸੰਕਲਪਨਾਤਮਕ ਤਬਦੀਲੀ ਦਾ ਨਤੀਜਾ ਹੈ ਜੋ ਸੋਲ੍ਹਵੀਂ ਸਦੀ ਦੇ ਅਖ਼ੀਰ ਵਿਚ ਵਾਪਰਿਆ, ਕਿਉਂਕਿ ਪ੍ਰੋਟੈਸਟੈਂਟ ਸੁਧਾਰ ਨੇ ਜੜ੍ਹ ਫੜ ਲਈ ਸੀ।

## 3.2 **ਪਰਿਭਾਸ਼ਾ**

ਵਿਗਿਆਨ ਦਾ ਅਰਥ ਹੈ ਰੱਬ ਬਾਰੇ ਸੋਚਣਾ। ਅਮਲੀ ਰੂਪ ਵਿਚ ਇਸ ਦਾ ਅਰਥ ਈਸਾਈ ਵਿਸ਼ਵਾਸ ਦੇ ਸਰੋਤਾਂ ਜਿਵੇਂ ਕਿ ਬਾਈਬਲ, ਪੰਥ ਅਤੇ ਈਸਾਈ ਧਰਮ ਦੇ ਅਰਥਾਂ ਦੀ ਪੜਚੋਲ ਕਰਨਾ ਹੈ।

ਧਰਮ ਸ਼ਾਸ਼ਤਰੀ ਇਕ ਢੰਗ ਹੈ ਕਿ ਕੋਈ ਵਿਅਕਤੀ ਬਾਈਬਲ ਦੀ ਵਿਆਖਿਆ ਤਕ ਕਿਵੇਂ ਪਹੁੰਚਦਾ ਹੈ ਅਤੇ ਉਸ ਵਿਆਖਿਆ ਦੇ ਸਿਧਾਂਤਕ ਪ੍ਰਭਾਵਾਂ ਤੱਕ ਕਿਵੇਂ ਪਹੁੰਚਦਾ ਹੈ। ਇਥੇ ਪੰਜ ਧਰਮ-ਸ਼ਾਸ਼ਤਰ ਆਪਸ ਵਿਚ ਜੁੜੇ ਹੋਏ ਹਨ- ਵਿਆਖਿਆ ਵਿਗਿਆਨ, ਬਾਈਬਲ ਧਰਮ ਸ਼ਾਸ਼ਤਰ, ਇਤਿਹਾਸਕ ਵਿਗਿਆਨ, ਵਿਵਸਥਿਤ ਧਰਮ ਸ਼ਾਸ਼ਤਰ ਅਤੇ ਵਿਹਾਰਕ ਵਿਗਿਆਨ।

## 3.3 **ਵਿਆਖਿਆ ਵਿਗਿਆਨ**

ਵਿਆਖਿਆ ਇਕ ਵਿਗਿਆਨ ਹੈ (ਕੁੱਝ ਵਿਦਵਾਨ ਇਸਨੂੰ ਕਲਾ ਜਾਂ ਵਿਆਖਿਆ ਦੀ ਵਿਧੀ ਕਹਿੰਦੇ ਹਨ) ਜਿਸਦੇ ਅਰਥਾਂ ਅਨੁਸਾਰ ਕਿਸੇ ਵੀ ਲਿਖਤ ਦੇ ਅਰਥਾਂ ਨੂੰ ਨਿਰਧਾਰਤ ਕਰਨਾ ਹੈ। ਇਹ ਤਕਨੀਕ ਉਨ੍ਹਾਂ ਸਾਰਿਆਂ ਵਿਸ਼ਿਆਂ ਲਈ ਵਰਤੀ ਜਾਂਦੀ ਹੈ ਜਿਸ ਵਿਚ ਕਿਸੇ ਵੀ ਲਿਖਤ ਦਾ ਅਧਿਐਨ ਕੀਤਾ ਜਾਂਦਾ ਹੈ ਖਾਸ ਕਰਕੇ ਧਰਮਾਂ ਦੇ ਧਾਰਮਿਕ ਗ੍ਰੰਥਾਂ ਦਾ। ਸਾਰੇ ਧਰਮਾਂ ਦੇ ਧਰਮ ਗ੍ਰੰਥ ਅਤੇ ਗ੍ਰੰਥ ਇੱਕ ਵਿਸ਼ੇਸ਼ ਸਭਿਆਚਾਰ ਅਤੇ ਵਿਸ਼ਵਾਸ ਪ੍ਰਣਾਲੀ ਦੇ ਧਰਮ ਸੰਦਰਭ ਵਿਚ ਲਿਖੇ ਗਏ ਸਨ। ਕੋਈ ਵੀ ਵਿਅਕਤੀ ਇਕ ਨਿਸ਼ਚਿਤ ਸੰਦਰਭ ਤੋਂ ਬਿਨਾਂ ਨਹੀਂ ਲਿਖ ਸਕਦਾ , ਸ਼ਬਦਾਂ ਦਾ ਅਰਥ ਵੱਖ-ਵੱਖ ਲੋਕਾਂ ਲਈ ਵੱਖੋ-ਵੱਖਰਾ ਹੁੰਦਾ ਹੈ। ਸਾਲਾਂ ਦੌਰਾਨ ਸ਼ਬਦਾਂ ਦੇ ਅਰਥ ਵੀ ਬਦਲ ਜਾਂਦੇ ਹਨ। ਇਸ ਰੂਪ ਦਾ ਮੁੱਖ ਕਾਰਜ ਧਰਮ-ਗ੍ਰੰਥ ਨਾਲ ਸੰਬੰਧਿਤ ਹੁੰਦਾ ਹੈ। ਧਰਮ-ਗ੍ਰੰਥ ਨੂੰ ਪ੍ਰਭਾਸ਼ਿਤ ਕਰਨਾ, ਧਰਮ-ਗ੍ਰੰਥ ਵਿਚਲੇ ਵਿਸ਼ਿਆਂ ਨਾਲ ਸੰਬੰਧਿਤ ਅਧਿਐਨ Exegetical Theology ਦੇ ਅਧੀਨ ਆਉਂਦਾ ਹੈ। ਇਸ ਵਿਧੀ ਵਿਚ ਮੁੱਖ ਰੂਪ ਵਿਚ ਬੜੀ ਸਾਵਧਾਨੀ ਨਾਲ ਧਰਮ-ਗ੍ਰੰਥ ਨੂੰ ਪੜ੍ਹਣਾ ਅਤੇ ਇਹ ਸਮਝਣ ਦਾ ਯਤਨ ਕੀਤਾ ਜਾਂਦਾ ਹੈ ਕਿ ਗ੍ਰੰਥ ਦਾ ਕਰਤਾ ਇਸ ਰਾਹੀਂ ਦੂਜਿਆਂ ਵਿਚ ਕਿਸ ਭਾਵਨਾ ਨੂੰ ਸੰਚਾਰ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਕਈ ਵਾਰ ਇਹ ਆਮ ਪੱਧਰ ਵਾਲਾ ਸਰਲ ਤੇ ਸਾਦਗੀ ਭਰਿਆ ਲੱਗ ਰਿਹਾ ਹੁੰਦਾ ਹੈ, ਲੇਕਿਨ ਇਹ ਅੰਦਰੋਂ ਜਟਿਲ ਅਤੇ ਬਾਰੀਕ ਪ੍ਰਕਿਰਿਆ ਵਿਚੋਂ ਦੀ ਲੰਘ ਕੇ ਕਿਸੇ ਗਹਿਰ-ਗੰਭੀਰ ਅਰਥ ਨੂੰ ਉਜਾਗਰ ਕਰਨ ਵਿਚ ਲੱਗਾ ਹੁੰਦਾ ਹੈ। ਇਹ ਸੰਕਲਪ 18ਵੀਂ ਸਦੀ ਦੇ ਦੌਰਾਨ ਹੋਂਦ ਵਿਚ ਆਇਆ। ਧਰਮ ਗ੍ਰੰਥ ਦੇ ਬੜੀ ਸੂਝ ਨਾਲ ਪੜ੍ਹਣ ਤੇ ਵਿਚਾਰਨ ਵਾਲੇ ਮਾਮਲੇ ਵਿਚ ਇਬਲਿੰਗ ਲਿਖਦਾ ਹੈ ਕਿ ਡੈਵਿਡ ਜੋ ਕਿ ਪਵਿੱਤਰ ਗ੍ਰੰਥ ਨੂੰ ਚੰਗੀ ਤਰ੍ਹਾਂ ਜਾਣਦਾ ਸੀ ਅਤੇ ਰੋਜ਼ਾਨਾ ਮੂਸਾ ਦਾ ਧਰਮ

ਗ੍ਰੰਥ ਅਤੇ ਹੋਰ ਕਿਤਾਬਾਂ ਦਾ ਪਾਠ ਸੁਣਦਾ ਅਤੇ ਪੜ੍ਹਦਾ ਸੀ। ਫਿਰ ਵੀ ਉਹ ਵਾਰ-ਵਾਰ ਪਰਮਾਤਮਾ ਅੱਗੇ ਪ੍ਰਾਰਥਨਾ ਕਰਦਾ ਹੈ ਕਿ ਮੈਨੂੰ ਸਿਖਾਓ , ਪ੍ਰਭੂ, ਮੈਨੂੰ ਸੇਧ ਦਿਓ, ਮੈਨੂੰ ਵਿਖਾਓ ਤਾਂਕਿ ਉਹ ਪਵਿੱਤਰ ਧਰਮ ਗ੍ਰੰਥ ਨੂੰ ਆਪਣੇ ਉਸਤਾਦ ਵਜੋਂ ਧਾਰੀ ਰੱਖੇ ਅਤੇ ਆਪਣੇ ਤਰਕ ਨਾਲ ਉਸ ਦੀ ਵਿਆਖਿਆ ਵਿਚ ਕੋਈ ਗੜਬੜ ਨਾ ਕਰੇ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਪਵਿੱਤਰ ਧਰਮ ਗ੍ਰੰਥ ਦੀ ਵਿਆਖਿਆ ਵਿਧੀ ਬਹੁਤ ਹੀ ਸੂਝ ਅਤੇ ਵਿਚਾਰ ਵਾਲੀ ਵਿਧੀ ਹੈ ਜਿਸ ਉਸ ਧਰਮ ਦਾ ਗ੍ਰੰਥ ਦਾ ਕਾਲ, ਸਮਾਂ, ਸਥਾਨ, ਸੱਭਿਆਚਾਰ ਅਤੇ ਵਿਆਖਿਆਕਾਰ ਆਪ ਵੀ ਬਹੁਤ ਹੀ ਮਹੱਤਵਪੂਰਣ ਰੋਲ ਅਦਾ ਕਰਦੇ ਹਨ।

### 3.4 **ਬਾਈਬਲ ਵਿਗਿਆਨ**

ਬਿਬਲੀਕਲ ਧਰਮ-ਵਿਗਿਆਨ ਨੂੰ ਵਿਦਵਾਨਾਂ ਨੇ ਬਹੁਤ ਸਾਰੇ ਵੱਖੋ ਵੱਖਰੇ ਤਰੀਕਿਆਂ ਨਾਲ ਵਰਤਿਆ ਹੈ ਇਸ ਕਰਕੇ ਇਸ ਨੂੰ ਕਿਸੇ ਇਕ ਪਰਿਭਾਸ਼ਾ ਰਾਹੀਂ ਪਰਿਭਾਸ਼ਿਤ ਕਰਨਾ ਕਠਿਨ ਹੈ। ਪਰ ਫਿਰ ਵੀ ਜੇਕਰ ਕੋਈ ਵੱਖਰੀ ਪਰਿਭਾਸ਼ਾ ਨਿਸ਼ਚਿਤ ਕਰਨੀ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਇਹ ਧਰਮ-ਵਿਗਿਆਨ ਬਾਈਬਲ ਦੀ ਪਾਠ ਸਮੱਗਰੀ ਦਾ ਬਿਨਾਂ ਤਰਕਪੂਰਨ ਵਿਸ਼ਲੇਸ਼ਣ ਕੀਤੇ ਪੁਨਰ-ਕਥਨ ਕਰਦਾ ਹੈ। ਵੈਬਸਟਰ ਡਿਕਸ਼ਨਰੀ ਅਨੁਸਾਰ ਇਹ ਧਰਮ-ਵਿਗਿਆਨ ਬਾਈਬਲ ਉੱਤੇ ਆਧਾਰਿਤ ਹੈ ਅਤੇ ਸਮੁੱਚੇ ਤੌਰ ਤੇ ਬਾਈਬਲ ਦੇ ਅਧਿਐਨ ਤੋਂ ਇਸ ਦੇ ਵਿਚਾਰਾਂ ਦੀ ਵਰਗ ਵੰਡ ਅਤੇ ਵਿਆਖਿਆ ਲਈ ਨਿਯਮਾਂ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਬਾਈਬਲ ਧਰਮ-ਵਿਗਿਆਨ ਗਤੀਸ਼ੀਲ ਹੈ, ਸਥਿਰ ਨਹੀਂ। ਭਾਵ, ਇਹ ਬਾਈਬਲ ਵਿਚ ਪਰਮੇਸ਼ਰ ਦੇ ਪ੍ਰਗਟਾਵੇ ਦੇ ਸਮੇਂ ਨੂੰ ਬਿਆਨ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਸਦਾ ਵਿਵਸਥਿਤ ਧਰਮ-ਵਿਗਿਆਨ ਨਾਲ ਨਜ਼ਦੀਕੀ ਸਬੰਧ ਹੈ ਅਤੇ ਇਹ ਦੋਵੇਂ ਇੱਕ ਦੂਜੇ ਉਤੇ ਨਿਰਭਰ ਹਨ, ਪਰ ਦੋਵਾਂ ਦੇ ਨੁਕਤੇ ਦੀ ਮਹੱਤਤਾ ਵਿਚ ਅੰਤਰ ਹੈ। ਬਾਈਬਲ ਦੇ ਧਰਮ-ਵਿਗਿਆਨ ਦੀ ਰੁਚੀ ਈਸਾਈ ਵਿਸ਼ਵਾਸ ਦੇ ਸਿਧਾਂਤ ਨੂੰ ਬਣਾਉਣ ਵਾਲੇ ਅੰਤਿਮ ਫੈਸਲਿਆਂ ਵਿਚ ਨਹੀਂ ਸਗੋਂ ਇਹ ਇਲਹਾਮ ਦੀ ਵਿਆਖਿਆ ਦੇ ਟੀਚੇ ਵੱਲ ਹੈ ਜਿਸ ਵਿਚ ਯਿਸੂ ਮਸੀਹ ਸੰਸਾਰ ਵੱਲ ਪਰਮੇਸ਼ਰ ਦੇ ਉਦੇਸ਼ਾਂ ਦਾ ਅੰਤਿਮ ਪ੍ਰਕਾਸ਼ ਜਾਂ ਪ੍ਰਗਟਾਵਾ ਹੈ।

ਬਾਈਬਲ ਦਾ ਧਰਮ-ਵਿਗਿਆਨ ਵੱਖ-ਵੱਖ ਯੁਗਾਂ ਦੇ ਵਿਚਕਾਰ ਪਰਮੇਸ਼ਰ ਦੇ ਇਲਹਾਮੀ ਕਾਰਜ ਦੇ ਆਪਸੀ ਸਬੰਧਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ। ਵਿਵਸਥਿਤ ਧਰਮ-ਵਿਗਿਆਨ ਮੁਖ ਤੌਰ ਤੇ ਈਸਾਈ ਸਿਧਾਂਤ ਦੇ ਸਾਰ ਨੂੰ ਅੱਖਰ-ਬੱਧ ਕਰਨ ਵਿਚ ਦਿਲਚਸਪੀ ਰੱਖਦਾ ਹੈ। ਦੂਜੇ ਪਾਸੇ ਬਾਈਬਲ ਦਾ ਧਰਮ-ਵਿਗਿਆਨ ਸੱਚ ਦੇ ਪ੍ਰਗਤੀਸ਼ੀਲ ਪ੍ਰਗਟਾਵੇ ਨਾਲ ਸੰਬੰਧਤ ਹੈ।

## 3.5 **ਇਤਿਹਾਸਕ ਵਿਗਿਆਨ**

ਕਿਸੇ ਵੀ ਧਰਮ ਦੇ ਇਤਿਹਾਸਕ ਤੌਰ ’ਤੇ ਅਧਿਐਨ, ਵਿਸ਼ੇਸ਼ ਕਰਕੇ ਉਸ ਦੇ ਆਰੰਭ, ਵਿਕਾਸ, ਪਾਸਾਰ ਤੇ ਧਰਮ ਦੁਆਰਾ ਸੰਸਥਾਪਿਤ ਸੰਸਥਾਵਾਂ ਦਾ ਅਧਿਐਨ ਧਰਮ ਵਿਗਿਆਨੀ Historical Theology ਵਿਧੀ ਅਧੀਨ ਕਰਦਾ ਹੈ। ਇਤਿਹਾਸਕ ਧਰਮ ਸ਼ਾਸਤਰ ਦਾ ਦੋਹਰਾ ਕਾਰਜ ਅਜੋਕੇ ਸਮੇਂ ਵਿਚ ਧਾਰਨ ਕੀਤੇ ਵਿਸ਼ਵਾਸਾਂ ਦੀ ਉਤਪੱਤੀ ਅਤੇ ਵਿਕਾਸ ਨੂੰ ਦਰਸਾਉਣਾ ਅਤੇ ਸਮਕਾਲੀ ਧਰਮ ਸ਼ਾਸਤਰੀਆਂ ਨੂੰ ਅਤੀਤ ਦੀਆਂ ਧਰਮ ਸ਼ਾਸਤਰੀ ਗਲਤੀਆਂ ਦੀ ਪਛਾਣ ਕਰਨ ਵਿਚ ਮਦਦ ਕਰਨਾ ਹੈ।

ਫ੍ਰੀਡਰਿਕ ਸਲੇਇਰਮਾਕਰ ਦੇ ਅਨੁਸਾਰ, ਇਤਿਹਾਸਕ ਧਰਮ-ਵਿਗਿਆਨ ਇਕ ਇਤਿਹਾਸਕ ਅਨੁਸ਼ਾਸਨ ਹੈ, ਜੋ ਕਿ ਕਿਸੇ ਹੋਰ ਇਤਿਹਾਸਿਕ ਵਰਤਾਰੇ ਦੇ ਅਧਿਐਨ ਵਿਚ ਵਰਤੇ ਜਾਣ ਵਾਲੇ ਤਰੀਕਿਆਂ ਦੀ ਵਰਤੋਂ ਕਰਕੇ ਧਰਮ-ਵਿਗਿਆਨ ਦੇ ਖੇਤਰ ਤੱਕ ਪਹੁੰਚਦਾ ਹੈ। ਇਹ ਇਸ ਧਾਰਨਾ ਤੇ ਅਧਾਰਿਤ ਹੈ ਕਿ ਧਰਮ-ਵਿਗਿਆਨ ਅੰਦਾਜ਼ੇ ਵਾਲਾ ਸ਼ੁਰੂਆਤੀ ਬਿੰਦੂ ਨਾ ਹੋ ਕੇ ਇਤਿਹਾਸਿਕ ਹੈ। ਉਦਾਹਰਨ ਲਈ ਬਾਈਬਲ ਅਤੇ ਵਿਸ਼ਵ-ਵਿਆਪੀ ਸਭਾਵਾਂ ਦੀਆਂ ਲਿਖਤਾਂ ਨੂੰ ਇਤਿਹਾਸਿਕ ਸਰੋਤ ਮੰਨਿਆ ਜਾਂਦਾ ਹੈ ਅਤੇ ਉਨ੍ਹਾਂ ਦੀ ਸਮੱਗਰੀ ਨੂੰ ਗਵਾਹਾਂ ਦੇ ਬਿਰਤਾਂਤ ਵਜੋਂ ਮੰਨਿਆ ਜਾਂਦਾ ਹੈ। ਇਹ ਉਸ ਵੱਡੇ ਹਿੱਸੇ ਨੂੰ ਪੂਰਦਾ ਹੈ ਜਿਸ ਨੂੰ ਸਲੇਇਰਮਾਕਰ ਨੇ ਧਰਮ-ਵਿਗਿਆਨ ਦਾ ਸੱਚਾ ਸਰੀਰ ਕਿਹਾ ਹੈ ਅਤੇ ਜਿਸ ਵਿਚ ਵਿਆਖਿਆਤਮਿਕ ਧਰਮ-ਵਿਗਿਆਨ, ਸਿਧਾਂਤਵਾਦ ਅਤੇ ਚਰਚ ਦਾ ਇਤਿਹਾਸ ਸ਼ਾਮਲ ਹੋ ਸਕਦਾ ਹੈ।

## 3.6 **ਯੋਜਨਾਬੱਧ ਵਿਗਿਆਨ/ਵਿਵਸਥਿਤ ਵਿਗਿਆਨ**

ਵਿਵਸਥਿਤ ਧਰਮ-ਵਿਗਿਆਨ ਅਸਲ ਵਿਚ ਈਸਾਈ ਧਰਮ-ਵਿਗਿਆਨ ਦਾ ਉਹ ਅਨੁਸ਼ਾਸਨ ਹੈ ਜੋ ਈਸਾਈ ਵਿਸ਼ਵਾਸ ਦੇ ਸਿਧਾਂਤ ਦੀ ਤਰਤੀਬਬੱਧ, ਤਾਰਕਿਕ ਅਤੇ ਢੁਕਵੇਂ ਰੂਪ ਵਿਚ ਸਿਰਜਣਾ ਕਰਦਾ ਹੈ। Lewis Sperry Chafer ਅਨੁਸਾਰ, ਪ੍ਰਣਾਲੀਗਤ ਜਾਂ ਵਿਵਸਥਿਤ ਧਰਮ-ਵਿਗਿਆਨ ਪਰਮਾਤਮਾ ਅਤੇ ਉਸਦੇ ਕੰਮਾਂ ਬਾਰੇ ਕਿਸੇ ਵੀ ਅਤੇ ਹਰ ਸਰੋਤ ਤੋਂ ਸਾਰੇ ਤੱਥਾਂ ਨੂੰ ਇਕੱਠੇ ਕਰਨਾ, ਵਿਗਿਆਨਿਕ ਤੌਰ ਤੇ ਪ੍ਰਬੰਧ ਕਰਨਾ, ਤੁਲਨਾ ਕਰਨਾ, ਪ੍ਰਦਰਸ਼ਨ ਕਰਨਾ ਅਤੇ ਬਚਾਅ ਕਰਨਾ ਹੈ।

ਯੋਜਨਾਬੱਧ ਵਿਗਿਆਨ ਮੁਆਫ਼ੀ ਅਤੇ ਦਰਸ਼ਨ ਤੇ ਕੇਂਦਰਿਤ ਖੇਤਰਾਂ ਨੂੰ ਵੀ ਸ਼ਾਮਿਲ ਕਰਦਾ ਹੈ। ਤਰਕ, ਇਤਿਹਾਸ ਅਤੇ ਅਨੁਭਵ ਆਦਿ ਵਿਸ਼ਿਆਂ ਬਾਰੇ ਵਿਗਿਆਨ ਕੀ ਕਹਿੰਦਾ ਹੈ। ਇਸ ਬਾਰੇ ਗਿਆਨ ਯੋਜਨਾਬੱਧ ਵਿਗਿਆਨ ਤੋਂ ਹੁੰਦਾ ਹੈ।

## 3.7 **ਵਿਹਾਰਕ ਵਿਗਿਆਨ**

ਵਿਹਾਰਕ ਧਰਮ ਸ਼ਾਸਤਰ ਇਕ ਅਕਾਦਮਿਕ ਅਨੁਸ਼ਾਸਨ ਹੈ ਜੋ ਧਰਮ ਸ਼ਾਸਤਰ ਨੂੰ ਸਮਝਣ ਲਈ ਇਸਦੇ ਸਿਧਾਂਤਾਂ ਉੱਤੇ ਵਿਚਾਰ ਕਰਦਾ ਹੈ ਕਿ ਇਨ੍ਹਾਂ ਨੂੰ ਇਕਸਾਰ ਬਦਲਿਆ ਜਾਂ ਸੁਧਾਰਿਆ ਜਾ ਸਕਦਾ ਹੈ। ਸ਼ੈਲੀਮੇਕਰ ਨੇ ਵਿਹਾਰਕ ਧਰਮ ਸ਼ਾਸਤਰ ਦੀ ਅਸਲ ਜਾਣ-ਪਛਾਣ ਕਰਵਾਈ। ਉਸਨੇ ਇਸ ਅਨੁਸ਼ਾਸ਼ਨ ਨੂੰ ਮੁੱਖ ਤੌਰ ਤੇ ਇਕ ਅਮਲ ਵਜੋਂ ਪਰਿਭਾਸ਼ਿਤ ਕੀਤਾ।

## 3.8 **ਕੁਦਰਤੀ ਵਿਗਿਆਨ**

ਕੁਦਰਤੀ ਧਰਮ-ਵਿਗਿਆਨ ਕਿਸੇ ਵੀ ਦੈਵੀ ਪ੍ਰਕਾਸ਼ ਦਾ ਹਵਾਲਾ ਜਾਂ ਅਪੀਲ ਦਿੱਤੇ ਬਿਨਾਂ ਪਰਮਾਤਮਾ ਦੀ ਹੋਂਦ ਅਤੇ ਗੁਣਾਂ ਦੀ ਜਾਂਚ-ਪੜਤਾਲ ਕਰਨ ਦੀ ਕਿਰਿਆ ਹੈ। ਕੁਦਰਤੀ ਧਰਮ-ਵਿਗਿਆਨ ਵਿਚ ਕੋਈ ਵਿਅਕਤੀ ਪੁੱਛਦਾ ਹੈ ਕਿ ਰੱਬ ਸ਼ਬਦ ਦਾ ਕੀ ਅਰਥ ਹੈ ? ਕੀ ਰੱਬ ਭਵਿੱਖ ਵਿਚ ਜੀਵ-ਜੰਤੂਆਂ ਦੇ ਆਜ਼ਾਦ ਵਿਕਲਪਾਂ ਬਾਰੇ ਜਾਣਦਾ ਹੈ ? ਇਸ ਤਰ੍ਹਾਂ ਇਸ ਦਾ ਉਦੇਸ਼ ਪਵਿੱਤਰ ਗ੍ਰੰਥ ਜਾਂ ਇਲਹਾਮ ਦੇ ਪ੍ਰਗਟਾਵੇ ਦੁਆਰਾ ਕੀਤੇ ਗਏ ਦਾਅਵਿਆਂ ਤੋਂ ਬਿਨਾਂ ਇਨ੍ਹਾਂ ਸਾਰੇ ਸਵਾਲਾਂ ਦੇ ਜਵਾਬ ਦੇਣਾ ਹੈ। ਕੁਦਰਤੀ ਧਰਮ-ਵਿਗਿਆਨ ਆਮ ਤੌਰ ਤੇ ਤਰਕਪੂਰਨ ਸੰਕਲਪ ਅਤੇ ਇਲਹਾਮ ਦੇ ਪ੍ਰਗਟਾਵੇ ਤੋਂ ਬਿਨਾਂ ਧਰਮ ਦੀ ਸੱਚਾਈ ਨੂੰ ਸਥਾਪਿਤ ਕਰਨ ਦਾ ਯਤਨ ਹੈ। ਇਹ ਪਰੰਪਰਾਗਤ ਤੌਰ ਤੇ ਪਰਮਾਤਮਾ ਦੀ ਹੋਂਦ ਅਤੇ ਆਤਮਾ ਦੀ ਅਮਰਤਾ ਦੇ ਵਿਸ਼ਿਆਂ ਤੇ ਧਿਆਨ ਕੇਂਦਰਿਤ ਕਰਦੀ ਹੈ।

ਕੁਦਰਤੀ ਧਰਮ-ਵਿਗਿਆਨ ਨੇ ਅਧਿਐਨ ਦੇ ਉਦੇਸ਼ ਲਈ ਯਹੂਦੀ, ਈਸਾਈ, ਮੁਸਲਿਮ ਅਤੇ ਹੋਰ ਧਰਮਾਂ ਅਤੇ ਪਵਿੱਤਰ ਲਿਖਤਾਂ ਜਾਂ ਪਰੰਪਰਾਵਾਂ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਨੂੰ ਕੁੱਝ ਸਮੇਂ ਲਈ ਪਾਸੇ ਰੱਖ ਦਿੱਤਾ ਜਿਸ ਨੂੰ ਉਹ ਰੱਬ ਦੇ ਬੋਲ ਮੰਨਦੇ ਸਨ। ਅਜਿਹਾ ਕਰਕੇ ਇਸਨੇ ਪਰਮਾਤਮਾ ਬਾਰੇ ਚੱਲੇ ਆ ਰਹੇ ਸਦੀਵੀ ਪ੍ਰਸ਼ਨਾਂ ਵਿਚ ਅੱਗੇ ਵੱਲ ਨੂੰ ਤੋਰਿਆ, ਜਿਹੜੇ ਕਿ ਸਾਂਝੀ ਮਨੁੱਖਤਾ ਦੇ ਗੁਣਾਂ ਨੂੰ ਦਰਸਾਉਂਦੇ ਹਨ ਜਿਵੇਂ ਕਿ, ਸੰਵੇਦਨਾ, ਤਰਕ, ਵਿਗਿਆਨ ਅਤੇ ਇਤਿਹਾਸ। ਅਗਿਆਨੀ ਅਤੇ ਨਾਸਤਿਕ ਵੀ ਕੁਦਰਤੀ ਧਰਮ-ਵਿਗਿਆਨ ਵਿਚ ਸ਼ਾਮਲ ਹੋ ਸਕਦੇ ਹਨ। ਪਰ ਉਨ੍ਹਾਂ ਕੋਲ ਆਵੇਸ਼ਮਈ ਜਾਂ ਇਲਹਾਮ ਦੇ ਪ੍ਰਗਟਾਵੇ ਉੱਤੇ ਅਧਾਰਿਤ ਅਜਿਹਾ ਕੋਈ ਵਿਚਾਰ ਨਹੀਂ ਹੈ ਜਿਸ ਨੂੰ ਉਹ ਪਾਸੇ ਰੱਖ ਸਕਣ।

ਕੁਦਰਤੀ ਧਰਮ-ਵਿਗਿਆਨ ਦਾ ਜਨਮ ਪ੍ਰਾਚੀਨ ਯੂਨਾਨ ਵਿਚ ਹੋਇਆ ਅਤੇ ਇਸਦਾ ਪ੍ਰਾਚੀਨ ਯਹੂਦੀ-ਈਸਾਈ-ਮੁਸਲਿਮ ਵਿਚਾਰਾਂ ਨਾਲ ਮੇਲ ਇਕ ਗੁੰਝਲਦਾਰ ਸੱਭਿਆਚਾਰਕ ਘਟਨਾ ਸੀ। ਉਸ ਮੇਲ ਤੋਂ ਪੂਰੇ ਮੱਧ ਯੁੱਗ ਵਿਚ ਈਸਾਈਆਂ ਲਈ ਧਰਮ-ਵਿਗਿਆਨ ਦੇ ਅਰਥ ਈਸਾਈ ਰੂਪ ਵਿਚ ਅਤੇ ਕੁਦਰਤੀ ਧਰਮ-ਵਿਗਿਆਨ ਦੇ ਅਰਥ ਪ੍ਰਾਚੀਨ ਯੂਨਾਨੀ ਰੂਪ ਵਿਚ ਵਿਕਸਿਤ ਹੋਏ। ਹਾਲਾਂਕਿ ਮੱਧ ਯੁੱਗ ਦੇ ਬਹੁਤ ਸਾਰੇ ਚਿੰਤਕਾਂ ਨੇ ਧਰਮ-ਵਿਗਿਆਨ ਅਤੇ ਕੁਦਰਤੀ ਧਰਮ-ਵਿਗਿਆਨ ਨੂੰ ਵਿਚਾਰਾਂ ਦੀ ਏਕਤਾ ਵਿਚ ਜੋੜਣ ਦੀ ਕੋਸ਼ਿਸ਼ ਕੀਤੀ ਪਰ ਇਸ ਵਿਸ਼ੇ ਨੂੰ ਅਕਸਰ ਵਿਰੋਧ ਦਾ ਸਾਹਮਣਾ ਕਰਨਾ ਪਿਆ । ਅੱਜ ਦੇ ਯੁੱਗ ਵਿਚ ਵੀ ਦਾਰਸ਼ਨਿਕ ਅਤੇ ਧਰਮ-ਵਿਗਿਆਨ ਕਾਰਨਾਂ ਕਰਕੇ ਕੁਦਰਤੀ ਧਰਮ-ਵਿਗਿਆਨ ਨੂੰ ਆਲੋਚਨਾ ਦਾ ਸਾਹਮਣਾ ਕਰਨਾ ਪੈਂਦਾ ਹੈ। ਅਜਿਹੀ ਆਲੋਚਨਾ ਲਗਾਤਾਰ ਜਾਰੀ ਹੈ। ਅਜਿਹੇ ਕਾਰਨਾਂ ਕਰਕੇ ਧਰਮ-ਵਿਗਿਆਨ ਸ਼ਾਸ਼ਤਰੀ ਅਤੇ ਦਾਰਸ਼ਨਿਕ ਵੱਡੇ ਪੱਧਰ ਤੇ ਕੁਦਰਤੀ ਧਰਮ-ਵਿਗਿਆਨ ਤੋਂ ਦੂਰ ਚਲੇ ਗਏ। ਫਿਰ ਵੀ ਪਿਛਲੇ ਕੁੱਝ ਸਮੇਂ ਵਿਚ ਕੁਦਰਤੀ ਧਰਮ-ਵਿਗਿਆਨ ਮੁੜ ਪੁਨਰ ਸੁਰਜੀਤ ਹੋਇਆ ਹੈ।

## 3.9 **ਦਾਰਸ਼ਨਿਕ ਵਿਗਿਆਨ**

ਦਾਰਸ਼ਨਿਕ ਧਰਮ-ਵਿਗਿਆਨ , ਧਰਮ-ਵਿਗਿਆਨ ਦੀ ਸ਼ਾਖਾ ਵੀ ਹੈ ਅਤੇ ਰੂਪ ਵੀ। ਇਸ ਵਿਚ ਧਰਮ-ਵਿਗਿਆਨ ਦੇ ਸੰਕਲਪਾਂ ਨੂੰ ਦਾਰਸ਼ਨਿਕ ਢੰਗਾਂ ਅਨੁਸਾਰ ਪਰਖਿਆ ਅਤੇ ਵਿਕਸਿਤ ਕੀਤਾ ਜਾਂਦਾ ਹੈ। ਦਾਰਸ਼ਨਿਕ ਧਰਮ-ਵਿਗਿਆਨ ਇਕ ਅਜਿਹਾ ਸ਼ਬਦ ਹੈ ਜੋ ਦਾਰਸ਼ਨਿਕ ਪ੍ਰਤੀਬਿੰਬ, ਭਾਸ਼ਾ ਜਿਹੀਆਂ ਵਿਧੀਆਂ ਦੀ ਸਹਾਇਤਾ ਲੈ ਕੇ ਧਰਮ-ਵਿਗਿਆਨ ਨੂੰ ਪਰਿਭਾਸ਼ਿਤ ਕਰਦਾ ਹੈ। ਦਾਰਸ਼ਨਿਕ ਧਰਮ-ਵਿਗਿਆਨ ਨੂੰ ਕਈ ਵਾਰ ਧਰਮ ਦਰਸ਼ਨ ਦੀ ਇਕ ਉਪ ਸ਼੍ਰੇਣੀ ਵਜੋਂ ਦੇਖਿਆ ਜਾਂਦਾ ਹੈ, ਜੋ ਕਿ ਦਰਸ਼ਨ ਦੀ ਵਰਤੋਂ ਰਾਹੀਂ ਵੱਖ-ਵੱਖ ਸਿਧਾਂਤਾਂ ਜਾਂ ਧਰਮ ਵਿਗਿਆਨਿਕ ਧਾਰਨਾਵਾਂ ਨੂੰ ਸਮਝਣ ਦੇ ਤਰੀਕੇ ਪੇਸ਼ ਕਰਦਾ ਹੈ। ਦਾਰਸ਼ਨਿਕ ਧਰਮ-ਵਿਗਿਆਨ ਵਿਚ ਆਮ ਤੌਰ ਤੇ ਦੋ ਵੱਖ-ਵੱਖ ਸ਼੍ਰੇਣੀਆਂ ਹਨ :-

ਪਹਿਲੀ ਸ਼੍ਰੇਣੀ ਵਿਚ ਇਲਹਾਮ ਦੇ ਪ੍ਰਗਟਾਵੇ ਤੋਂ ਇਲਾਵਾ ਪ੍ਰਾਪਤ ਸ੍ਰੋਤਾਂ ਦੁਆਰਾ ਧਾਰਮਿਕ ਦਾਅਵਿਆਂ ਦੀ ਸੱਚਾਈ ਨੂੰ ਪ੍ਰਦਰਸ਼ਿਤ ਕਰਨ ਦਾ ਯਤਨ ਸ਼ਾਮਲ ਹੈ। ਦੂਜੀ ਸ਼੍ਰੇਣੀ ਵਿਚ ਦਾਰਸ਼ਨਿਕ ਤਕਨੀਕਾਂ ਦੀ ਵਰਤੋਂ ਕਰਦੇ ਹੋਏ ਧਰਮ-ਵਿਗਿਆਨਿਕ ਦਾਅਵਿਆਂ ਦੀ ਇਕਸਾਰਤਾ ਅਤੇ ਸੰਭਾਵਨਾ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਹੁੰਦੀ ਹੈ। ਇਹ ਪਹਿਲੀ ਸ਼੍ਰੇਣੀ ਈਸਾਈ ਦਾਅਵਿਆਂ ਨੂੰ ਸਮਝਣ ਲਈ ਕੁਦਰਤੀ ਧਰਮ-ਵਿਗਿਆਨ ਦੀ ਵਰਤੋਂ ਕਰਦੀ ਹੈ ਅਤੇ ਦੂਸਰੀ ਸ਼ੇਣੀ ਫਲਸਫੇ ਨੂੰ ਇਲਹਾਮ ਦੇ ਪ੍ਰਗਟਾਵੇ ਤੋਂ ਪ੍ਰਾਪਤ ਧਰਮ-ਵਿਗਿਆਨਿਕ ਵਿਸ਼ਵਾਸਾਂ ਨੂੰ ਸਮਝਣ ਲਈ ਯਤਨ ਕਰਦੀ ਹੈ।

## 3.10 **ਨੈਤਿਕ ਵਿਗਿਆਨ**

ਨੈਤਿਕ ਵਿਗਿਆਨ ਈਸਾਈ ਧਰਮ ਸ਼ਾਸਤਰ ਦੀ ਇਕ ਸ਼ਾਖਾ ਹੈ ਜੋ ਮਨੁੱਖੀ ਕਿਰਿਆਵਾਂ ਅਤੇ ਉਹਨਾਂ ਦੇ ਜਾਣਬੁੱਝ ਕੇ ਕੀਤੇ ਕੰਮਾਂ ਦੇ ਸਰੋਤਾਂ ਦਾ ਅਧਿਐਨ ਕਰਦੀ ਹੈ। ਇਸ ਨੂੰ ਈਸਾਈ ਨੈਤਿਕਤਾ ਵੀ ਕਿਹਾ ਜਾਂਦਾ ਹੈ। ਨੈਤਿਕ ਧਰਮ ਵਿਗਿਆਨ ਕੇਂਦਰੀ ਈਸਾਈ ਵਿਸ਼ਵਾਸਾਂ ਨੂੰ ਸੰਸਾਰ ਦੀਆਂ ਸਮੱਸਿਆਵਾਂ ਤੇ ਲਾਗੂ ਕਰਦਾ ਹੈ। ਨੈਤਿਕ ਧਰਮ ਵਿਗਿਆਨ ਦਾ ਅਧਿਐਨ ਸ਼ਾਸਤਰ ਅਤੇ ਪਰੰਪਰਾ ਦੇ ਨਾਲ-ਨਾਲ ਹੋਰ ਅਨੁਸ਼ਾਸਨਾਂ ਜਿਵੇਂ ਕਿ ਫਲਸਫਾ, ਧਰਮ, ਰਾਜਨੀਤੀ, ਕਾਨੂੰਨ, ਸਮਾਜਿਕ ਅਤੇ ਵਿਹਾਰਕ ਵਿਗਿਆਨ ਨੂੰ ਵੀ ਸ਼ਾਮਿਲ ਕਰਦਾ ਹੈ।

## 3.11 **ਰਹੱਸਵਾਦੀ ਵਿਗਿਆਨ**

ਰਹੱਸਵਾਦ ਇਕ ਧਰਮ ਜਾਂ ਧਾਰਮਿਕ ਵਿਸ਼ਵਾਸ ਹੈ ਜੋ ਕਿਸੇ ਦੇਵਤੇ ਜਾਂ ਬ੍ਰਹਮ ਜੀਵ ਦੇ ਨਾਲ ਮੇਲ ਜਾਂ ਸਾਂਝ ਦੇ ਆਧਾਰ ਤੇ ਹੁੰਦਾ ਹੈ। ਰਹੱਸਵਾਦ ਉਹ ਹੈ ਜੋ ਤੁਹਾਨੂੰ ਸਰੀਰ ਤੋਂ ਪਾਰ ਦੇ ਗਿਆਨ ਦਾ ਅਨੁਭਵ ਕਰਵਾਉਂਦਾ ਹੈ ।

ਐਲਵਿਨ ਅੰਡਰਹਿਲ ਨੇ ਰਹੱਸਵਾਦ ਦੀ ਪਰਿਭਾਸ਼ਾ ਕਰਦਿਆਂ ਦੱਸਿਆ ਹੈ ਕਿ ਰਹੱਸਵਾਦ ਇਕ ਰਾਇ ਨਹੀਂ ਅਤੇ ਨਾ ਹੀ ਇੱਕ ਦਰਸ਼ਨ ਹੈ। ਇਸ ਦੀ ਗੁਪਤ ਗਿਆਨ ਸਿਧੀ ਦੇ ਯਤਨਾਂ ਨਾਲ ਵੀ ਕੋਈ ਸਾਂਝ ਨਹੀਂ। ਨਾ ਇਹ ਨਿਰਾਪੁਰਾ ਸਦੀਵਤਾ ਤੇ ਸਮਾਧੀ ਲਾਉਣ ਦਾ ਬਲ ਹੈ ਅਤੇ ਨਾ ਹੀ ਇਸ ਨੂੰ ਕਿਸੇ ਅਸਾਧਾਰਣ ਧਰਮ ਵੰਨਗੀ ਨਾਲ ਜੋੜਿਆ ਜਾ ਸਕਦਾ ਹੈ। ਇਹ ਅਸਲ ਵਿਚ ਇਕ ਸੰਗਠਿਤ ਪ੍ਰਕਿਰਿਆ ਦਾ ਨਾਮ ਹੈ ਜਿਸ ਵਿਚ ਰੱਬੀ ਪਿਆਰ ਆਪਣੀ ਪੂਰਨ ਸਿਧੀ ਪ੍ਰਾਪਤ ਕਰਦਾ ਹੈ। ਇਕ ਤਰ੍ਹਾਂ ਨਾਲ ਇਹ ਮਨੁੱਖ ਦੇ ਅਮਰ ਵਿਰਸੇ ਦੀ ਤੁਰੰਤ ਅਤੇ ਇੱਥੇ ਹੀ ਪ੍ਰਾਪਤੀ ਹੈ।

ਰਹੱਸਮਈ ਸ਼ਬਦ ਯੂਨਾਨੀ ਮੂਲ ਦੇ ਸ਼ਬਦ Mysticism ਤੋਂ ਲਿਆ ਗਿਆ ਹੈ ਜਿਸ ਦਾ ਅਰਥ ਹੈ ਬੰਦ ਕਰਨਾ। ਮਿਸਟਿਸ ਸ਼ਬਦ ਖ਼ੁਦ ਕਿਰਿਆ ਮਾਇਨ (ਬਹੁਤ ਨੇੜੇ ਖ਼ਾਸਕਰ ਅੱਖਾਂ ਜਾਂ ਮੂੰਹ ਦੇ) ਤੋਂ ਲਿਆ ਗਿਆ ਹੈ ਅਤੇ ਇਕ ਅਜਿਹੇ ਵਿਅਕਤੀ ਨੂੰ ਪ੍ਰਗਟ ਜਾਂ ਸੰਕੇਤ ਕਰਦਾ ਹੈ ਜਿਸ ਨੇ ਆਪਣੇ ਕੋਲ ਕੋਈ ਰਹੱਸ ਰੱਖਿਆ ਹੋਵੇ। ਮੁੱਢਲੀ ਈਸਾਈਅਤ ਨੇ ਹੇਲੇਨਿਸਟਿਕ ਰਹੱਸਾਂ ਦੀ ਤਕਨੀਕੀ ਸ਼ਬਦਾਵਲੀ ਨੂੰ ਪ੍ਰਭਾਵਿਤ ਕੀਤਾ ਪਰ ਬਾਅਦ ਵਿਚ ਰਹੱਸਤਾ ਨੂੰ ਅਣਡਿੱਠ ਕਰ ਦਿੱਤਾ। ਨਤੀਜੇ ਵਜੋਂ ਮਿਸਟਿਸ ਦੇ ਅਰਥਾਂ ਵਿਚ ਤਬਦੀਲੀ ਆਈ । ਇਸ ਤੋਂ ਮਗਰੋਂ ਈਸਾਈਅਤ ਵਿਚ ਮਿਸਟਿਸ ਜਾਂ ਰਹੱਸਵਾਦੀ ਧਾਰਮਿਕ ਆਨੰਦ ਦੇ ਸਿਧਾਂਤਕ ਤੌਰ ਤੇ ਸਵੀਕਾਰੇ ਰੂਪ ਦੇ ਅਭਿਆਸੀਆਂ ਨੂੰ ਕਿਹਾ ਗਿਆ।

ਰਹੱਸਵਾਦ ਸਭ ਧਰਮਾਂ ਦਾ ਕੇਂਦਰੀ ਤੱਤ ਹੁੰਦਾ ਹੈ ਕਿਸੇ ਇਕ ਧਰਮ ਦਾ ਵਿਸ਼ੇਸ਼ ਲੱਛਣ ਨਹੀਂ। ਇਸਦੀ ਸਾਧਨਾ ਅਤੇ ਅਨੁਭਵ ਸੰਬੰਧੀ ਭਾਵੇਂ ਜਿੰਨੇ ਮਰਜ਼ੀ ਵਖਰੇਵੇਂ ਹੋਣ ਪਰ ਇਸ ਦੇ ਅੰਤਿਮ ਰੂਪ ਵਿਚ ਬੁਨਿਆਦੀ ਸਾਂਝ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

## 3.12 Pastoral **ਵਿਗਿਆਨ** (Theology)

ਇਹ ਵਿਗਿਆਨ ਨਿਯਮਿਤ ਚਰਚ ਦੀ ਸੇਵਕਾਈ ਦੇ ਪ੍ਰਸੰਗ ਵਿਚ ਧਰਮ ਦੇ ਅਧਿਐਨ ਦੀ ਵਰਤੋਂ ਨਾਲ ਸੰਬੰਧਿਤ ਪ੍ਰੈਕਟੀਕਲ ਵਿਗਿਆਨ ਦੀ ਇਕ ਸ਼ਾਖਾ ਹੈ। ਵਿਗਿਆਨ ਵੱਲ ਇਹ ਪਹੁੰਚ ਵਿਗਿਆਨ ਦੇ ਵਿਹਾਰਕ ਪ੍ਰਗਟਾਵੇ ਦੀ ਕੋਸ਼ਿਸ਼ ਕਰਦੀ ਹੈ।

ਇਸਦਾ ਮੁੱਖ ਉਦੇਸ਼ ਪਰਮੇਸ਼ਰ ਅਤੇ ਉਸਦੇ ਬਚਨਾਂ ਨਾਲ ਸੰਬੰਧ ਹੈ। ਇਹ ਵਿਹਾਰਕ ਹੈ ਕਿਉਂਕਿ ਇਹ ਪਾਦਰੀ ਦੇ ਕੰਮ ਨਾਲ ਸੰਬੰਧਿਤ ਹੈ। ਉਹ ਪਵਿੱਤਰ ਵਿਗਿਆਨ ਦੀਆਂ ਸਿੱਖਿਆਵਾਂ ਨੂੰ ਲਾਗੂ ਕਰਦਿਆਂ ਮਨੁੱਖ ਨੂੰ ਪ੍ਰਭਾਵਿਤ ਕਰਨ ਲਈ ਨਿਯੁਕਤ ਕੀਤਾ ਗਿਆ। ਨਵੇਂ ਨੇਮ ਦੇ ਕਈ ਹਵਾਲੇ ਪਾਦਰੀ, ਬਿਸ਼ਪ ਅਤੇ ਨਿਗਾਹਬਾਨ ਦੀ ਭੂਮਿਕਾ ਨੂੰ ਸੰਬੋਧਤ ਕਰਦੇ ਹਨ। ਉਨ੍ਹਾਂ ਹਵਾਲਿਆਂ ਦੇ ਅਧਿਐਨ, ਪ੍ਰਸੰਗ

ਅਤੇ ਇਹ ਚਰਚ ਤੇ ਕਿਸ ਤਰ੍ਹਾਂ ਲਾਗੂ ਹੁੰਦੇ ਹਨ, ਨੂੰ ਪੈਸਟੋਰਲ ਜਾਂ ਪਾਦਰੀ ਵਿਗਿਆਨ ਕਿਹਾ ਜਾਂਦਾ ਹੈ ਹੈ।

## 3.13 **ਸਾਰ**

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਧਰਮ ਵਿਗਿਆਨ ਦੀਆਂ ਅਨੇਕਾਂ ਹੀ ਕਿਸਮਾਂ ਹਨ। ਇਸ ਦਾ ਅਸਲ ਅਰਥ 'ਰੱਬ ਬਾਰੇ ਸੋਚਣਾ ਹੈ' ਅਮਲੀ ਰੂਪ ਵਿਚ ਇਸਦਾ ਅਰਥ ਈਸਾਈ ਵਿਸ਼ਵਾਸ਼ ਦੇ ਸਰੋਤਾਂ ਦੀ ਪੜਚੋਲ ਕਰਨਾ ਹੈ। ਜਿਹੜੇ ਕਿ ਇਨ੍ਹਾਂ ਵੱਖ ਵੱਖ ਢੰਗਾਂ ਰਾਹੀਂ ਸਾਡੇ ਸਾਹਮਣੇ ਉਜਾਗਰ ਹੁੰਦੇ ਹਨ।

## 3.14 **ਪੜ੍ਹਣਯੋਗ ਪੁਸਤਕਾਂ**


10. ਡਾ. ਗੁਰਸ਼ਰਨਜੀਤ ਸਿੰਘ, ਧਰਮ ਦਾ ਵਿਗਿਆਨ, ਪੋਥੀ ਪ੍ਰਕਾਸ਼ਨ ਕਾਦੀਆਂ, ਗੁਰਦਾਸਪੁਰ
11. ਡਾ. ਗੁਰਮੀਤ ਸਿੰਘ ਸਿੱਧੂ, ਧਰਮ ਆਧੁਨਿਕ ਅਤੇ ਉਤਰ ਆਧੁਨਿਕ ਸਿਧਾਂਤ, ਗੁਰ ਗਿਆਨ ਬੁਕਸ, ਪਟਿਆਲਾ
12. ਡਾ. ਬੇਅੰਤ ਕੌਰ, ਸਿੱਖ ਧਰਮ-ਸ਼ਾਸਤਰ ਦਾ ਤੱਤ ਸਾਰ (ਉੱਤਰ-ਆਧੁਨਿਕ ਪਰਿਪੇਖ), ਚੇਤਨਾ ਪ੍ਰਕਾਸ਼ਨ, ਲੁਧਿਆਣਾ
13. ਡਾ. ਦਰਸ਼ਨ ਸਿੰਘ, ਧਰਮ ਅਧਿਐਨ ਅਤੇ ਸਿੱਖ ਅਧਿਐਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ
14. ਪ੍ਰੋ. ਹਰੀ ਸਿੰਘ (ਅਨੁਵਾਦਕ), ਫਿਲਾਸਫ਼ੀ ਦੀ ਕਹਾਣੀ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ
15. James .M. Hamilton, What is Biblical Theology A Guide to the Bible's Story, Symbolism, and Patterns.
16. Robert B. Strimple, The Pattern of Sound Doctrine


## 3.15 **ਅਭਿਆਸ ਲਈ ਪ੍ਰਸ਼ਨ**

### ਛੋਟੇ ਪ੍ਰਸ਼ਨ

1. ਧਰਮ ਵਿਗਿਆਨ ਤੋਂ ਤੁਸੀਂ ਕੀ ਸਮਝਦੇ ਹੋ?
2. ਵਿਆਖਿਆ ਵਿਗਿਆਨ ਬਾਰੇ ਆਪਣੇ ਸ਼ਬਦਾਂ ਵਿਚ ਲਿਖੋ।
3. ਨੈਤਿਕ ਧਰਮ ਵਿਗਿਆਨ ਬਾਰੇ ਤੁਹਾਡਾ ਕੀ ਭਾਵ ਹੈ?

4. ਬਾਈਬਲ ਵਿਗਿਆਨ ਬਾਰੇ ਲਿਖੋ।

## ਵੱਡੇ ਪ੍ਰਸ਼ਨ

1. ਧਰਮ ਵਿਗਿਆਨ ਦੀਆਂ ਮੁੱਖ ਕਿਸਮਾਂ ਬਾਰੇ ਵਰਣਨ ਕਰੋ।
2. ਕੁਦਰਤੀ ਧਰਮ ਵਿਗਿਆਨ ਬਾਰੇ ਵਿਸਥਾਰ ਸਹਿਤ ਵਰਣਨ ਕਰੋ।
3. ਯੋਜਨਾਬੱਧ/ਵਿਵਸਥਿਤ ਧਰਮ ਵਿਗਿਆਨ ਬਾਰੇ ਚਾਣਨਾ ਪਾਉ।
4. ਧਰਮ ਵਿਗਿਆਨ ਦੇ ਢੰਗ ਤੋਂ ਕੀ ਭਾਵ ਹੈ ਅਤੇ ਇਹ ਕਿੰਨੇ ਪ੍ਰਕਾਰ ਦੀ ਹੁੰਦੀ ਹੈ? ਵਿਆਖਿਆ ਸਹਿਤ ਵਰਣਨ ਕਰੋ।
5. ਰਹੱਸਵਾਦੀ ਧਰਮ ਵਿਗਿਆਨ ਬਾਰੇ ਚਰਚਾ ਕਰੋ।

# ONE YEAR DIPLOMA IN SIKH THEOLOGY

**SEMESTER I**

**COURSE: THEOLOGY AND SIKH THEOLOGY; NATURE AND SCOPE**

**UNIT 4 : SIKH THEOLOGY**

**STRUCTURE**

4.0 ਉਦੇਸ਼

1.1 ਜਾਣ-ਪਛਾਣ

1.2 ਪਰਿਭਾਸ਼ਾ, ਖੇਤਰ ਅਤੇ ਉਦੇਸ਼

1.3 ਧਰਮ ਵਿਗਿਆਨ ਪ੍ਰੀਭਾਸ਼ਾ ਤੇ ਸਰੂਪ

1.4 ਵੱਖ-ਵੱਖ ਧਰਮਾਂ ਵਿਚ ਧਰਮ-ਵਿਗਿਆਨ ਦਾ ਸੰਕਲਪ

1.4.1 ਈਸਾਈ ਧਰਮ ਵਿਗਿਆਨ

1.4.2 ਇਸਲਾਮ ਧਰਮ ਵਿਗਿਆਨ

1.4.3 ਹਿੰਦੂ ਧਰਮ ਵਿਗਿਆਨ

1.4.4 ਜੈਨ ਧਰਮ ਵਿਗਿਆਨ

1.4.5 ਬੁੱਧ ਧਰਮ ਵਿਗਿਆਨ

1.4.6 ਸਿੱਖ ਧਰਮ-ਵਿਗਿਆਨ

1.5 ਸਿੱਖ ਧਰਮ ਵਿਗਿਆਨ ਦੇ ਮੁੱਖ ਸੰਕਲਪ

1.5.1 ਪਰਮ ਸੱਤਾ

1.5.2 ਸ੍ਰਿਸ਼ਟੀ

1.5.3 ਗੁਰੂ

1.5.4 ਨਾਮ

1.5.5 ਹੁਕਮ

1.6 ਸਾਰ

1.7 ਪੜ੍ਹਣਯੋਗ ਪੁਸਤਕਾਂ

1.8 ਅਭਿਆਸ ਲਈ ਪ੍ਰਸ਼ਨ

**4.0 ਉਦੇਸ਼** ਇਸ ਪੇਪਰ ਦਾ ਵਿਸ਼ਾ ਸਿੱਖ ਧਰਮ ਵਿਗਿਆਨ ਨਾਲ ਸੰਬੰਧਿਤ ਹੈ। ਜਿਸ ਦਾ ਉਦੇਸ਼ ਵਿਦਿਆਰਥੀਆਂ ਨੂੰ ਸਿੱਖ ਧਰਮ ਵਿਗਿਆਨ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਹੈ।

**4.1 ਜਾਣ ਪਛਾਣ**

ਹਰ ਧਰਮ ਆਪਣੇ ਪੈਰੋਕਾਰਾਂ ਨੂੰ ਪਰਮਾਤਮਾ ਨਾਲ ਇਕਸੁਰ ਹੋਣ ਅਤੇ ਨੈਤਿਕ ਵਿਵਹਾਰ ਲਈ ਪਵਿੱਤਰ ਸਿਧਾਂਤ ਪ੍ਰਦਾਨ ਕਰਦਾ ਹੈ। ਇਨ੍ਹਾਂ ਪਵਿੱਤਰ ਸਿਧਾਂਤਾਂ ਦਾ ਪ੍ਰਗਟਾ ਉਸ ਧਰਮ ਦੇ ਬਾਨੀ ਦੇ

ਮਾਧਿਅਮ ਰਾਹੀਂ ਹੁੰਦਾ ਹੈ। ਇਨ੍ਹਾਂ ਸਿਧਾਂਤਾ ਨੂੰ ਵਿਧੀਵਤ ਢੰਗ ਨਾਲ ਸਮਝਣ ਅਤੇ ਸਮਝਾਉਣ ਲਈ ਧਰਮ-ਵਿਗਿਆਨ ਮੁੱਖ ਭੂਮਿਕਾ ਨਿਭਾਉਂਦਾ ਹੈ। ਇਹ ਵਿਚਾਰ ਬਹੁਤ ਸਾਰੇ ਪੱਛਮੀ ਧਰਮ-ਵਿਗਿਆਨੀਆਂ ਨੇ ਡੂੰਘੇ ਅਧਿਐਨ ਰਾਹੀਂ ਸਾਹਮਣੇ ਲਿਆਉਣ ਦੇ ਯਤਨ ਕੀਤੇ ਹਨ ਕਿ ਧਰਮ-ਵਿਗਿਆਨ ਦੀ ਸੁਤੰਤਰ ਸਥਾਪਨਾ ਵਾਸਤੇ ਸੁਤੰਤਰ ਧਰਮ ਗ੍ਰੰਥ ਅਤੇ ਉਸ ਧਰਮ ਗ੍ਰੰਥ ਦੇ ਸਿਧਾਂਤਾਂ ਉਤੇ ਉਸਰੀ ਕੌਮੀਅਤ ਦੇ ਪ੍ਰਕਾਸ਼ਨ ਨੂੰ ਮੂਲ ਸਰੋਕਾਰ ਵਜੋਂ ਪ੍ਰਵਾਨ ਕੀਤਾ ਜਾ ਸਕਦਾ ਹੈ। ਸਿੱਖ ਧਰਮ ਚਿੰਤਨ ਕੋਲ ਇਹ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਇਤਿਹਾਸ ਦੇ ਰੂਪ ਵਿਚ ਕਾਇਮ ਹੈ ਅਤੇ ਇਸ ਦੇ ਆਧਾਰ ਉਤੇ ਸਿੱਖ ਕੌਮੀਅਤ ਵੀ ਸਥਾਪਤ ਹੈ। ਸਿੱਖ ਕੌਮੀਅਤ ਦਾ ਮੂਲ ਸਰੋਕਾਰ ਉਹ ਸਰਬ-ਸੰਪੰਨ ਸਖਸ਼ੀਅਤ ਹੈ ਜਿਸ ਨੂੰ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਸੰਗਿਆ ਦਿੱਤੀ ਸੀ। ਸੋ ਸਿੱਖ ਧਰਮ ਵਿਚ ਉਹ ਸਾਰੇ ਆਧਾਰ ਪ੍ਰਾਪਤ ਹਨ ਜੋ ਕਿਸੇ ਵੀ ਸੁਤੰਤਰ ਧਰਮ- ਵਿਗਿਆਨ ਦੀ ਸਥਾਪਨਾ ਲਈ ਲੋੜੀਂਦੇ ਹਨ। ਸੁਤੰਤਰ ਸਿੱਖ ਧਰਮ ਵਿਗਿਆਨ ਦੀ ਸਥਾਪਤੀ ਨੂੰ ਸਾਹਮਣੇ ਰੱਖਦਿਆਂ ਇਸ ਪੇਪਰ ਵਿਚ ਸਿੱਖ ਥਿਓਲੋਜੀ ਦੇ ਆਰੰਭ, ਵਿਕਾਸ ਅਤੇ ਵਰਤਮਾਨ ਸਥਿੱਤੀ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ ਜਾਵੇਗੀ।

**4.2 ਪਰਿਭਾਸ਼ਾ, ਖੇਤਰ ਅਤੇ ਉਦੇਸ਼**

ਵਰਤਮਾਨ ਸੰਸਾਰ ਦੀ ਪਹੁੰਚ ਇਕ ਗਲੋਬਲ ਪਿੰਡ ਦੇ ਤੌਰ ’ਤੇ ਹੋ ਚੁੱਕੀ ਹੈ। ਹਰ ਧਰਮ, ਸਭਿਆਚਾਰ ਅਤੇ ਸਮਾਜ ਇਕ ਦੂਜੇ ਦੇ ਬਹੁਤ ਨੇੜੇ ਆ ਚੁੱਕਾ ਹੈ। ਇਕ ਧਰਮ ਦੇ ਲੋਕਾਂ ਦੀ ਦੂਸਰੇ ਧਰਮ ਅਤੇ ਸਭਿਆਚਾਰ ਬਾਰੇ ਜਾਨਣ ਦੀ ਜਗਿਆਸਾ ਪ੍ਰਬਲ ਹੋ ਚੁੱਕੀ ਹੈ। ਵਿਗਿਆਨ ਅਤੇ ਤਕਨੀਕ ਦੀ ਤਰੱਕੀ ਕਾਰਨ ਇਕ ਸਮਾਜ ਦੂਜੇ ਸਮਾਜ ਤੇ ਨਿਰਭਰ ਹੋਣ ਲੱਗਾ ਹੈ। ਦੂਸਰਾ ਉਤਰ-ਆਧੁਨਿਕਤਾ ਦੇ ਇਸ ਦੌਰ ਵਿਚ ਧਰਮ-ਵਿਗਿਆਨ ਦੇ ਅਧਿਐਨ ਵਿਚ ਵੀ ਨਵੀਆਂ ਅੰਤਰ-ਦ੍ਰਿਸ਼ਟੀਆਂ ਸਾਹਮਣੇ ਆ ਰਹੀਆਂ ਹਨ। ਕਿਸੇ ਵੀ ਸਮਾਜ ਦੇ ਸਭਿਆਚਾਰ ਨੂੰ ਜਾਨਣ ਲਈ ਉਸ ਦੇ ਧਾਰਮਿਕ ਅਕੀਦਿਆਂ ਦੀ ਸਮਝ ਲਾਜ਼ਮੀ ਹੈ। ਇਨ੍ਹਾਂ ਧਾਰਮਿਕ ਅਕੀਦਿਆਂ ਦੀ ਸਮਝ ਸੁਖੈਨ ਰੂਪ ਵਿਚ ਕਰਨ ਲਈ ਧਰਮ-ਵਿਗਿਆਨ ਮਹੱਤਵਪੂਰਨ ਰੋਲ ਅਦਾ ਕਰਦਾ ਹੈ। ਵੱਖ ਵੱਖ ਧਰਮ ਚਿੰਤਨਾਂ ਤੇ ਧਰਮ-ਵਿਗਿਆਨੀਆਂ ਵਲੋਂ ਅਧਿਆਤਮਕਤਾ ਅਤੇ ਸਮਾਜਿਕਤਾ ਦੀ ਸਮਰੂਪਤਾ ਸਥਾਪਤ ਕਰਨ ਲਈ ਬੜੀਆਂ ਸੂਖਮ ਪਰਤਾਂ ਸਾਹਮਣੇ ਲਿਆਉਣ ਦੇ ਯਤਨ ਕੀਤੇ ਜਾ ਰਹੇ ਹਨ। ਇਸੇ ਪ੍ਰਸੰਗ ਵਿੱਚ ਡਾ. ਵਜ਼ੀਰ ਸਿੰਘ ਨੇ ਧਰਮ ਸ਼ਾਸਤਰ ਨੂੰ ਅਜਿਹੀ ਵਿਧੀ ਦੱਸਿਆ ਹੈ ਜਿਸ ਵਿੱਚ ਬਿਬੇਕ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਬਿਬੇਕ ਦਾ ਸੰਬੰਧ ਬੁਨਿਆਦੀ ਵਿਸ਼ਵਾਸ ਅਤੇ ਸ਼ਰਧਾ ਉਤੇ ਆਧਾਰਿਤ ਪ੍ਰਬੰਧ ਨਾਲ ਹੈ। ਬੇਸ਼ੱਕ ਧਰਮ ਸ਼ਾਸਤਰ ਵਿੱਚ ਧਰਮ ਦੀਆਂ ਬੁਨਿਆਦੀ ਮਨੌਤਾਂ ਨੂੰ ਧਿਆਨ ਵਿੱਚ ਰੱਖੇ ਬਿਨਾਂ ਮਨੁੱਖੀ ਜੀਵਨ ਦਾ ਕੋਈ ਸਿਧਾਂਤ ਜੋ ਆਪਣੇ ਆਪ ਵਿੱਚ ਤਾਰਕਿਕ ਵੀ ਹੋਵੇ ਅਤੇ ਪਰਵਾਨਿਤ ਮਨੌਤ ਦਾ ਅਨੁਸਾਰੀ ਵੀ ਹੋਵੇ, ਧਰਮ ਸ਼ਾਸਤਰ ਦੇ ਘੇਰੇ ਵਿੱਚ ਆਉਂਦਾ ਹੈ। ਇਸ ਤਰ੍ਹਾਂ ਧਰਮ ਸ਼ਾਸਤਰ ਧਰਮ ਦੇ ਅਕੀਦੇ ਅਤੇ ਸ਼ਰਧਾ ਉਤੇ ਆਧਾਰਿਤ ਸਿਧਾਂਤਾਂ ਨੂੰ ਵੀ ਪੇਸ਼ ਕਰਦਾ ਹੈ ਅਤੇ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿੱਚ ਧਰਮ ਦੀ ਵਕਾਲਤ ਵੀ ਕਰਦਾ ਹੈ। ਇਸੇ ਪ੍ਰਸੰਗ ਵਿੱਚ ਇੱਕ ਹੋਰ ਵਿਦਵਾਨ ਡਾ.

ਬਲਕਾਰ ਸਿੰਘ ਅਨੁਸਾਰ ਧਰਮ ਸ਼ਾਸਤਰ ਵਿੱਚ ਪਰਮਾਤਮਾ ਦੇ ਸੰਕਲਪ ਨੂੰ ਕੇਂਦਰੀ ਸਥਾਨ ਹਾਸਲ ਹੈ। ਇਸ ਤਰ੍ਹਾਂ ਇਹ ਉਹ ਵਿਗਿਆਨ ਹੈ ਜਿਸ ਰਾਹੀਂ ਪਰਮਾਤਮਾ ਦੇ ਸੁਭਾਅ ਤੇ ਗੁਣਾਂ ਨੂੰ ਮਨੁੱਖ ਅਤੇ ਵਿਸ਼ਵ ਵਾਸਤੇ ਪ੍ਰਸਤੁਤ ਕੀਤਾ ਜਾ ਸਕਦਾ ਹੈ। ਚੇਤਨਾ ਅਤੇ ਅਮਲ ਧਰਮ ਵਿਗਿਆਨ ਦੇ ਦੋ ਮੁੱਖ ਤੱਤ ਹਨ, ਇਸ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਅਮਲ ਤੋਂ ਬਿਨਾਂ ਧਰਮ ਸ਼ਾਸਤਰ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਅਮਲ ਦੀ ਪਰਕਿਰਿਆ ਅਤੇ ਉਦੇਸ਼ ਦੀ ਚੋਣ ਨਾਲ ਜੁੜੇ ਹੋਏ ਸਵਾਲਾਂ ਨੂੰ ਧਰਮ ਸ਼ਾਸਤਰ ਦੇ ਸੰਦਰਭ ਵਿੱਚ ਦੇਖਣ ਦੀ ਜ਼ਰੂਰਤ ਧਰਮ ਅਧਿਐਨ ਦਾ ਹਿੱਸਾ ਹੈ। ਧਰਮ ਸ਼ਾਸਤਰ ਧਰਮ ਨਾਲ ਸੰਬੰਧਿਤ ਅਮਲੀ ਤੱਥਾਂ ਅਤੇ ਆਮ ਮਨੁੱਖ ਦੀ ਪਹੁੰਚ ਵਿੱਚ ਆ ਸਕਣ ਵਾਲੇ ਢੰਗਾਂ ਦੀ ਵਿਆਖਿਆ ਕਰਦਾ ਹੈ। ਧਰਮ ਵਿਗਿਆਨ ਦਾ ਬਾਕੀ ਵਿਗਿਆਨ ਪਹੁੰਚ ਵਿਧੀਆਂ ਨਾਲੋਂ ਸ੍ਰੋਤ ਅਤੇ ਸਾਧਨ ਜਿਨ੍ਹਾਂ ਫ਼ਰਕ ਹੈ। ਸੰਖੇਪ ਵਿੱਚ ਜੇ ਧਰਮ ਕਲਾ ਹੈ ਤਾਂ ਧਰਮ ਸ਼ਾਸਤਰ ਸਾਇੰਸ ਵਰਗਾ ਪ੍ਰਗਟਾਵਾ ਹੈ, ਜੇ ਧਰਮ ਵਿਸ਼ਾ ਹੈ ਤਾਂ ਧਰਮ ਸ਼ਾਸਤਰ ਇਸਦਾ ਵਿਗਿਆਨ ਹੈ।

### 4.3 ਧਰਮ-ਵਿਗਿਆਨ (Theology) : ਪ੍ਰੀਭਾਸ਼ਾ ਤੇ ਸਰੂਪ

ਧਰਮ-ਵਿਗਿਆਨ ਅੰਗਰੇਜ਼ੀ ਦੇ ਸ਼ਬਦ Theology ਦਾ ਅਨੁਵਾਦ ਹੈ। ਅੰਗਰੇਜ਼ੀ ਦਾ ਇਹ ਸ਼ਬਦ theology ਦੋ ਯੂਨਾਨੀ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ। ਦੋ ਯੂਨਾਨੀ ਸ਼ਬਦ ਹਨ theos ਅਤੇ logos. Theos ਦਾ ਅਰਥ ਹੈ 'ਦੇਵਤਾ' (God) ਅਤੇ logos ਦਾ ਅਰਥ ਹੈ ਸ਼ਬਦ ਜਾਂ ਬਾਣੀ (word or utterance). ਪ੍ਰਸਿੱਧ ਈਸਾਈ ਥਿਆਲੋਜੀਅਨ Paul tillich ਅਨੁਸਾਰ Theology ਸ਼ਬਦ ਆਪਣੇ ਵਿਆਪਕ ਅਰਥਾਂ ਅਨੁਸਾਰ logos or reasoning about theos (God & divine things) (ਅਰਥਾਤ ਰੱਬ ਸੰਬੰਧੀ ਵਿਚਾਰ) ਹੈ ਜੋ ਧਰਮ ਜਿਤਨਾ ਹੀ ਪੁਰਾਣਾ ਹੈ। ਪਿੱਛੋਂ ਇਹ ਅਧਿਐਨ ਕੇਵਲ ਰੱਬ ਦਾ ਅਧਿਐਨ ਨਾ ਰਹਿ ਕੇ ਰੱਬ ਦਾ ਆਪਣੀ ਦੁਨੀਆ ਅਤੇ ਮਨੁੱਖ ਨਾਲ ਸਬੰਧਾਂ ਦਾ ਵਿਆਪਕ ਅਧਿਐਨ ਵੀ ਹੋ ਨਿਬੜਿਆ। ਇਸ ਤਰ੍ਹਾਂ ਇਹ ਸਮੁੱਚੇ ਧਾਰਮਿਕ ਵਿਸ਼ਿਆਂ ਦਾ ਅਧਿਐਨ ਵੀ ਬਣ ਗਿਆ। ਥਿਆਲੋਜੀ (theology) ਸ਼ਬਦ ਪਲੈਟੋ ਦੀ ਲਿਖਤ "Republic" ਵਿਚ ਵੀ ਮਿਲਦਾ ਹੈ। ਪਲੈਟੋ ਨੇ ਤਾਂ ਇਸ ਨੂੰ ਕਵਿਤਾ ਦੇ ਸੰਬੰਧ ਵਿਚ ਵੀ ਵਰਤਿਆ ਸੀ ਅਤੇ ਨਾਲ ਹੀ ਇਹ ਵੀ ਪ੍ਰਵਾਨ ਕਰ ਲਿਆ ਸੀ ਕਿ ਥਿਆਲੋਜੀ ਸ਼ਬਦ ਦਾ ਅਰਥ ਦੇਵਤਿਆਂ ਬਾਰੇ ਕਹਾਣੀਆਂ ਸੁਣਾਉਣਾ ਵੀ ਹੈ। ਪੀਰਾਂ ਪੈਗੰਬਰਾਂ ਨਾਲ ਜੁੜੀਆਂ ਹੋਈਆਂ ਸਾਖੀਆਂ ਅਤੇ ਸਾਖੀਆਂ ਰਾਹੀਂ ਗੁਹਜ਼ ਅਰਥਾਂ ਦਾ ਪ੍ਰਗਟਾਵਾ, ਇਕ ਤਰ੍ਹਾਂ ਧਰਮ-ਵਿਗਿਆਨ ਦਾ ਆਧਾਰ ਹੀ ਪਰਵਾਨ ਕੀਤਾ ਜਾਂਦਾ ਹੈ। Oxford Dictionary ਅਨੁਸਾਰ ਧਰਮ-ਵਿਗਿਆਨ ਉਹ ਵਿਗਿਆਨ ਹੈ ਜਿਸ ਵਿਚ ਪਰਮਾਤਮਾ, ਉਸ ਦੀ ਪ੍ਰਕ੍ਰਿਤੀ ਤੇ ਉਸ ਦੇ ਗੁਣਾ ਦੀ ਗੱਲ ਕੀਤੀ ਜਾਂਦੀ ਹੈ ਅਤੇ ਅਜਿਹਾ ਕਰਦੇ ਸਮੇਂ ਮਾਨਵ ਅਤੇ ਕਾਇਨਾਤ ਨੂੰ ਧਿਆਨ ਵਿਚ ਰੱਖਿਆ ਜਾਂਦਾ ਹੈ (Oxford English Dictionary defines theology as "the study or science which treats of God, His nature & attributes and His Relation with man & the Universe").

ਇਸ ਵਿਚ ਕੋਈ ਸ਼ੱਕ ਨਹੀਂ ਕਿ ਮਨੁੱਖ ਦਾ ਪਰਮਾਤਮਾ ਬਾਰੇ ਗਿਆਨ ਮਨੁੱਖਤਾ ਦੇ ਅਨੁਭਵ ਦਾ ਇਕ ਹਿੱਸਾ ਹੀ ਹੈ ਜਿਸ ਨੂੰ ਅਸੀਂ ਧਰਮ ਕਹਿੰਦੇ ਹਾਂ ਅਤੇ ਇਸ ਤਰ੍ਹਾਂ ਸ੍ਰਿਸ਼ਟੀ ਦੀ ਪ੍ਰਕ੍ਰਿਤੀ, ਆਦਮੀ ਦੀ ਪ੍ਰਕ੍ਰਿਤੀ, ਪਾਪ ਅਤੇ ਮੌਤ, ਮੁਕਤੀ ਅਤੇ ਨਾਸ਼ਮਾਨ ਜ਼ਿੰਦਗੀ ਆਦਿ ਹੋਰ ਗੱਲਾਂ ਵੀ ਧਰਮ ਵਿਚ ਸ਼ਾਮਲ ਮੰਨੀਆਂ ਗਈਆਂ ਹਨ। ਧਰਮ-ਵਿਗਿਆਨ ਆਮ ਤੌਰ ਤੇ ਮਨੁੱਖਤਾ ਦੇ ਤਜ਼ਰਬੇ ਦੇ ਕੁਝ ਪ੍ਰਮੁੱਖ ਰਿਸ਼ਤਿਆਂ ਦਾ ਵਿਸ਼ਲੇਸ਼ਣ ਕਰਦਾ ਹੈ। ਇਸੇ ਲਈ ਧਰਮ-ਵਿਗਿਆਨ ਨੂੰ ਅਸੀਂ ਵਿਗਿਆਨਕ ਮੰਨਦੇ ਹਾਂ ਕਿਉਂਕਿ ਮਨੁੱਖਤਾ ਦੇ ਧਰਮ ਨਾਲ ਸੰਬੰਧਿਤ ਤਜ਼ਰਬਿਆਂ ਨੂੰ ਇਸ ਵਿਚ ਸ਼ਾਮਲ ਕੀਤਾ ਹੋਇਆ ਹੈ। ਧਰਮ-ਵਿਗਿਆਨ ਇਸ ਤਰ੍ਹਾਂ ਉਹ ਵਿਗਿਆਨ ਆਖਿਆ ਜਾ ਸਕਦਾ ਹੈ, ਜਿਸ ਨੇ ਤਰਕ ਦਾ ਇਸਤੇਮਾਲ ਕਰਕੇ, ਮਾਨਵ ਦੇ ਧਾਰਮਿਕ ਅਨੁਭਵਾਂ ਨੂੰ ਸਿਧਾਂਤ ਵਿਚ ਤਬਦੀਲ ਕਰਨ ਲਈ ਹਿੱਸਾ ਪਾਉਣਾ ਹੈ। ਇਸ ਲਈ ਹੋਰਨਾਂ ਵਿਗਿਆਨਾਂ ਦੀ ਤਰ੍ਹਾਂ ਧਰਮ-ਵਿਗਿਆਨ ਵੀ ਧਾਰਮਿਕ ਚੇਤੰਨਤਾ ਦੀਆਂ ਅੰਤਰਮੁਖੀ ਅਤੇ ਬਾਹਰਮੁਖੀ ਦੋਹਾਂ ਹਾਲਤਾਂ ਦਾ ਅਧਿਐਨ ਕਰਦਾ ਹੈ।

### 4.4 **ਵੱਖ-ਵੱਖ ਧਰਮਾਂ ਵਿਚ ਧਰਮ-ਵਿਗਿਆਨ ਦਾ ਸੰਕਲਪ**

#### 4.4.1 **ਈਸਾਈ ਧਰਮ ਵਿਗਿਆਨ**

ਸੰਸਾਰ ਦੇ ਪ੍ਰਮੁੱਖ ਤੇ ਪ੍ਰਾਚੀਨ ਧਰਮਾਂ ਵਿਚ ਈਸਾਈ ਧਰਮ ਇਕ ਵਿਸ਼ੇਸ਼ ਮਹੱਤਤਾ ਵਾਲਾ ਧਰਮ ਹੈ। ਈਸਾਈ ਧਰਮ-ਵਿਗਿਆਨ ਅਨੁਸਾਰ ਪ੍ਰਮੇਸ਼ਰ ਨੇ ਪਹਿਲਾ ਅਹਿਦ (ਸਮਝੌਤਾ) ਯਹੂਦੀ ਕੌਮ ਨਾਲ ਕੀਤਾ ਜੋ ਸਫਲ ਨਾ ਹੋ ਸਕਿਆ ਤਾਂ ਫਿਰ ਪ੍ਰਮੇਸ਼ਰ ਨੇ ਦੂਜਾ ਅਹਿਦ ਯਿਸੂ ਮਸੀਹ ਦੇ ਰਾਂਹੀ ਕੀਤਾ, ਜਿਸਦੀ ਜਾਣਕਾਰੀ ਨਵੇਂ ਅਹਿਦਨਾਮੇ ਤੋਂ ਮਿਲਦੀ ਹੈ। ਬਾਈਬਲ ਵਿਚਲਾ ਨਵਾਂ ਅਹਿਦਨਾਮਾਂ ਹੀ ਈਸਾਈ ਧਰਮ-ਵਿਗਿਆਨ ਦਾ ਮੂਲ ਆਧਾਰ ਤਸੱਵਰ ਕੀਤਾ ਗਿਆ। ਪਿਛੋਂ ਈਸਾਈ ਧਰਮ ਦੇ ਵਿਦਵਾਨਾਂ ਨੇ ਈਸਾਈ ਧਰਮ ਸ਼ਾਸਤਰ ਦਾ ਮੁੱਖ ਆਧਾਰ ਵਿਸ਼ਵਾਸ਼ (Faith) ਨੂੰ ਪ੍ਰਵਾਨ ਕਰ ਲਿਆ। ਪਹਿਲੀ ਵੈਟੀਕਲ ਕੌਂਸਲ (1870 ਈ.) ਦੇ ਫੈਸਲੇ ਅਨੁਸਾਰ ਵਿਸ਼ਵਾਸ ਤੋਂ ਭਾਵ ਹੈ ਪ੍ਰਭੂ ਈਸਾ ਰਾਂਹੀ ਸਾਡੇ ਤੱਕ ਭੇਜਿਆ ਹੋਇਆ ਸਤਿ। ਇਸ ਨੂੰ ਲਾਗੂ ਕਰਨ ਦੇ ਨਾਲ ਇਹ ਤੱਥ ਸਾਹਮਣੇ ਆਇਆ ਕਿ ਮਨੁੱਖ ਦਲੀਲ ਦੇ ਆਸਰੇ ਨਾਲ ਉਨ੍ਹਾਂ ਬੁਲੰਦੀਆਂ ਨੂੰ ਨਹੀਂ ਪ੍ਰਾਪਤ ਕਰ ਸਕਦਾ ਜਿਹੜੀਆਂ ਬੁਲੰਦੀਆਂ ਤਕ ਵਿਸ਼ਵਾਸ ਲੈ ਕੇ ਜਾ ਸਕਦਾ ਹੈ। ਧਰਮ ਅਧਿਐਨ ਦਾ ਜਨਮਦਾਤਾ ਮੈਕਸਮੂਲਰ ਜਿਸਨੇ ਪੂਰਬੀ ਧਰਮਾਂ ਦਾ ਡੂੰਘਾ ਅਧਿਐਨ ਕੀਤਾ। ਉਹ ਵੀ ਇਸ ਗੱਲ ਨੂੰ ਮੰਨਦਾ ਹੈ ਕਿ ਵਿਸ਼ਵਾਸ ਹੀ ਧਾਰਮਿਕ ਚੇਤਨਾ ਦਾ ਆਧਾਰ ਰਿਹਾ ਹੈ। ਇਸੇ ਕਾਰਾਨ ਈਸਾਈਅਤ ਧਰਮ-ਵਿਗਿਆਨ ਦਾ ਆਰੰਭ ਵਿਸ਼ਵਾਸ ਤੋਂ ਹੁੰਦਾ ਹੈ ਜਿਸ ਦੇ ਵੱਖੋ-ਵੱਖਰੇ ਰੂਪ ਇਸ ਪ੍ਰਕਾਰ ਹਨ-

1. ਰੱਬ ਇਕ ਹੈ ਉਹ ਸਾਡਾ ਸਭ ਦਾ ਪਿਤਾ ਹੈ ਜੋ ਅਪਹੁੰਚ ਰੌਸ਼ਨੀ ਵਿਚ ਵਸਦਾ ਹੈ।
2. ਰੱਬ ਦਾ ਪੁੱਤਰ ਯਿਸੂ ਮਸੀਹ ਹੈ।
3. ਯਿਸੂ ਮਸੀਹ ਇਲਹਮੀ ਹੁਕਮ ਅਨੁਸਾਰ ਕੁਆਰੀ ਮਰੀਅਮ ਦੀ ਕੁੱਖ ਵਿਚੋਂ ਪੈਦਾ ਹੋਇਆ।

4. ਮਨੁੱਖ ਭੁੱਲਣਹਾਰ ਹੈ ਅਤੇ ਮਸੀਹ ਬਖਸ਼ਣ ਵਾਲਾ ਹੈ।
5. ਸਭ ਤੋਂ ਵੱਡਾ ਭੇਦ ਹੈ ਕਿ ਜੀਸਸ ਮਰਨ ਤੋਂ ਬਾਅਦ ਹੈ ਕਿ ਮਨੁੱਖਤਾ ਵਿਚੋਂ ਪੈਗੰਬਰੀ, ਨੇਕੀ-ਰਹਿਮ ਅਤੇ ਸ਼ਾਂਤੀ ਨੂੰ ਮੁੜ ਸੁਰਜੀਤ ਕੀਤਾ ਜਾ ਸਕਦਾ ਹੈ।
6. ਤ੍ਰੀਏਕਤਾ (Trinity) ਦਾ ਸਿਧਾਂਤ ਜੋ ਕਿ ਪਿਤਾ-ਪੁੱਤਰ ਤੇ ਪਵਿੱਤਰ ਆਤਮਾ ਤੇ ਆਧਾਰਿਤ ਹੈ।

ਡਾ. ਅਨੰਦ ਸਪੈਂਸਰ ਨੇ ਤ੍ਰੀਏਕਤਾ ਨੂੰ ਇਸ ਤਰ੍ਹਾਂ ਪ੍ਰਭਾਸ਼ਿਤ ਕੀਤਾ ਹੈ।

1. ਪਰਮਾਤਾਮਾ ਖਾਲਿਕ (Creator) ਹੈ।
2. ਪਰਮਾਤਮਾ ਪੁੱਤਰ ਮੁਕਤੀ ਦਾਤਾ (Redeener)
3. ਪਰਮਾਤਮਾ ਸਰੂਪ ਪਵਿੱਤਰ ਆਤਮਾ ਕਾਰਜਕਾਰੀ (Applier)

ਇਸ ਤੋਂ ਇਲਾਵਾ ਈਸਾਈ ਧਰਮ ਸੰਸਕਾਰਾਂ ਨੂੰ ਵੀ ਧਰਮ-ਵਿਗਿਆਨ ਅਧੀਨ ਪ੍ਰਭਾਸ਼ਿਤ ਕੀਤਾ ਜਾਂਦਾ ਹੈ। ਤਿੰਨ ਮੁੱਖ ਸੰਸਕਾਰ ਹਨ-

1. ਬਪਤਿਸਮਾ
2. ਪ੍ਰਭੂ ਭੋਜ
3. ਸੰਗਤ ਦੇ ਬਾਕੀ ਦੇ ਮੈਂਬਰਾਂ ਨਾਲ ਮਿਲਕੇ ਅਰਾਧਨਾ ਕਰਨਾ।

### 4.4.2 ਇਸਲਾਮੀ ਧਰਮ ਵਿਗਿਆਨ

ਆਧੁਨਿਕ ਯੁੱਗ ਵਿਚ ਧਰਮ ਦੇ ਪੈਰੋਕਾਰਾਂ ਦੀ ਗਿਣਤੀ ਵਿਚ ਜਿੱਥੇ ਸਭ ਤੋਂ ਪਹਿਲਾ ਸਥਾਨ ਈਸਾਈ ਧਰਮ ਦਾ ਹੈ ਉੱਥੇ ਹੀ ਦੂਸਰੇ ਨੰਬਰ ਤੇ ਇਸਲਾਮ ਧਰਮ ਦਾ ਨਾਮ ਆਉਂਦਾ ਹੈ। ਇਸਲਾਮ ਧਰਮ ਦਾ ਆਗਮਨ ਹਜ਼ਰਤ ਮੁਹੰਮਦ ਸਾਹਿਬ ਤੋਂ ਹੋਇਆ ਜੋ ਕਿ 571 ਈ: ਵਿਚ ਮੱਕੇ ਵਿਖੇ ਪੈਦਾ ਹੋਏ ਪਰ ਪੈਗੰਬਰੀ ਅਜ਼ਮਤ ਦਾ ਪ੍ਰਗਟਾਅ 611 ਈ: ਵਿਚ ਪ੍ਰਗਟ ਹੋਇਆ। 611 ਈ: ਵਿਚ ਮੁਹੰਮਦ ਸਾਹਿਬ ਨੇ ਪੈਗੰਬਰੀ ਦਾ ਐਲਾਨ ਕੀਤਾ ਤੇ ਕਿਹਾ ਕਿ ਉਨ੍ਹਾਂ ਦੇ ਕੰਨਾਂ ਵਿਚ ਆਵਾਜ਼ਾਂ ਪੈ ਰਹੀਆਂ ਹਨ ਕਿ 'ਉਠੋ ਤੇ ਲੋਕਾਂ ਨੂੰ ਚੇਤੰਨ ਕਰੋ।' ਭਗਤ ਸਿੰਘ ਹੀਰਾ ਅਨੁਸਾਰ ਧਰਮ-ਵਿਗਿਆਨਕ ਦ੍ਰਿਸ਼ਟੀ ਤੋਂ ਇਸਲਾਮ ਦਾ ਯੋਗਦਾਨ ਇਹ ਹੈ ਕਿ ਅਰਬ ਦੀ ਉਸ ਧਰਤੀ ਤੇ ਜਿੱਥੇ ਇਨਸਾਨ ਦੀ ਕੋਈ ਕੀਮਤ ਹੀ ਨਹੀਂ ਸੀ ਅਤੇ ਧਰਮ ਨਾਮ ਦੀ ਕੋਈ ਚੀਜ਼ ਹੀ ਨਹੀਂ ਸੀ ਉਥੇ ਨਾ ਕੇਵਲ ਆਮ ਲੋਕਾਂ ਨੂੰ ਧਰਮ ਦੇ ਲੜ੍ਹ ਲਾਇਆ ਸਗੋਂ ਇਕ ਧਰਮ ਵਿਚ ਪਰਵਿਰਤ ਕਰ ਦਿੱਤਾ।

ਡਿਕਸ਼ਨਰੀ ਆਫ ਇਸਲਾਮ ਅਨੁਸਾਰ ਇਸਲਾਮ ਦੇ ਅਰਥ ਪਰਮਾਤਮਾ ਦੀ ਰਜ਼ਾ ਵਿਚ ਆਪਣੇ ਆਪ ਨੂੰ ਪੂਰਨ ਤੌਰ 'ਤੇ ਸਮਰਪਿਤ ਕਰ ਦੇਣਾ ਹੈ।

ਧਰਮ ਵਿਗਿਆਨ ਵਿਧੀ ਦੇ ਰਾਂਹੀ ਜਦੋਂ ਇਸਲਾਮ ਧਰਮ ਦਾ ਅਧਿਐਨ ਕੀਤਾ ਜਾਂਦਾ ਹੈ ਤਾਂ ਇਸਲਾਮ ਵਿਚ ਥਿਆਲੋਜੀ ਦਾ ਸਮਅਰਥੀ ਸ਼ਬਦ ਇਲਮ-ਅਲ-ਕਲਾਮ (ilm-al-Kalam) ਮਿਲਦਾ ਹੈ।

ਇਲਮ ਦਾ ਅਰਥ ਹੈ 'ਗਿਆਨ' ਤੇ ਸਮੁੱਚੇ ਸ਼ਬਦ ਦਾ ਅਰਥ ਨਿਕਲਦਾ ਹੈ ਕਿ 'ਉਹ ਗਿਆਨ ਜੋ ਰੱਬੀ ਸ਼ਬਦਾਂ' ਦੇ ਅਰਥਾਂ ਨੂੰ ਪ੍ਰਗਟ ਕਰੇ। ਰੱਬੀ ਸ਼ਬਦਾਂ ਦੇ ਰੂਪ ਵਿਚ ਇਸਲਾਮ ਕੋਲ ਪਵਿੱਤਰ ਕੁਰਾਨ ਜੋ ਕਿ ਧਰਮ ਗ੍ਰੰਥ ਦੇ ਰੂਪ ਵਿਚ ਸੁਸ਼ੋਭਿਤ ਹੈ। ਇਸਲਾਮੀ ਚਿੰਤਕਾਂ ਮੁਤਾਬਿਕ ਕੁਰਾਨ ਦੋ ਰੂਪਾਂ ਵਿਚ ਪ੍ਰਸਤੁਤ ਹੋਇਆ।

1. ਜ਼ਾਹਿਰ= ਇਹ ਸਾਧਾਰਨ ਸਾਧਕਾਂ ਲਈ।
2. ਬਾਤਿਨ= ਚਿੰਤਨ ਤੇ ਅਨੁਭਵ ਦੇ ਮੰਡਲਾਂ ਲਈ।

ਚਿੰਤਨ ਤੇ ਅਨੁਭਵ ਦੇ ਮੰਡਲਾਂ ਰਾਂਹੀ ਕੁਰਾਨ ਦੀ ਸਿੱਖਿਆ ਨੂੰ ਸਾਧਾਰਨ ਸਾਧਕਾਂ ਲਈ ਪੇਸ਼ ਕਰਨਾ ਇਸਲਾਮ ਧਰਮ-ਵਿਗਿਆਨ ਦਾ ਕਾਰਜ ਹੈ।

ਇਸਲਾਮੀ ਧਰਮ ਸ਼ਾਸਤਰ ਦੇ ਪੰਜ ਮੂਲ ਸਤੰਭ

1. ਅਧਿਆਤਮਕ ਧਰਮ ਸੱਚਾਈ ਵਿਚ ਵਿਸ਼ਵਾਸ ਕਰਨਾ ਕਿ ਅੱਲ੍ਹਾ ਹੈ ਅਤੇ ਉਹ ਕੇਵਲ ਇਕ ਹੀ ਹੈ।
2. ਪੰਜ ਨਿਮਾਜ਼ਾਂ ਦੀ ਮਰਿਯਾਦਾ ਦਾ ਪਾਲਣ ਕਰਨਾ।
3. ਜ਼ਕਾਤ
4. ਰੋਜ਼ੇ ਰੱਖਣਾ
5. ਜੀਵਨ ਵਿਚ ਘੱਟੋ-ਘੱਟ ਇਕ ਵਾਰੀ ਮੱਕੇ ਦਾ ਹੱਜ ਕਰਨਾ।

ਪੂਰਬ ਦੇ ਧਰਮਾਂ ਦੇ ਧਰਮਾਂ ਦੇ ਧਰਮ ਵਿਗਿਆਨ ਸੰਕਲਪਾਂ ਦਾ ਵਰਣਨ ਇਸ ਪ੍ਰਕਾਰ ਹੈ:

### 4.4.3 ਹਿੰਦੂ ਧਰਮ-ਵਿਗਿਆਨ

ਹਿੰਦੂ ਧਰਮ ਦਾ ਆਧਾਰ ਵੇਦ ਹਨ ਜੋ ਕਿ ਧਰਮ ਗ੍ਰੰਥ ਦੀ ਸ਼੍ਰੇਣੀ ਵਿਚ ਆਉਂਦੇ ਹਨ ਜਿਨ੍ਹਾਂ ਦੀ ਸਿੱਖਿਆ ਹੈ 'ਮਿੱਥਿਆ ਤੋਂ ਮੈਨੂੰ ਸੱਚ ਵੱਲ ਲੈ ਚੱਲੋ, ਹਨੇਰੇ ਤੋਂ ਮੈਨੂੰ ਰੋਸ਼ਨੀ ਵੱਲ ਲੈ ਚੱਲੋ, ਮੌਤ ਤੋਂ ਮੈਨੂੰ ਸਦੀਵੀ ਜੀਵਨ ਵੱਲ ਲੈ ਚੱਲੋ। ਵੇਦਾਂ ਤੋਂ ਬਾਅਦ ਅਗਲਾ ਸਥਾਨ ਉਪਨਿਸ਼ਦਾਂ, ਪੁਰਾਣਾਂ ਅਤੇ ਸਿਮਰਤੀਆਂ ਦਾ ਆਉਂਦਾ ਹੈ। ਧਰਮ ਵਿਗਿਆਨਕ ਦ੍ਰਿਸ਼ਟੀ ਦੇ ਅਨੁਸਾਰ ਸਭ ਤੋਂ ਪਹਿਲੇ ਵੇਦ ਰਿਗਵੇਦ ਦੇ 'ਪੁਰਸ਼ਸੂਕਤ' ਅਨੁਸਾਰ ਚਾਰਾਂ ਸ਼੍ਰੇਣੀਆਂ ਦੀ ਰਚਨਾ ਦੀ ਮੂਲ ਸ਼ਕਤੀ ਬ੍ਰਹਮਾ ਹੈ। ਯਜੁਰਵੇਦ ਵਿਚ ਲਿਖਿਆ ਹੈ 'ਬ੍ਰਾਹਮਣ ਬ੍ਰਹਮਾ ਦਾ ਮੁੱਖ ਹੋਇਆ, ਬਾਂਹ ਛਤ੍ਰੀ, ਵੈਸ਼ਯ ਇਸਦੇ ਪੱਟ ਅਤੇ ਸ਼ੂਦਰ ਇਸਦੇ ਪੈਰਾਂ ਤੋਂ ਪੈਦਾ ਹੋਏ, ਸਿਮਰਤੀਆਂ ਵਿਚ ਇਨ੍ਹਾਂ ਚਾਰਾਂ ਦੇ ਕੰਮਾਂ ਦੀ ਵੰਡ ਕਰਕੇ ਕਰਮ ਦਾ ਧਰਮ ਸ਼ਾਸਤਰ ਵੀ ਨਿਰਧਾਰਿਤ ਕਰ ਦਿੱਤਾ।

ਬ੍ਰਾਹਮਣ ਦੇ ਛੇ ਕਰਮ ਹਨ- ਵੇਦ ਪੜ੍ਹਨਾ, ਪੜ੍ਹਾਉਣਾ, ਯੱਗ ਕਰਨਾ, ਕਰਾਉਣਾ, ਦਾਨ ਦੇਣਾ ਅਤੇ ਲੈਣਾ।

ਛਤ੍ਰੀ ਦੇ ਚਾਰ ਕਰਮ ਹਨ- ਵੇਦ ਪੜ੍ਹਨਾ, ਯੱਗ ਕਰਨਾ, ਦਾਨ ਦੇਣਾ, ਪਰਜਾਦੀ ਰੱਖਿਆ ਕਰਨੀ।

ਵੈਸ਼ਯ ਦੇ ਤਿੰਨ ਕਰਮ- ਖੇਤੀ ਕਰਨੀ ਵਣਿਜ ਕਰਨਾ ਅਤੇ ਪਸ਼ੂਆਂ ਦੀ ਪਾਲਣਾ ਕਰਨੀ

ਸ਼ੂਦਰ ਦਾ ਇਕ ਕਰਮ- ਤਿੰਨਾਂ ਵਰਣਾਂ ਦੀ ਸੇਵਾ ਕਰਨੀ।

ਭਾਵੇਂ ਕਿ ਇਹ ਸਿਧਾਂਤ ਹਿੰਦੂ ਧਰਮ ਸ਼ਾਸਤਰ ਦਾ ਹਿੱਸਾ ਹਨ ਪਰ ਇਸਨੇ ਸਮਾਜ ਵਿਚ ਵੰਡੀਆਂ ਪਾ ਦਿੱਤੀਆਂ। ਡਾ. ਓਅੰਕਾਰ ਸਿੰਘ ਲਿਖਦੇ ਹਨ ਕਿ ਹਿੰਦੂ ਸਮਾਜ ਅੱਗੇ ਚੱਲਕੇ ਕੇਵਲ ਚਾਰ ਵਰਨਾਂ ਵਿਚ ਹੀ ਨਹੀਂ ਸਗੋਂ ਲਗਭਗ ਚਾਰ ਹਜ਼ਾਰ ਜਾਤਾਂ ਅਤੇ ਇਸ ਤੋਂ ਤਿੰਨ ਚਾਰ ਗੁਣਾਂ ਹੋਰ ਉਪਜਾਤਾਂ ਵਿਚ ਵੰਡਿਆ ਗਿਆ, ਜੋ ਅਗੋਂ ਫਿਰ ਗੋਤਾਂ, ਕੁਲਾਂ ਅਤੇ ਪਰਿਵਾਰਾਂ ਵਿਚ ਵੰਡਿਆ ਗਿਆ।

ਹਿੰਦੂ ਧਰਮ ਵਿਗਿਆਨ ਦਾ ਇਕ ਵਿਸ਼ਵਾਸ ਇਹ ਵੀ ਹੈ ਕਿ ਦੇਵੀ-ਦੇਵਤੇ ਵੱਖੋ-ਵੱਖ ਮੌਕਿਆਂ ਉੱਤੇ ਕਾਰਜ-ਸਿੱਧੀ ਲਈ ਕੰਮ ਆਉਂਦੇ ਹਨ ਤੇ ਇਨ੍ਹਾਂ ਦੀ ਆਰਾਧਨਾ ਨਾਲ ਵੱਖੋ-ਵੱਖ ਕਾਰਜਾਂ ਦੀ ਸਿੱਧੀ ਹੁੰਦੀ ਹੈ।

### 4.4.4 ਜੈਨ ਧਰਮ ਵਿਗਿਆਨ

ਧਰਮ ਵਿਗਿਆਨ ਦ੍ਰਿਸ਼ਟੀ ਤੋਂ ਇਹ ਤੱਥ ਸਾਹਮਣੇ ਆ ਜਾਂਦਾ ਹੈ ਕਿ ਜੈਨੀ ਉਸੇ ਸਚਾਈ ਵਿਚ ਵਿਸ਼ਵਾਸ਼ ਕਰਦੇ ਹਨ ਜਿਹੜੀ ਤਰਕ ਦੇ ਘੇਰੇ ਵਿਚ ਗ੍ਰਹਿਣ ਕੀਤੀ ਜਾ ਸਕਦੀ ਹੈ। ਇਸ ਨਾਲ ਜੈਨੀ ਆਮ ਲੋਕਾਂ ਵਿਚ ਹਿੰਦੂ ਧਰਮ ਦੇ ਬਦਲ ਵਜੋਂ ਪਰਵਾਨ ਹੋ ਗਏ। ਕਈ ਚਿੰਤਕ ਜੈਨ ਧਰਮ ਵਿਗਿਆਨ ਨੂੰ ਉਸ ਸਮੇਂ ਵਿਚ ਇਕ ਇਨਕਲਾਬੀ ਕਦਮ ਪਰਵਾਨ ਕਰਦੇ ਹਨ।

ਜੈਨ ਧਰਮ ਵਿਗਿਆਨ ਦੇ ਤਿੰਨ ਮੁੱਖ ਤੱਤ ਪ੍ਰਵਾਨ ਕੀਤੇ ਗਏ ਹਨ ਜਿਨ੍ਹਾਂ ਨੂੰ ਜੈਨ ਅਨੁਯਾਈਆਂ ਨੇ ਤ੍ਰਿਰਤਨ ਦਾ ਨਾਮ ਦਿੱਤਾ ਹੈ। ਇਹ ਤਿੰਨ ਰਤਨ ਹਨ-

1. ਸਮੂਹ ਦਰਸ਼ਨ ਅਥਵਾ ਸੱਚਾ ਧਰਮ
2. ਸਮੂਹ ਗਿਆਨ ਅਥਵਾ ਸੱਚਾ ਗਿਆਨ
3. ਸਮੂਹ ਚਰਿੱਤਰ ਅਥਵਾ ਸੱਚਾ ਆਚਾਰ

### 4.4.5 ਬੁੱਧ ਧਰਮ ਵਿਗਿਆਨ

ਮੈਕਸਮੂਲਰ ਦਾ ਮੱਤ ਹੈ ਕਿ 'ਬੁੱਧਮਤ ਜੋ ਅਸ਼ੋਕ ਦਾ ਧਰਮ ਸੀ, ਦਾ ਵੈਦਿਕ, ਪ੍ਰਾਚੀਨ ਬ੍ਰਹਾਮਣਵਾਦ ਨਾਲ ਉਹੋ ਸੰਬੰਧ ਹੈ ਜੋ ਅਤਾਲਵੀ ਧਰਮ ਦਾ ਲਾਤੀਨੀ ਧਰਮ ਨਾਲ ਹੈ ਜਾਂ ਪ੍ਰੋਟੈਸਟੈਂਟ ਮਤ ਦਾ ਰੋਮਨ ਕੈਥੋਲਿਕ ਮਤ ਨਾਲ ਹੈ। ਸੱਚੀ ਗੱਲ ਤਾਂ ਇਹ ਹੈ ਕਿ ਬੁੱਧਮਤ ਦੀ ਸਮਝ ਹੀ ਤਦ ਆਉਂਦੀ ਹੈ ਜੇ ਇਸ ਨੂੰ ਬ੍ਰਾਹਮਣੀਅਤ ਦੇ ਵਿਕਾਸ ਜਾਂ ਉਸ ਦੇ ਵਿਰੁੱਧ ਪ੍ਰਤੀਕਰਮ ਦੇ ਰੂਪ ਵਿਚ ਵਿਚਾਰਿਆ ਜਾਵੇ। ਬੁੱਧ ਧਰਮ ਜੋ ਕਿ ਵਿਹਾਰਿਕ ਧਰਮ ਬਣਿਆ ਜਿਸ ਦਾ ਕਾਰਨ ਇਹ ਸੀ ਕਿ ਇਸ ਧਰਮ ਨੇ ਪਖੰਡਾਂ, ਅਡੰਬਰਾਂ ਤੇ ਫੋਕੇ ਰੀਤੀ-ਰਿਵਾਜ਼ਾਂ ਆਦਿ ਨੂੰ ਨਕਾਰਿਆ ਤੇ ਸੱਚ ਉੱਤੇ ਜ਼ੋਰ ਦਿੱਤਾ। ਇੱਥੇ ਇਹ ਸਪੱਸ਼ਟ ਕਰ ਦੇਣਾ ਜ਼ਰੂਰੀ ਹੈ ਕਿ ਬੁੱਧ ਧਰਮ-ਵਿਗਿਆਨ ਹਿੰਦੂ ਧਰਮ-ਵਿਗਿਆਨ ਦੀ ਨਿਰੰਤਰਤਾ ਵਿੱਚ ਨਹੀਂ ਸਗੋਂ ਇਕ ਮੌਲਿਕ ਵਿਗਿਆਨ ਹੈ। ਬੁੱਧ ਧਰਮ-ਵਿਗਿਆਨ 'ਅਸ਼ਟਾਂਗ ਮਾਰਗ' ਉੱਪਰ ਨਿਰਧਾਰਿਤ ਕੀਤਾ ਗਿਆ, ਜਿਸ ਦਾ ਵੇਰਵਾ ਇਸ ਪ੍ਰਕਾਰ ਹੈ-

1. ਸਮਿਅਕ ਦ੍ਰਿਸ਼ਟੀ
2. ਸਮਿਅਕ ਸੰਕਲਪ
3. ਸਮਿਅਕ ਵਚਨ
4. ਸਮਿਅਕ ਕਰਮ
5. ਸਮਿਅਕ ਜੀਵਿਕਾ
6. ਸਮਿਅਕ ਉਦਯੋਗ
7. ਸਮਿਅਕ ਸਿਮ੍ਰਤੀ
8. ਸਮਿਅਕ ਸਮਾਧੀ

- ਬੁੱਧ ਧਰਮ ਸ਼ਾਸਤਰ ਹਿੰਦੂ ਧਰਮ ਸ਼ਾਸਤਰ ਦੀ ਨਿਰੰਤਰਤਾ ਵਿਚ ਨਹੀਂ ਸਗੋਂ ਇਕ ਮੌਲਿਕ ਹੈ।
- ਵਿਹਾਰਿਕ ਧਰਮ, ਲੋਕ ਬੋਲੀ ਵਿਚ ਧਰਮ, ਅਡੰਬਰਾਂ ਤੋਂ ਰਹਿਤ ਧਰਮ
- ਬੁੱਧ ਧਰਮ ਦੋ ਹੀ ਪ੍ਰਮਾਣ ਮੰਨਦਾ ਹੈ- ਪ੍ਰਤੱਖ ਤੇ ਅਨੁਮਾਨ

ਉਪਰੋਕਤ ਟਿੱਪਣੀ ਵਿਚੋਂ ਜਿਹੜੇ ਧਰਮ ਵਿਗਿਆਨਕ ਸਰੋਕਾਰ ਸਾਹਮਣੇ ਆਉਂਦੇ ਹਨ ਉਹਨਾਂ ਵਿਚ 'ਪ੍ਰਭੂ ਦੀ ਏਕਤਾ' ਨੂੰ ਪ੍ਰਥਮਤਾ ਪ੍ਰਾਪਤ ਹੈ। ਇਸ ਨਾਲ ਭਾਰਤੀ ਭੂ-ਖੰਡ ਤੇ ਦੇਵਤਾਵਾਦ ਦਾ ਬਦਲ ਸਾਹਮਣੇ ਆ ਜਾਂਦਾ ਹੈ। ਦੂਜੇ ਨੁਕਤੇ ਵਿਚ ਧਰਮ ਨੂੰ ਸੀਮਾਵਾਂ ਵਿਚ ਵੇਖਣ ਅਤੇ ਵੰਡੀਆਂ ਪਾਉਣ ਦਾ ਮਾਧਿਅਮ ਬਣਾ ਲਏ ਜਾਣ ਤੋਂ ਵੀ ਛੁਟਕਾਰਾ ਪ੍ਰਾਪਤ ਕਰਨ ਦੇ ਆਧਾਰ ਪ੍ਰਾਪਤ ਹੋ ਜਾਂਦੇ ਹਨ। ਸਿੱਖ ਧਰਮ ਨਾਲ ਜੁੜੀ ਹੋਈ ਇਹ ਧਰਮ ਵਿਗਿਆਨਕਤਾ 'ਸਰਬਤ ਦੇ ਭਲੇ' ਤੇ ਸਭਸੇ ਲਏ ਮਿਲਾਏ ਜੀਓ' ਤੇ ਆਧਾਰਤ ਪਰਵਾਨ ਕੀਤੀ ਜਾ ਸਕਦੀ ਹੈ। ਇਹ ਸਾਰੀਆਂ ਗੱਲਾਂ ਜਦੋਂ ਮਾਨਵ ਦੇ ਅਮਲ ਵਿਚੋਂ ਪ੍ਰਗਟ ਹੁੰਦੀਆਂ ਹਨ ਤਾਂ ਸੇਵਾ ਦਾ ਉਹ ਸੰਕਲਪ ਸਾਹਮਣੇ ਆ ਜਾਂਦਾ ਹੈ, ਜਿਸ ਦਾ ਸਿਧਾਂਤਕ ਤੇ ਅਮਲੀ ਪ੍ਰਕਾਸ਼ਨ ਸਾਹਮਣੇ ਲਿਆਉਣ ਦਾ ਸਿਹਰਾ ਭਾਰਤ ਵਿਚ ਕੇਵਲ ਸਿੱਖ ਧਰਮ ਨੂੰ ਹੀ ਪ੍ਰਾਪਤ ਹੈ।

ਸਿੱਖ ਧਰਮ ਸਮਾਜ ਦੇ ਸਮਕਾਲੀ ਸਰੋਕਾਰਾਂ ਨੂੰ ਨਾਲ ਲੈ ਕੇ ਤੁਰਦਾ ਹੈ ਅਤੇ ਜ਼ਿੰਦਗੀ ਨੂੰ ਸਿਹਤਮੰਦ ਢੰਗ ਨਾਲ ਜਿਊਂਣ ਲਈ ਮਾਰਗ-ਦਰਸ਼ਨ ਕਰਦਾ ਹੈ:

ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚ ॥
ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥

### 4.4.6 ਸਿੱਖ ਧਰਮ-ਵਿਗਿਆਨ

ਸਿੱਖ ਧਰਮ-ਵਿਗਿਆਨ ਦਾ ਆਰੰਭ ਹੀ ਇੱਥੋਂ ਹੁੰਦਾ ਹੈ ਕਿ ਗੁਰੂ ਸਾਹਿਬਾਨ ਨੇ ਸਭ ਤੋਂ ਪਹਿਲਾਂ ਪ੍ਰਚਲਿਤ ਮੂਲ ਵਿਧਾਨ ਨੂੰ ਪੂਰੀ ਤਰ੍ਹਾਂ ਰੱਦ ਕਰਕੇ ਮਨੁੱਖ ਦੇ ਨਿਜੀ ਅਤੇ ਸਮਾਜਿਕ ਜੀਵਨ ਵਿਚ

ਇਨਕਲਾਬ ਲਿਆਉਣ ਦੀਆਂ ਸੰਭਾਵਨਾਵਾਂ ਨੂੰ ਉਜਾਗਰ ਕੀਤਾ। ਅਧਿਆਤਮਕ ਅਤੇ ਸਮਾਜਿਕ ਮੁਕਤੀ ਦੇ ਲਈ ਇਕ ਅਜਿਹਾ ਜ਼ੋਰਦਾਰ ਸੰਘਰਸ਼ ਆਰੰਭਿਆ ਜਿਸ ਦੀ ਉਦਾਹਰਨ ਧਰਮਾਂ ਦੇ ਇਤਿਹਾਸ ਵਿਚ ਦੁਰਲੱਭ ਕਹੀ ਜਾ ਸਕਦੀ ਹੈ। ਗੁਰੂ ਨਾਨਕ ਸਾਹਿਬ ਦੁਆਰਾ ਸਿਰਜਤ ਧਰਮ ਸਿੱਖ ਧਰਮ ਜਿਸ ਸਮੇਂ ਹੋਂਦ ਵਿਚ ਆਇਆ ਉਸ ਸਮੇਂ ਦੇ ਹਾਲਾਤ ਧਰਮ ਦੇ ਪੱਖ ਤੋਂ ਗਿਰਾਵਟ ਵੱਲ ਜਾ ਰਹੇ ਸਨ। ਕੁਝ ਚੁਣਵੇਂ ਲੋਕ ਜੋ ਧਰਮ ਦੇ ਨਾਮ ਤੇ ਲੋਕਾਂ ਦਾ ਸ਼ੋਸ਼ਣ ਕਰ ਰਹੇ ਸਨ। ਡਾ. ਸਰਬਜਿੰਦਰ ਸਿੰਘ ਅਨੁਸਾਰ ਦੇਵੀ ਦੇਵਤਿਆਂ ਦੇ ਬੁੱਤ ਬਣਾ ਕੇ ਰੱਬ ਨੂੰ ਮੰਦਰਾਂ ਵਿਚ ਸਮੇਂ ਤੇ ਸਥਾਨ ਦੀ ਵਲਗਣ ਵਿਚ ਕੈਦ ਕਰ ਲੈਣ ਦੀ ਸਫਲਤਾ ਨੂੰ ਹੀ ਧਰਮ ਨਹੀਂ ਕਿਹਾ ਜਾ ਸਕਦਾ ਸੀ। ਇਸ ਚੇਤਨਾਂ ਤੋਂ ਮਹਿਰੂਮ ਮਨੁੱਖੀ ਜੀਵਨ, ਆਸ਼ਰਮਾਂ ਵਿਚ ਵੰਡਿਆ ਹੋਣ ਕਰਕੇ, ਲੋਕ ਗ੍ਰਹਿਸਤ ਤਿਆਗ ਕੇ ਜੰਗਲਾਂ ਵਿਚ ਭਟਕਦੇ ਫਿਰਦੇ ਸਨ। ਸਮਾਜ ਵਿਚ ਮਨੁੱਖੀ ਏਕਤਾ ਵੀ ਨਹੀਂ ਸੀ। ਰਾਜਨੀਤੀ ਦੇ ਖੇਤਰ ਵਿਚ ਰਾਜੇ ਵਿਲਾਸੀ ਜੀਵਨ ਬਸਰ ਕਰ ਰਹੇ ਸਨ। ਲੋਕਾਂ ਦਾ ਖ਼ੂਨ ਚੂਸਿਆ ਜਾ ਰਿਹਾ ਸੀ। ਭਾਈ ਗੁਰਦਾਸ ਜੀ ਅਜਿਹੇ ਹਾਲਾਤ ਨੂੰ ਧਰਮ ਖੰਭ ਲਾ ਕੇ ਉੱਡਣ ਦੀ ਸੰਗਿਆ ਦਿੰਦੇ ਹਨ। ਗੁਰੂ ਪਾਤਸ਼ਾਹ ਨੇ ਸਪੱਸ਼ਟ ਰੂਪ 'ਚ ਗੁਰਬਾਣੀ ਵਿਚ ਪ੍ਰਚਲਿਤ ਹਿੰਦੂ, ਇਸਲਾਮ, ਜੈਨ ਧਰਮਾਂ ਦੇ ਫੋਕੇ ਰੀਤੀ-ਰਿਵਾਜਾਂ ਦੀ ਖੁੱਲ ਕੇ ਮੁਕਾਲਫਤ ਕੀਤੀ।

ਇਸਲਾਮ ਦੁਆਰਾ ਕੀਤੇ ਜਾ ਰਹੇ ਸ਼ਰੇਆਮ ਧੱਕੇ ਨੂੰ ਗੁਰੂ ਨਾਨਕ ਸਾਹਿਬ ਨੇ 'ਬਾਬਰਬਾਣੀ' 'ਚ ਅੰਕਿਤ ਕੀਤਾ ਤੇ ਸ਼ਰੇਆਮ ਬਾਬਰ ਨੂੰ ਜਾਬਰ ਕਹਿ ਕੇ ਵੰਗਾਰਿਆ। ਦੂਸਰੇ ਪਾਸੇ ਭਾਰਤੀ ਧਰਮ ਚਿੰਤਨ ਵਿਚ ਪ੍ਰਮੁੱਖਤਾ ਬ੍ਰਾਹਮਣ ਵਰਗ ਨੂੰ ਸੀ ਬਾਕੀ ਤਿੰਨੇ ਵਰਗ ਖੱਤਰੀ, ਵੈਸ਼ ਅਤੇ ਸ਼ੂਦਰ ਧਾਰਮਿਕ ਅਗਵਾਈ ਵਾਸਤੇ ਬ੍ਰਾਹਮਣ ਤੇ ਹੀ ਨਿਰਭਰ ਸਨ। ਨਿਰਭਰਤਾ ਕਾਰਨ ਸਮਾਜ ਦਾ ਪੱਧਰ ਗੁਲਾਮੀ ਵੱਲ ਧੱਕਿਆ ਗਿਆ। ਉਸ ਸਮੇਂ ਦੇ ਗਿਆਨਵਾਨ ਪੁਰਸ਼ ਜਿਨ੍ਹਾਂ ਨੂੰ ਸਿੱਧ ਕਿਹਾ ਜਾਂਦਾ ਸੀ ਉਹ ਵੀ ਆਪਣੀ ਜ਼ਿੰਮੇਵਾਰੀ ਤੋਂ ਭੱਜ ਕੇ ਪਹਾੜਾਂ ਵਿਚ ਲੁਕ ਕੇ ਬੈਠੇ ਸਨ। ਭਾਈ ਗੁਰਦਾਸ ਅਨੁਸਾਰ ਗੁਰੂ ਨਾਨਕ ਸਾਹਿਬ ਦਾ ਸੰਵਾਦ ਜਦ ਸਿੱਧਾਂ ਨਾਲ ਹੋ ਰਿਹਾ ਸੀ ਤਾਂ ਗੁਰੂ ਸਾਹਿਬ ਨੇ ਸਪੱਸ਼ਟ ਤੌਰ 'ਤੇ ਸਿੱਧਾਂ ਨੂੰ ਤਾੜਨਾ ਕੀਤੀ ਕਿ 'ਸਿੱਧ ਜੇ ਪਰਬਤ ਵਿਚ ਛੁਪੇ ਰਹਿਣਗੇ ਤਾਂ ਮਨੁੱਖਤਾ ਦੇ ਕਲਿਆਣ ਦੀ ਜ਼ਿੰਮੇਵਾਰੀ ਕੌਣ ਨਿਭਾਏਗਾ।' ਪ੍ਰਸਿੱਧ ਸਿੱਖ ਚਿੰਤਕ ਜਗਜੀਤ ਸਿੰਘ ਅਨੁਸਾਰ ਅਜਿਹੇ ਹਾਲਾਤ ਵਿਚ ਪ੍ਰਮੁੱਖ ਲੋਕ ਅੰਦਰੋਂ ਧਾਰਮਿਕ ਹਉਮੈਂ ਦੇ ਸ਼ਿਕਾਰ ਸਨ ਅਤੇ ਬਾਹਰੋਂ ਭ੍ਰਿਸ਼ਟ ਸ਼ਾਂਸਕਾਂ ਵਲੋਂ ਲਿਤਾੜੇ ਜਾ ਰਹੇ ਸਨ। ਇਸ ਤਰ੍ਹਾਂ ਆਮ ਲੋਕ ਪੁਜਾਰੀ ਸ਼੍ਰੇਣੀ ਅਤੇ ਸ਼ਾਸਕ-ਸ਼੍ਰੇਣੀ ਸਾਹਮਣੇ ਨਿਤਾਣੇ ਬਣੇ ਹੋਏ ਸਨ। ਅਜਿਹੀ ਅਧੋਗਤੀ ਅਤੇ ਖੜ੍ਹੋਤ ਵਾਲੀਆਂ ਧਾਰਮਿਕ ਕਦਰਾਂ-ਕੀਮਤਾਂ ਦੇ ਬੋਲਬਾਲੇ ਵਾਲੀ ਹਾਲਤ ਵਿਚ ਸਿੱਖ ਧਰਮ ਦਾ ਜਨਮ ਹੋਇਆ। ਲਿਤਾੜੇ, ਨਿਮਾਣੇ ਮਜ਼ਲੂਮਾਂ ਤੇ ਸਮਾਜ ਦੇ ਹੋਰ ਸੋਸ਼ਿਤ ਵਰਗਾਂ ਨੂੰ ਵੀ ਇਸ ਧਰਮ ਨੇ ਇਕ ਨਵੀਂ ਰਾਹ ਵਿਖਾਈ ਹੈ ਕਿਉਂਕਿ ਗੁਰੂ ਨਾਨਕ ਦੇਵ ਜੀ ਨੇ ਆਪਣੀ ਪ੍ਰਗਟ ਸਾਂਝ ਲੋੜਵੰਦਾਂ ਨਾਲ ਪਾਈ ਹੈ:

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥

ਇਸ ਲਈ ਕਿਹਾ ਜਾ ਸਕਦਾ ਹੈ ਕਿ ਸਿੱਖ ਗੁਰੂ ਸਾਹਿਬ ਨੇ ਧਾਰਮਿਕ ਤੇ ਸਮਾਜਿਕ ਸਰੋਕਾਰਾਂ ਦੇ ਵਿਸ਼ਵਾਰਥੀ ਪ੍ਰਸੰਗ ਨੂੰ ਨਵੇਂ ਸਿਰਿਉਂ ਉਜਾਗਰ ਕੀਤਾ ਤੇ ਇਕ ਨਵਾਂ ਬਦਲ ਦਿੱਤਾ। ਇਹ ਬਦਲ ਇਸਸਾਨ ਨੂੰ ਮੁਕਤੀ ਦਾ ਲਾਰਾ ਲਾਉਣ ਦੀ ਥਾਂ ਜੀਵਨ ਮੁਕਤੀ ਦੇ ਮਾਰਗ ਤੇ ਚਲ ਸਕਣ ਦੇ ਸਮਰੱਥ ਬਣਾਉਂਦਾ ਹੈ। ਸਿੱਖ ਧਰਮ ਦੇ ਸਮਾਜਿਕ ਪ੍ਰਸੰਗ ਦੀ ਵਿਆਪਕਤਾ ਦਾ ਪ੍ਰਮਾਣ ਇਸ ਤੱਥ ਤੋਂ ਹੀ ਮਿਲ ਜਾਂਦਾ ਹੈ ਕਿ ਗੁਰੂ ਜੀ ਦੀ ਅਧਿਆਤਮਿਕਤਾ ਕਿਸੇ ਵਿਸ਼ੇਸ਼ ਵਰਗ, ਵਰਣ, ਸੰਪਰਦਾਇ ਜਾਂ ਗੁੱਟ ਨੂੰ ਸਾਹਮਣੇ ਰਖਕੇ ਤਿਆਰ ਨਹੀਂ ਕੀਤੀ ਗਈ, ਸਗੋਂ ਉਸ ਵਿਚੋਂ ਸਰਬਸਾਂਝੇ ਭਾਈਚਾਰੇ ਲਈ ਲੋੜੀਂਦੇ ਸਰੋਕਾਰ ਪ੍ਰਾਪਤ ਹਨ। ਇਸ ਦ੍ਰਿਸ਼ਟੀ ਨੂੰ ਚਾਰ ਮੁੱਖ ਅੰਗਾਂ ਤੋਂ ਵੇਖਿਆ ਜਾ ਸਕਦਾ ਹੈ:

1. ਪ੍ਰਭੂ ਦੀ ਏਕਤਾ ਵਿਚ ਵਿਸ਼ਵਾਸ ਦੀ ਸੁਰ ਨੂੰ ਲੋਕ-ਮਨ ਉਤੇ ਅੰਕਿਤ ਕੀਤਾ।
2. ਦ੍ਰਿੜ ਕਾਰਵਾਇਆ ਕਿ ਸਮੂਹ ਸ੍ਰਿਸ਼ਟੀ ਪ੍ਰਭੂ ਦੀ ਪੈਦਾ ਕੀਤੀ ਹੋਈ ਹੈ।
3. ਜਾਤ-ਭੇਦ ਜਾਂ ਵਰਣ ਵੰਡ ਨੂੰ ਕੋਈ ਧਾਰਮਿਕ ਮਾਨਤਾ ਨਹੀਂ ਦਿੱਤੀ।
4. ਜਨ-ਸੇਵਾ ਦੇ ਮਹੱਤਵ ਨੂੰ ਉਜਾਗਰ ਕੀਤਾ।ਇਥੋਂ ਹੀ ਧਰਮ-ਵਿਗਿਆਨ ਦਾ ਆਰੰਭ ਹੁੰਦਾ ਹੈ।

ਸਿੱਖ ਧਰਮ ਵਿਚ ਥਿਆਲੋਜੀ ਲਈ ਸਿੱਖੀ, ਸਿੱਖ ਮਤ, ਗੁਰਸਿੱਖੀ ਗੁਰ-ਦਰਸ਼ਨ, ਗੁਰਮਤਿ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਪ੍ਰੋ: ਪ੍ਰੀਤਮ ਸਿੰਘ ਥਿਆਲੋਜੀ ਲਈ ਸਿੱਖ ਧਰਮ ਵਿਚ 'ਦੀਨੀਆਤ' ਸ਼ਬਦ ਦੀ ਵਰਤੋਂ ਕਰਦੇ ਹਨ। ਪ੍ਰੋ: ਸ਼ੇਰ ਸਿੰਘ ਇਸ ਨੂੰ ਸਿੱਖਾਲੋਜੀ ਸ਼ਬਦ ਨਾਲ ਪ੍ਰਭਾਸ਼ਿਤ ਕਰਦੇ ਹਨ। ਉਨ੍ਹਾਂ ਦਾ ਮਤ ਹੈ ਕਿ ਜਿਵੇਂ ਕ੍ਰਾਈਸਟ ਦੀ ਸਿੱਖਿਆ ਨੂੰ ਉਨ੍ਹਾਂ ਦੇ ਵਿਦਵਾਨਾਂ ਦੁਆਰਾ ਕ੍ਰਾਈਸਟੋਲੋਜੀ ਕਿਹਾ ਜਾ ਸਕਦਾ ਹੈ ਉਸੇ ਤਰ੍ਹਾਂ ਹੀ ਸਿੱਖ ਧਰਮ ਦੀ ਸਿੱਖ ਧਰਮ ਦੀ ਸਿੱਖਿਆ ਨੂੰ ਸਿੱਖਾਲੋਜੀ ਕਹਿਣਾ ਚਾਹੀਦਾ ਹੈ। ਡਾ. ਸ਼ੇਰ ਸਿੰਘ ਨੇ ਤਾਂ ਸਿੱਖ ਧਰਮ ਦੇ ਬੁਨਿਆਦੀ ਸਿਧਾਂਤਾਂ ਨੂੰ ਈਸਾਈ ਧਰਮ ਸ਼ਾਸਤਰ ਦੇ ਅਨੁਰੂਪ ਪੇਸ਼ ਕਰਨ ਦਾ ਯਤਨ ਕੀਤਾ ਉਸ ਨੇ ਚੇਤੰਨ ਰੂਪ ਵਿਚ ਸਿੱਖ ਥਿਆਲੋਜੀ ਦੀ ਲੋੜ ਤੇ ਜ਼ੋਰ ਦਿੱਤਾ। ਜਿਸ ਵਿਚ ਅਕਾਲ ਪੁਰਖ, ਸ੍ਰਿਸਟੀ ਰਚਨਾ, ਹਉਮੈਂ, ਮਿਹਰ, ਕਰਮ, ਸ਼ਬਦ ਗੁਰੂ, ਨਾਮ, ਮਨ, ਹੁਕਮ, ਨਾਮ-ਸਿਮਰਨ, ਕੀਰਤਨ, ਸੇਵਾ, ਸੱਚਖੰਡ, ਜੀਵਨ, ਮੁਕਤ, ਦਸ ਗੁਰੂ ਇੱਕ ਜੋਤ, ਮੀਰੀ-ਪੀਰੀ, ਅੰਮ੍ਰਿਤ ਸੰਸਕਾਰ, ਖਾਲਸਾ ਆਦਿ ਜਿਹੇ ਵਿਸ਼ੇ ਸ਼ਾਮਲ ਕੀਤੇ ਜਾਣੇ ਚਾਹੀਦੇ ਹਨ।

### 4.5 ਸਿੱਖ ਧਰਮ-ਵਿਗਿਆਨ ਦੇ ਮੁੱਖ ਸੰਕਲਪ

#### 4.5.1 ਪਰਮ ਸੱਤਾ

ਪਰਮ ਸੱਤਾ ਜਿਸ ਨੂੰ ਸਿੱਖ ਧਰਮ-ਵਿਗਿਆਨ ਅਨੁਸਾਰ ਅਕਾਲ-ਪੁਰਖ ਦਾ ਨਾਮ ਦਿੱਤਾ ਗਿਆ ਹੈ। ਭਾਵੇਂ ਕਿ ਵਾਹਿਗੁਰੂ ਸ਼ਬਦ ਵੀ ਅਕਾਲ-ਪੁਰਖ ਲਈ ਵਰਤਿਆ ਗਿਆ ਹੈ। ਪਰ ਭਾਈ ਗੁਰਦਾਸ ਅਨੁਸਾਰ ਵਾਹਿਗੁਰੂ ਉਸ ਪਰਮ ਹਸਤੀ ਨੂੰ ਧਿਆਉਣ ਦਾ ਮੰਤਰ ਹੈ।

ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ।

ਸਿੱਖ ਧਰਮ ਵਿਗਿਆਨ ਵਿਚ ਰੱਬ ਦੇ ਸੰਕਲਪ ਦੀ ਵਿਲੱਖਣਤਾ ਇਹ ਹੈ ਕਿ ਇਥੇ ਪ੍ਰਮੇਸ਼ਰ ਪੱਖਪਾਤੀ ਨਹੀਂ ਹੈ। ਇਥੇ ਪ੍ਰਮੇਸ਼ਰ 'ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ' ਦੇ ਸਿਧਾਂਤ ਉੱਪਰ ਵਿਗਸਦਾ ਹੋਇਆ 'ਸਭਸੈ ਲਏ ਮਿਲਾਇ ਜੀਉ' ਦਾ ਅਨੁਸਾਰੀ ਹੈ। ਇਥੇ ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ ਦਾ ਸੰਕਲਪ ਹੈ। ਜਿਸਨੂੰ ਪਵਿੱਤਰ ਧਰਮ ਗ੍ਰੰਥ ਗੁਰੂ ਗ੍ਰੰਥ ਸਾਹਿਬ ਵਿਚ ਬੇਗਮਪੁਰਾ ਜਾਂ ਸਚਖੰਡ ਦੇ ਨਾਮ ਨਾਲ ਸੰਬੋਧਿਤ ਕੀਤਾ ਗਿਆ ਹੈ।

ਧਰਮ-ਵਿਗਿਆਨਕ ਦ੍ਰਿਸ਼ਟੀ ਤੋਂ ਜਦੋਂ ਅਸੀਂ ਬਾਕੀ ਧਰਮਾਂ ਦਾ ਅਧਿਐਨ ਕਰਦੇ ਹਾਂ ਤਾਂ ਕੁਲ ਸੰਸਾਰ ਦਾ ਹਰੇਕ ਧਰਮ ਗ੍ਰੰਥ ਇਕ ਰੱਬ ਦੇ ਵੱਲ ਸੇਧਿਤ ਹੈ ਉਦਾਹਰਣ ਲਈ, ਵੇਦਾ ਦੇ ਬਹੁਦੇਵਵਾਦ ਦਾ ਮੂਲ ਆਧਾਰ ਹੈ ਏਕ ਸਮ ਵਿਪਰਾ ਹੈ। ਉਹ ਯਹੂਦੀਆਂ ਦਾ ਯਹੋਵਾ ਦੇ ਤੌਰ 'ਤੇ ਵਿਗਸਦਾ ਹੈ ਤੇ ਈਸਾਈਅਤ ਵਿਚ God ਦਾ ਸਫਰ ਕਰਦਾ ਕਰਦਾ ਇਸਲਾਮਿਕ ਧਰਮ ਪ੍ਰੰਪਰਾ ਵਿਚ ਅੱਲ੍ਹਾ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਭਾਰਤੀ ਚਿੰਤਨ ਪ੍ਰਣਾਲੀ ਵਿਚ ਏਕ ਸਮ ਵਿਪਰਾ ਦਾ ਇਹ ਸੰਕਲਪ ਜਦੋਂ ਅਮਲੀ ਜਾਮਾ ਪਹਿਨਾਉਣ ਵਿਚ ਅਸਫਲ ਹੋ ਜਾਂਦਾ ਹੈ ਤਾਂ ਫਿਰ ਇਸ ਦੀ ਥਾਂ ਜੈਨ ਅਤੇ ਬੁੱਧ ਇਸ ਨੂੰ ਸਚ ਵਿਚ ਤਬਦੀਲ ਕਰ ਦਿੰਦੇ ਹਨ ਕਿਉਕਿ ਉਹ 'ਸਤਿ' ਭਾਵ ਕਿ ਪ੍ਰਮੇਸ਼ਰ ਦੀ ਹੋਂਦ ਤੋਂ ਇਨਕਾਰੀ ਧਰਮ ਹਨ। ਯਹੂਦੀ ਪ੍ਰੰਪਰਾ ਵਿਚ ਯਹੋਵਾ (ਪ੍ਰਮੇਸ਼ਰ) ਤਾਂ ਇਕ ਹੀ ਹੈ ਪਰ ਜਦੋਂ ਉਹ ਸੰਸਾਰ ਵਿਚ ਵਿਚਰਦਾ ਹੈ ਤਾਂ ਉਹ ਆਪਣਾ ਸਿਧਾਂਤ ਪ੍ਰਗਟ ਕਰਦਾ ਹੈ 'We are the choosen People' ਜਿਸ ਦਾ ਭਾਵ ਹੈ ਕਿ ਯਹੂਦੀ ਹੀ ਸਿਰਫ ਪਰਮਾਤਮਾ ਦੇ ਚੁਣੇ ਹੋਏ ਲੋਕ ਹਨ। ਇਥੇ ਹੀ ਪਰਮਾਤਮਾ ਪੱਖਪਾਤੀ ਹੋ ਜਾਂਦਾ ਹੈ ਕਿ ਜੇਕਰ ਸਿਰਫ ਯਹੂਦੀ ਲੋਕ ਹੀ ਚੁਣੇ ਹੋਏ ਲੋਕ ਹਨ ਤੇ ਬਾਕੀ ਧਰਮਾਂ ਦੇ ਲੋਕ ਜਾਂ ਮਨੁੱਖ ਤਾਂ ਫਿਰ ਪਰਾਇਆਂ ਦੀ ਗਿਣਤੀ ਵਿਚ ਸ਼ਾਮਿਲ ਹੋ ਗਏ। ਇਸਾਈ ਧਰਮ ਦੇ ਰੱਬ ਦਾ ਸਿਧਾਂਤ ਹੈ Me the Door of Selvation ਦੇ ਰਾਹੀਂ ਵਿਚਰਦਾ ਹੋਇਆ ਇਸਾਈ ਧਰਮ ਤੋਂ ਬਿਨ੍ਹਾਂ ਹੋਰ ਧਰਮਾਂ ਦੇ ਲੋਕਾਂ ਨੂੰ ਆਪਣੇ ਪੁੱਤਰ ਦਾ ਦਰਜਾ ਨਾ ਦਿੰਦਾ ਹੋਇਆ ਆਪਣੇ ਆਪ ਨੂੰ ਪ੍ਰਸ਼ਨਾਂ ਦੇ ਘੇਰੇ ਵਿਚ ਖੜ੍ਹਾ ਕਰ ਦਿੰਦਾ ਹੈ। ਇਸੇ ਹੀ ਤਰ੍ਹਾਂ ਇਸਲਾਮ ਧਰਮ ਕਾਫ਼ਰ ਤੇ ਮੋਮਨ ਵੀ ਘਾੜਤ ਘੜਦਾ ਹੋਇਆ ਕਾਫ਼ਰਾਂ ਨੂੰ ਸਜ਼ਾ ਦੇਣ ਦੇ ਲਈ ਜੇਹਾਦ ਛੇੜਦਾ ਹੈ। ਧਰਮਾਂ ਦੀ ਇਸ ਸਥਿੱਤੀ ਵਿਚ ਬੇਗਮਪੁਰਾ ਜਾਂ ਸਚਖੰਡ ਦਾ ਸੰਕਲਪ ਸੋਚਿਆ ਹੀ ਨਹੀਂ ਜਾ ਸਕਦਾ। ਇਥੇ ਹੀ ਧਰਮਾਂ ਦੁਆਰਾ ਪਾਈਆਂ ਹੋਈਆਂ ਵੰਡੀਆਂ ਨੂੰ ਗੁਰੂ ਪਾਤਸ਼ਾਹ ਗੁਰਬਾਣੀ ਰਾਂਹੀ ਇਕ ਰੱਬ ਦੇ ਸੰਕਲਪ ਰਾਂਹੀ ਸਮੁੱਚੇ ਸੰਸਾਰ ਨੂੰ ਇਕ ਕਲਾਵੇ ਵਿਚ ਲੈ ਕੇ ਰੱਖਦੇ ਹਨ-

ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥1॥

### 4.5.2 ਸ੍ਰਿਸ਼ਟੀ

ਸ੍ਰਿਸ਼ਟੀ ਦੀ ਰਚਨਾ, ਇਸ ਦਾ ਸਰੂਪ ਆਦਿ ਵਿਸ਼ੇ ਮੁੱਢ ਕਦੀਮ ਤੋਂ ਹੀ ਧਰਮ-ਵਿਗਿਆਨੀਆਂ ਲਈ ਚਰਚਾ ਦੇ ਵਿਸ਼ੇ ਰਹੇ ਹਨ। ਇਸ ਸੰਬੰਧੀ ਵੱਖ-ਵੱਖ ਧਾਰਮਿਕ ਰਹਿਨੁਮਾ ਅਤੇ ਦਾਰਸ਼ਨਿਕਾਂ ਨੇ ਆਪਣੇ ਵਿਚਾਰ ਪੇਸ਼ ਕੀਤੇ ਹਨ। ਈਸ਼ ਉਪਨਿਸ਼ਦ ਵਿਚ ਉਸ ਪੂਰਨ ਪਰਮਾਤਮਾ ਦੀ ਰਚਨਾ ਨੂੰ ਉਸ ਕਰਤੇ ਵਾਂਗ

ਹੀ ਪੂਰਨ ਕਿਹਾ ਗਿਆ ਹੈ। ਰਿਗਵੇਦ ਵਿਚ ਜਗਤ ਸੰਬੰਧੀ ਇਹ ਵਿਚਾਰ ਮਿਲਦਾ ਹੈ ਕਿ ਇਸ ਦੀ ਰਚਨਾ ਦੀ ਇੱਛਾ ਸਭ ਤੋਂ ਪਹਿਲਾਂ ਪਰਮੇਸ਼ਰ ਦੇ ਮਨ ਵਿਚ ਪੈਦਾ ਹੋਈ ਅਤੇ ਇਹੀ ਇੱਛਾ ਸਭ ਤੋਂ ਪਹਿਲਾਂ ਪਰਮੇਸ਼ਰ ਦੇ ਮਨ ਵਿਚ ਸ੍ਰਿਸ਼ਟੀ ਦਾ ਬੀਜ ਬਣੀ। ਛਾਂਦੋਗਯ ਉਪਨਿਸ਼ਦ ਅਨੁਸਾਰ ਪਰਮਾਤਮਾ ਨੇ ਸਭ ਤੋਂ ਪਹਿਲਾਂ ਪਾਣੀ ਦੀ ਰਚਨਾ ਕੀਤੀ ਜੋ ਸਮੁੱਚੇ ਜੀਵਨ ਦਾ ਆਧਾਰ ਬਣਿਆ। ਬਾਈਬਲ ਅਤੇ ਕੁਰਆਨ ਮਜੀਦ ਵਿਚ ਪਰਮਾਤਮਾ ਦੁਆਰਾ 6 ਦਿਨਾਂ ਵਿਚ ਸ੍ਰਿਸ਼ਟੀ ਦੀ ਰਚਨਾ ਕੀਤੇ ਜਾਣ ਦੇ ਵੇਰਵੇ ਪ੍ਰਾਪਤ ਹੁੰਦੇ ਹਨ।

ਗੁਰਬਾਣੀ ਵਿਚ ਜਗਤ ਰਚਨਾ ਦੇ ਸਵਾਲ ਸੰਬੰਧੀ ਇਹ ਉੱਤਰ ਪ੍ਰਾਪਤ ਹੁੰਦਾ ਹੈ ਕਿ ਇਸ ਦੀ ਰਚਨਾ ਦੇ ਸਮੇਂ ਅਤੇ ਪ੍ਰਕਿਰਿਆ ਨੂੰ ਇਸ ਦੇ ਰਚਨਹਾਰੇ ਪਰਮਾਤਮਾ ਤੋਂ ਬਿਨਾਂ ਹੋਰ ਕੋਈ ਨਹੀਂ ਦੱਸ ਸਕਦਾ। ਗੁਰੂ ਸਾਹਿਬਾਨ ਨੇ ਇਸ ਜਗਤ ਨੂੰ ਗੁਰਬਾਣੀ ਵਿਚ 'ਸਚੇ ਕੀ ਕੋਠੜੀ' ਕਿਹਾ ਗਿਆ ਹੈ ਜਿਸ ਵਿਚ ਅਕਾਲ ਪੁਰਖ ਦਾ ਵਾਸਾ ਹੈ ਪਰੰਤੂ ਪਰਮਾਤਮਾ ਤੋਂ ਟੁੱਟੇ ਹੋਏ ਮਾਇਕ ਬਿਰਤੀ ਵਾਲਿਆਂ ਲਈ ਇਹ 'ਕੂੜੁ ਸਭੁ ਸੰਸਾਰੁ' ਦਾ ਰੂਪ ਹੈ।

**4.5.3 ਗੁਰੂ**

ਮਹਾਨ ਕੋਸ਼ ਅਨੁਸਾਰ ਇਹ ਸ਼ਬਦ ਗ੍ਰੀ (ਗ੍ਰ) ਧਾਤੂ ਤੋਂ ਬਣਿਆ ਹੈ। ਇਸ ਦੇ ਅਰਥ ਹਨ- ਨਿਗਲਣਾ ਅਤੇ ਸਮਝਾਉਣਾ, ਜੋ ਅਗਿਆਨ ਨੂੰ ਖਾ ਜਾਂਦਾ ਹੈ ਅਤੇ ਸਿੱਖ ਨੂੰ ਤਤ੍ਵਗਜਾਨ ਸਮਝਾਉਂਦਾ ਹੈ, ਉਹ ਗੁਰੂ ਹੈ। ਗੁਰੂ, ਸਿੱਖ ਧਰਮ ਵਿਚ ਇਕ ਅਹਿਮ ਸਥਾਨ ਰੱਖਦਾ ਹੈ ਜਿਸ ਤੋਂ ਬਿਨਾਂ ਅਗਿਆਨਤਾ ਦਾ ਹਨੇਰਾ ਦੂਰ ਨਹੀਂ ਹੁੰਦਾ ਅਤੇ ਨਾ ਹੀ ਉਸ ਪਰਮਾਤਮਾ ਦੇ ਸਰੂਪ ਦੀ ਸਮਝ ਆਉਂਦੀ ਹੈ। ਇਸ ਸੰਸਾਰ ਵਿਚਲੀਆਂ ਨਾਕਾਰਾਤਮਿਕ ਬਿਰਤੀਆਂ ਤੋ ਪਾਰ ਹੋਣ ਲਈ ਗੁਰੂ ਇਕ ਕਿਸ਼ਤੀ ਦਾ ਕਾਰਜ ਕਰਦਾ ਹੈ। ਗੁਰਬਾਣੀ ਵਿਚ ਮਨ ਦੀ ਦੁਬਿਧਾ ਮਿਟਾ ਕੇ ਪਰਮ ਪਦ ਦਾ ਰਾਹ ਦੱਸਣ ਵਾਲੇ ਨੂੰ ਹੀ ਸੱਚਾ ਗੁਰੂ ਕਿਹਾ ਗਿਆ ਹੈ ਜਿਸ ਨੂੰ ਮਿਲ ਕੇ ਮਨ ਵਿਚ ਅਨੰਦ ਪੈਦਾ ਹੋ ਜਾਂਦਾ ਹੈ। ਲੋਹੇ ਵਰਗੇ ਮਨ ਨੂੰ ਗੁਰੂ ਸੋਨੇ ਵਰਗਾ ਬਣਾ ਦਿੰਦਾ ਹੈ। ਇਨ੍ਹਾਂ ਗੁਣਾਂ ਕਾਰਨ ਹੀ ਗੁਰੂ ਨੂੰ ਉਸ ਪਰਮ ਹਸਤੀ ਦਾ ਹੀ ਰੂਪ ਆਖ ਕੇ ਗੁਰੂ ਅਤੇ ਪਰਮਾਤਮਾ ਦੀ ਅਭੇਦਤਾ ਨੂੰ ਦਰਸਾਇਆ ਗਿਆ ਹੈ। ਡਾ. ਦੀਵਾਨ ਸਿੰਘ ਨੇ ਸੰਗਤ ਨੂੰ ਗੁਰੂ ਦੀ ਬਾਹਰੀ ਸ਼ਕਤੀ ਅਤੇ ਗੁਰਬਾਣੀ ਨੂੰ ਗੁਰੂ ਦੀ ਰਹੱਸਵਾਦੀ (ਗੁੱਝੀ) ਸ਼ਕਤੀ ਕਿਹਾ ਹੈ।

**4.5.4 ਨਾਮ**

ਸਮੁੱਚੀ ਗੁਰਬਾਣੀ ਵਿਚ ਨਾਮ ਨੂੰ ਪ੍ਰਭੂ ਪ੍ਰਾਪਤੀ ਦਾ ਆਧਾਰ ਮੰਨ ਕੇ ਇਸਦੀ ਵਡਿਆਈ ਕੀਤੀ ਗਈ ਹੈ ਅਤੇ 'ਨਾਨਕ ਕੈ ਘਰ ਕੇਵਲ ਨਾਮ' ਕਹਿ ਕੇ ਨਾਮ ਨੂੰ ਸਰਬਉੱਚ ਮੰਨਿਆ ਹੈ। 'ਜਨ ਕੀ ਭੂਖ ਤੇਰਾ ਨਾਮ ਅਧਾਰ' ਦਾ ਵੀਚਾਰ ਵੀ ਇਸੇ ਕਥਨ ਦੀ ਪ੍ਰੋੜ੍ਹਤਾ ਕਰਦਾ ਹੈ। ਨਾਮ ਨੂੰ ਮਨਫ਼ੀ ਕਰ ਕੇ ਕੀਤੇ ਜਾਣ ਵਾਲੇ ਦੁਨਿਆਵੀ ਕਾਰਜਾਂ ਨੂੰ ਗੁਰਬਾਣੀ ਵਿਚ ਵਿਅਰਥ ਦੱਸਿਆ ਗਿਆ ਹੈ ਜੋ ਦੁੱਖਾਂ ਦਾ ਕਾਰਨ ਬਣਦੇ ਹਨ। ਗੁਰੂ ਨਾਨਕ ਦੇਵ ਜੀ ਨੇ ਦੁਨੀਆਵੀ ਸੁੱਖ ਅਤੇ ਵਡਿਆਈ ਦੇਣ ਵਾਲੇ ਭੌਤਿਕਵਾਦੀ ਪਦਾਰਥਾਂ ਦੇ ਮੁਕਾਬਲੇ ਨਾਮ ਨੂੰ ਸਰਬਉੱਚ ਦੱਸਦੇ ਹੋਏ, ਇਨ੍ਹਾਂ ਪਦਾਰਥਾਂ ਨੂੰ ਉਸੇ ਹਾਲਤ ਵਿਚ ਪ੍ਰਵਾਨ ਕੀਤਾ ਹੈ

ਜੇਕਰ ਇਹ ਅਕਾਲ ਪੁਰਖ ਦੇ ਨਾਮ ਤੋਂ ਨਾਮ ਤੋਂ ਦੂਰ ਨਾ ਕਰਨ। ਮਹਾਨ ਕੋਸ਼ ਅਨੁਸਾਰ ਨਾਮ ਦਾ ਅਰਥ ਹੈ- *ਕਿਸੇ ਵਸਤੂ ਦਾ ਬੋਧ ਕਰਾਉਣ ਵਾਲਾ ਸ਼ਬਦ. ਜਿਸ ਕਰਕੇ ਅਰਥ ਜਾਣਿਆ ਜਾਵੇ, ਸੋ ਨਾਮ ਹੈ... ਗੁਰਬਾਣੀ ਵਿਚ "ਨਾਮ" ਕਰਤਾਰ ਅਤੇ ਉਸ ਦਾ ਹੁਕਮ ਬੋਧਕ ਸ਼ਬਦ ਭੀ ਹੈ।* ਭਾਈ ਵੀਰ ਸਿੰਘ ਅਨੁਸਾਰ ਨਾਮ ਉਹ ਹੈ *ਜਿਸ ਦਾ ਅਭਯਾਸ ਕੀਤਾ ਜਾਵੇ, ਪਰਮੇਸ਼ਰ ਦਾ ਨਾਮ, ਪਰਮੇਸ਼ਰ ਦੇ ਨਾਮ ਤੋਂ ਤਾਤਪਰਜ ਉਸਦੇ ਨਾਮ ਦਾ, ਉਸਦੇ ਗੁਣਾਂ ਦਾ, ਧਿਆਨ ਕਰਕੇ ਅਭਯਾਸ ਕਰਨ ਤੋਂ ਹੈ ਜਿਸ ਕਰਕੇ ਅੰਤਹਕਰਣ ਦੀ ਸ਼ੁੱਧੀ ਅਰ ਨਾਮ ਦੀ ਪ੍ਰਾਪਤੀ ਹੁੰਦੀ ਹੈ।* ਭਾਈ ਜੋਧ ਸਿੰਘ ਨਾਮ ਦੀ ਪਰਿਭਾਸ਼ਾ ਦਿੰਦੇ ਲਿਖਦੇ ਹਨ- *ਨਾਮ ਨਿਰੰਕਾਰ ਦਾ ਉਹ ਸਰੂਪ ਹੈ, ਜਿਸ ਦੁਆਰਾ ਉਹ ਸਾਰੇ ਬ੍ਰਹਿਮੰਡ ਵਿਚ ਵਿਆਪਕ ਹੋ ਕੇ ਉਸ ਨੂੰ ਧਾਰ ਰਿਹਾ ਹੈ। ਨਾਮ ਨਾਮੀ ਦੇ ਗੁਣਾਂ ਦਾ ਸਾਕਾਰ ਰੂਪ ਹੈ, ਜਿਸ ਦੁਆਰਾ ਨਾਮੀ ਅਰਥਾਤ ਪਰਮਾਤਮਾ ਦੇ ਅਸਤਿੱਤਵ ਦਾ ਬੋਧ ਹੈ।* ਡਾ. ਤਾਰਨ ਸਿੰਘ ਨੇ ਨਾਮ ਨੂੰ ਸਰਬ ਵਿਆਪਕ ਸ਼ਕਤੀ ਕਿਹਾ ਹੈ ਜੋ ਹਰ ਥਾਂ ਭਰਪੂਰ ਹੋ ਕੇ ਘਟ ਘਟ ਉਧਾਰ ਰਹੀ ਹੈ।

**4.5.5 ਹੁਕਮ**

ਸਾਧਾਰਨ ਭਾਸ਼ਾ ਵਿਚ ਹੁਕਮ ਕਿਸੇ ਆਗਿਆ ਦਾ ਲਖਾਇਕ ਹੈ। ਪਰਮ ਸੱਤਾ ਦੇ ਸੰਬੰਧ ਵਿਚ ਹੁਕਮ ਨੂੰ ਉਸ ਦੀ ਦੈਵੀ ਆਗਿਆ ਨਾਲ ਜੋੜਿਆ ਜਾਂਦਾ ਹੈ ਜਿਸ ਦੇ ਅਧੀਨ ਸਮੁੱਚੀ ਕਾਇਨਾਤ ਚੱਲ ਰਹੀ ਹੈ। ਕੁਰਆਨ ਮਜੀਦ ਵਿਚ ਅੱਲਾਹ ਦੇ ਹੁਕਮ ਦੀ ਸਮਰੱਥਾ ਬਾਰੇ ਕਿਹਾ ਗਿਆ ਹੈ ਕਿ ਉਹ ਜੋ ਹੁਕਮ ਦਿੰਦਾ ਹੈ, ਉਹ ਹੋ ਜਾਂਦਾ ਹੈ। ਬਾਈਬਲ ਅਨੁਸਾਰ ਯਹੋਵਾਹ ਪਰਮੇਸ਼ਰ ਦੇ ਹੁਕਮਾਂ ਦੀ ਪਾਲਣਾ ਕਰਨ ਵਾਲੇ ਹਮੇਸ਼ਾ ਖੁਸ਼ ਰਹਿੰਦੇ ਹਨ। ਸਿੱਖ ਧਰਮ ਵਿਚ ਪਰਮਾਤਮਾ ਦੇ ਹੁਕਮ ਦੇ ਮਹੱਤਵ ਦਾ ਅੰਦਾਜ਼ਾ ਇਸੇ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਆਰੰਭ ਵਿਚ ਹੀ ਜਪੁ ਬਾਣੀ ਦੀ ਦੂਸਰੀ ਪਉੜੀ ਵਿਚ ਰੱਬੀ ਹੁਕਮ ਦੀ ਸਾਰਥਕਤਾ ਨੂੰ ਦਰਸਾਇਆ ਗਿਆ ਹੈ। ਆਸਾ ਕੀ ਵਾਰ ਵਿਚ ਰੱਬੀ ਹੁਕਮ ਨੂੰ ਸ੍ਰਿਸ਼ਟੀ ਸੰਚਾਲਨ ਦੇ ਅਨੁਸ਼ਾਸ਼ਨੀ ਨਿਯਮ ਵਜੋਂ ਸਥਾਪਿਤ ਕੀਤਾ ਗਿਆ ਹੈ ਜਿਸ ਅਨੁਸਾਰ ਸਮੁੱਚੀ ਸ੍ਰਿਸ਼ਟੀ ਵਿਚ ਕੁੱਝ ਵੀ ਉਸ ਰੱਬੀ ਹੁਕਮ ਤੋਂ ਬਾਹਰ ਨਹੀਂ ਹੈ। ਪਰਮਾਤਮਾ ਦੇ ਹੁਕਮ ਅਨੁਸਾਰੀ ਚੱਲਣ ਵਾਲਾ ਜੀਵ ਉਸ ਦੇ ਦਰ 'ਤੇ ਕਬੂਲ ਹੋ ਜਾਂਦਾ ਹੈ। ਡਾ. ਤਾਰਨ ਸਿੰਘ ਨੇ ਹੁਕਮ ਨੂੰ ਕਾਨੂੰਨ ਅਤੇ ਨਿਯਮ ਦੇ ਅਰਥਾਂ ਵਿਚ ਪੇਸ਼ ਕੀਤਾ ਹੈ ਪਰੰਤੂ ਡਾ. ਬਲਕਾਰ ਸਿੰਘ ਨੇ ਹੁਕਮ ਨੂੰ ਕਾਨੂੰਨ ਨਾ ਮੰਨਦੇ ਹੋਏ ਲਿਖਦੇ ਹਨ- ਹੁਕਮ ਅਤੇ ਮਨੁੱਖ ਦਾ ਸੰਦਰਭ ਮਾਨਵ-ਸਿਰਜਿਤ ਨਹੀਂ ਹੈ ਇਸ ਲਈ ਹੁਕਮ ਨੂੰ ਕਾਨੂੰਨ ਪ੍ਰਵਾਨਿਤ ਨਹੀਂ ਕੀਤਾ ਗਿਆ। ਹੁਕਮ ਦੀ ਪਾਲਣਾ ਹੁਕਮ ਨੂੰ ਬੂਝਣ ਵਿਚ ਹੈ। ਬੂਝ ਪ੍ਰਾਪਤੀ ਵਾਸਤੇ ਇੰਦ੍ਰਾਵੀ ਸਾਧਨਾਂ ਸਮਰਪਣ ਨੂੰ ਸਾਧਨ ਪ੍ਰਵਾਨ ਕੀਤਾ ਹੋਇਆ ਹੈ। ਸਮਰਪਣ ਵਿਚ ਕਿਸੇ ਕਿਸਮ ਦਾ ਇੰਦ੍ਰਾਵੀ ਜਾਂ ਸਰੀਰਕ ਦਮਨ ਜ਼ਰੂਰੀ ਨਹੀਂ ਬਲਕਿ ਸਮਰਪਣ ਹਉਮੈ ਦਾ ਕਰਨਾ ਹੈ।

**4.6 ਸਾਰ**

ਸਾਰ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਸਿੱਖ ਥਿਓਲੋਜੀ ਕੋਲ ਉਹ ਸਾਰੇ ਆਧਾਰ ਹਨ ਜਿਹੜੇ ਕਿ ਧਰਮ-ਵਿਗਿਆਨ ਲਈ ਲੋੜੀਂਦੇ ਹਨ। ਸਿੱਖ ਧਰਮ ਨੂੰ ਸਾਹਮਣੇ ਰੱਖ ਕੇ ਆਧੁਨਿਕ ਖੋਜ ਵਿਧੀ ਦੇ ਆਧਾਰ ਉਤੇ ਸਾਰੇ ਪਾਸੇ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਜਿਥੇ ਪੱਛਮੀ ਦੇਸ਼ਾਂ ਵਿਚ ਵਿਅਕਤੀਗਤ ਪੱਧਰ ਤੇ ਵਿਦਵਾਨ ਆਪਣੀ ਰੁਚੀ ਮੁਤਾਬਿਕ ਸਿੱਖ ਧਰਮ ਅਤੇ ਸਿੱਖ ਇਤਿਹਾਸ ਦੇ ਵੱਖ ਵੱਖ ਵਿਸ਼ਿਆਂ ਤੇ ਆਪਣੇ ਖੋਜ ਕਾਰਜ ਪ੍ਰਸਤੁਤ ਕਰ ਰਹੇ ਹਨ, ਉਥੇ ਭਾਰਤ ਵਿਚ ਸੰਸਥਾਗਤ ਪੱਧਰ 'ਤੇ ਇਹ ਕੰਮ ਹੋ ਰਿਹਾ ਹੈ। ਫਲਸਰੂਪ, ਸਿੱਖ ਧਰਮ ਅਧਿਐਨ ਦੇ ਖੇਤਰ ਵਿਚ ਵੀ ਮਹੱਤਵਪੂਰਨ ਵਾਧਾ ਹੋਇਆ ਹੈ। ਇਨ੍ਹਾਂ ਕੰਮਾਂ ਦੇ ਫਲਸਰੂਪ ਸਾਡੇ ਸਾਹਮਣੇ ਸਿੱਖ ਅਧਿਐਨ ਦੀਆਂ ਸਮੱਸਿਆਵਾਂ ਅਤੇ ਉਨ੍ਹਾਂ ਦੇ ਅਧਿਐਨ ਲਈ ਅਪਣਾਈਆਂ ਗਈਆਂ ਪਹੁੰਚ ਵਿਧੀਆਂ ਅਤੇ ਉਸ ਤੋਂ ਪ੍ਰਾਪਤ ਸਿੱਟਿਆਂ ਤੇ ਅਨੇਕਾਂ ਮੱਤਭੇਦ ਵੀ ਪੈਦਾ ਹੋ ਗਏ ਹਨ। ਉਪਰੋਕਤ ਪ੍ਰਸਥਿਤੀਆਂ ਨੂੰ ਮੁੱਖ ਰੱਖਦਿਆਂ ਹੋਇਆਂ ਸਿੱਖ ਵਿਦਵਾਨਾਂ ਲਈ ਇਹ ਲਾਜ਼ਮੀ ਬਣ ਗਿਆ ਹੈ ਕਿ ਉਹ ਆਧੁਨਿਕ ਅਤੇ ਵਿਗਿਆਨਕ ਖੋਜ ਵਿਧੀਆਂ ਦੀ ਸਹਾਇਤਾ ਨਾਲ ਆਪਣੇ ਵਿਸ਼ਿਆਂ ਤੇ ਖੋਜ ਕਰਕੇ ਸਿੱਖ ਅਧਿਐਨ ਦੇ ਖੇਤਰ ਵਿਚ ਨਾ ਕੇਵਲ ਵਾਧਾ ਕਰਨ ਬਲਕਿ ਨਵੀਆਂ ਸਮੱਸਿਆਵਾਂ ਨੂੰ ਹੱਲ ਵੀ ਕਰਨ।

**4.7 ਪੜ੍ਹਣਯੋਗ ਪੁਸਤਕਾਂ**


- ਆਹਲੂਵਾਲੀਆ, ਜਸਬੀਰ ਸਿੰਘ, *ਸਿੱਖ ਫ਼ਲਸਫ਼ੇ ਦੀ ਭੂਮਿਕਾ*, ਰਘਬੀਰ ਰਚਨਾ ਪ੍ਰਕਾਸ਼ਨ, ਅੰਮ੍ਰਿਤਸਰ,
- ਸਰਬਜਿੰਦਰ ਸਿੰਘ (ਡਾ.), *ਮਰਣੁ ਕਬੂਲਿ,* ਸਿੱਖ ਫਾਊਂਡੇਸ਼ਨ, ਦਿੱਲੀ, .
- ਸਿਮਰਜੀਤ ਸਿੰਘ (ਸੰਪਾ.), *ਗੁਰਮਤਿ-ਦਰਸ਼ਨ ਅਤੇ ਸਿੱਖ-ਸੱਭਿਆਚਾਰ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ,
- ਸ਼ੇਰ ਸਿੰਘ, *ਗੁਰਮਤਿ ਦਰਸ਼ਨ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ,
- ਹਰਜੋਤ ਕੌਰ, (ਡਾ.), *ਗੁਰਮਤਿ ਦੇ ਪ੍ਰਮੁੱਖ ਸੰਕਲਪ,* ਗੁਰਮਤਿ ਪ੍ਰਕਾਸ਼ਨ, ਪਟਿਆਲਾ,
- ਗੁਰਨੇਕ ਸਿੰਘ, (ਡਾ.), *ਸ੍ਰੀ ਗੁਰੂ ਗ੍ਰੰਥ ਸਾਹਿਬ ਵਿਆਖਿਆ ਤੇ ਸ਼ੰਦੇਸ਼,* ਗੁਰਮਤਿ ਪ੍ਰਕਾਸ਼ਨ, ਪਟਿਆਲਾ,
- ਜਗਜੀਤ ਸਿੰਘ, *ਸਿੱਖ ਇਨਕਲਾਬ*, ਬਾਹਰੀ ਪਬਲੀਕੇਸ਼ਨ ਪ੍ਰਾਈਵੇਟ ਲਿਮਟਿਡ, ਨਵੀਂ ਦਿੱਲੀ,
- ਜੋਧ ਸਿੰਘ, *ਗੁਰਮਤਿ ਨਿਰਣਯ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ,
- ਦਰਸ਼ਨ ਸਿੰਘ, (ਡਾ.), *ਧਰਮ ਅਧਿਐਨ ਅਤੇ ਸਿੱਖ ਅਧਿਐਨ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ,
- ਪ੍ਰਤਾਪ ਸਿੰਘ (ਗਿ.), *ਸਿੱਖ ਫ਼ਿਲਾਸਫ਼ੀ*, ਸਿੰਘ ਬ੍ਰਦਰਜ਼, ਅੰਮ੍ਰਿਤਸਰ,

- ਬੇਅੰਤ ਕੌਰ, *ਸਿੱਖ ਧਰਮ-ਸ਼ਾਸਤਰ ਦਾ ਤੱਤ ਸਾਰ* (ਉਤਰ-ਆਧੁਨਿਕ ਪਰਿਪੇਖ), ਚੇਤਨਾ ਪ੍ਰਕਾਸ਼ਨ, ਲੁਧਿਆਣਾ,
- ਵਜ਼ੀਰ ਸਿੰਘ, *ਸਿੱਖ ਦਰਸ਼ਨਧਾਰਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, .
- *ਵਿਸ਼ਵ ਧਰਮ ਬਾਨੀ, ਗ੍ਰੰਥ ਸੰਪ੍ਰਦਾਇ ਅਤੇ ਚਿੰਤਕ (ਚਾਰ ਭਾਗ)* ਸਰਬਜਿੰਦਰ ਸਿੰਘ, ਡਾ. (ਸੰਪਾ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

### 4.8 ਅਭਿਆਸ ਲਈ ਪ੍ਰਸ਼ਨ

### ਛੋਟੇ ਪ੍ਰਸ਼ਨ

1. ਥਿਓਲੋਜੀ ਸ਼ਬਦ ਤੋਂ ਤੁਹਾਡਾ ਕੀ ਭਾਵ ਹੈ?
2. ਸਿੱਖ ਥਿਓਲੋਜੀ ਤੋਂ ਤੁਹਾਡਾ ਕੀ ਭਾਵ ਹੈ?
3. ਧਰਮ ਵਿਗਿਆਨ ਦੇ ਸਰੂਪ ਅਤੇ ਪ੍ਰੀਭਾਸ਼ਾ ਨੂੰ ਵਰਣਨ ਕਰੋ।
4. ਧਰਮ ਵਿਗਿਆਨ ਤੋਂ ਤੁਸੀਂ ਕੀ ਅਰਥ ਸਮਝਦੇ ਹੋ?
5. ਜੈਨ ਧਰਮ ਸ਼ਾਸਤਰ ਬਾਰੇ ਵਿਆਖਿਆ ਕਰੋ।
6. ਡਾ. ਅਨੰਦ ਸਪੈਂਸਰ ਨੇ ਤ੍ਰੀਏਕਤਾ ਨੂੰ ਕਿਵੇਂ ਪ੍ਰਭਾਸ਼ਿਤ ਕੀਤਾ ਹੈ?
7. ਇਸਲਾਮੀ ਧਰਮ ਸ਼ਾਸਤਰ ਦੇ ਪੰਜ ਮੂਲ ਸਤੰਭ ਬਾਰੇ ਲਿਖੋ।
8. ਪਰਮ ਸੱਤਾ ’ਤੇ ਨੋਟ ਲਿਖੋ।

### ਵੱਡੇ ਪ੍ਰਸ਼ਨ

9. ਪੱਛਮੀ ਧਰਮਾਂ ਵਿਚ ਧਰਮ-ਵਿਗਿਆਨ ਦੇ ਸੰਕਲਪਾਂ ਦਾ ਵਿਸਥਾਰ ਸਹਿਤ ਵਰਣਨ ਕਰੋ।
10. ਬੁੱਧ ਧਰਮ ਸ਼ਾਸਤਰ ’ਤੇ ਨੋਟ ਲਿਖੋ।
11. ਸਿੱਖ ਧਰਮ ਵਿਗਿਆਨ ਬਾਰੇ ਤੁਸੀਂ ਕੀ ਜਾਣਦੇ ਹੋ? 100 ਸ਼ਬਦਾਂ ਵਿਚ ਉੱਤਰ ਦਿਓ।
12. ਸਿੱਖ ਧਰਮ ਵਿਗਿਆਨ ਦੇ ਮੁੱਖ ਸੰਕਲਪਾਂ ਦਾ ਵਰਣਨ ਕਰੋ।

5.0 ਉਦੇਸ਼

5.1 ਜਾਣ-ਪਛਾਣ

5.2 ਧਰਮ ਦੀ ਪਰਿਭਾਸ਼ਾ

5.3 ਧਰਮ ਨੂੰ ਚੁਣੋਤੀਆਂ

# ONE YEAR DIPLOMA IN SIKH THEOLOGY

## SEMESTER I

## COURSE :THEOLOGY AND SIKH THEOLOGY: NATURE AND SCOPE

---

## UNIT 5-CHALLENGES TO RELIGION

---

**STRUCTURE**

5.0 ਉਦੇਸ਼

5.1 ਜਾਣ-ਪਛਾਣ

5.2 ਧਰਮ ਦੀ ਪਰਿਭਾਸ਼ਾ

5.3 ਧਰਮ ਨੂੰ ਚੁਣੋਤੀਆਂ

5.3.1 ਧਾਰਮਿਕ ਕੱਟੜਤਾ

5.3.2 ਪਦਾਰਥਵਾਦੀ ਯੁਗ

5.3.3 ਧਾਰਮਿਕ ਅੰਧਵਿਸ਼ਵਾਸ

5.3.4 ਵਿਗਿਆਨ ਅਤੇ ਸ਼ਿਲਪ ਵਿਗਿਆਨ

5.3.5 ਜੀਵਨ ਦਾ ਪਦਾਰਥਵਾਦੀ ਦਰਸ਼ਨ

5.3.6 ਅਸਹਿਣਸ਼ੀਲਤਾ

5.3.7 ਵਿਸ਼ਵੀਕਰਨ

5.3.8 ਧਾਰਮਿਕ ਪਾਖੰਡ

5.3.9 ਧਰਮ ਨਿਰਪੇਖੀਕਰਨ

5.4 ਸਾਰ

5.5 ਪੜ੍ਹਣਯੋਗ ਪੁਸਤਕਾਂ

5.6 ਅਭਿਆਸ ਲਈ ਪ੍ਰਸ਼ਨ

**5.0 ਉਦੇਸ਼**

ਹਥਲੇ ਪੇਪਰ ਦਾ ਉਦੇਸ਼ ਆਧੁਨਿਕ ਯੁਗ ਵਿਚ ਧਰਮ ਸਾਹਵੇਂ ਆ ਰਹੀਆਂ ਚੁਣੌਤੀਆਂ ਬਾਰੇ ਪਾਠਕਾਂ ਅਤੇ ਖੋਜਾਰਥੀਆਂ ਨੂੰ ਆਗਾਤ ਕਰਾਉਣਾ ਹੈ।

**5.1 ਜਾਣ ਪਛਾਣ**

ਮਨੁਖੀ ਜੀਵਨ ਦੇ ਵਰਤਾਰੇ ਵਿਚ ਧਰਮ ਸਭ ਤੋਂ ਪ੍ਰਮੁਖ ਹੈ। ਇਹ ਇਕ ਐਸੀ ਸ਼ਕਤੀ ਹੈ ਜਿਸ ਨੇ ਸਭ ਤੋਂ ਜਿਆਦਾ ਮਨੁਖ ਨੂੰ ਪ੍ਰਭਾਵਿਤ ਕੀਤਾ ਹੈ। ਮਨੁੱਖੀ ਜੀਵਨ ਦੀ ਸ਼ੁਰੂਆਤ ਹੀ ਧਰਮ ਤੋਂ ਹੁੰਦੀ ਹੈ ਯਾਨੀ ਕਿ ਜਨਮ ਤੋਂ ਹੀ ਧਰਮ ਮਨੁੱਖ ਨੂੰ ਪ੍ਰਭਾਵਿਤ ਕਰਨਾ ਸ਼ੁਰੂ ਕਰ ਦਿੰਦਾ ਅਤੇ ਅੰਤ ਸਮੇਂ ਤੱਕ ਪ੍ਰਭਾਵਤ ਕਰਦਾ ਰਹਿੰਦਾ ਹੈ। ਬੱਚੇ ਦਾ ਨਾਮ, ਵਿਆਹ ਅਤੇ ਹੋਰ ਸਭ ਰਸਮਾਂ ਧਰਮ ਦੁਆਰਾ ਦਸੇ ਰਿਵਾਜਾਂ ਦੇ ਅਨੁਸਾਰ ਹੀ ਹੁੰਦੀਆਂ ਹਨ। ਧਰਮ ਤੋਂ ਹੀ ਬੱਚਾ ਆਪਣੇ ਆਲੇ ਦੁਆਲੇ ਵਿਚ ਵੇਖਣ ਸਬੰਧੀ

ਕਦਰਾਂ ਕੀਮਤਾਂ ਸਿੱਖਦਾ ਹੈ। ਮੁਕਦੀ ਗੱਲ ਇਹ ਹੈ ਕਿ ਸ਼ਾਇਦ ਹੀ ਮਨੁੱਖੀ ਜ਼ਿੰਦਗੀ ਦਾ ਕੋਈ ਸਮਾਂ ਅਜਿਹਾ ਹੋਇਆ ਹੋਵੇਗਾ ਜਦੋਂ ਧਰਮ ਨੇ ਮਨੁੱਖ ਨੂੰ ਪ੍ਰਭਾਵਤ ਨਾ ਕੀਤਾ ਹੋਵੇ। ਜੇਕਰ ਮਨੁੱਖੀ ਜੀਵਨ ਨੂੰ ਧਰਮ ਨਿਰਧਾਰਿਤ ਕਿਹਾ ਜਾਵੇ ਤਾਂ ਇਸ ਵਿਚ ਕੋਈ ਅਤਕਥਨੀ ਨਹੀਂ ਹੋਵੇਗੀ। ਪੁਰਾਤਨ ਸਮਿਆਂ ਵਿਚ ਚਾਰ ਪਦਾਰਥਾਂ ਦੀ ਚਰਚਾ ਜੀਵਨ ਦੇ ਉਦੇਸ਼ ਵਜੋਂ ਕਾਫੀ ਹੋਈ ਹੈ। ਜਿਵੇਂ- ਧਰਮ, ਅਰਥ, ਕਾਮ, ਮੋਖ ਆਦਿ। ਪਰ ਅਜੋਕੇ ਸਮੇਂ ਧਰਮ ਅਤੇ ਅਰਥ ਨੇ ਸਭ ਤੋਂ ਵੱਧ ਪ੍ਰਭਾਵਤ ਕੀਤਾ ਹੈ। ਕੋਈ ਸਮਾਂ ਸੀ ਜਦੋਂ ਮਨੁੱਖ ਮੋਖ (ਮੁਕਤੀ) ਪ੍ਰਾਪਤੀ ਲਈ ਸਾਰਾ ਜੀਵਨ ਸੰਜਮ, ਤਿਆਗੀ, ਤਪੱਸਵੀ ਬਣ ਕੇ ਬਤੀਤ ਕਰ ਦੇਣ ਵਿਚ ਪਰਮਾਰਥ ਸਮਝਦਾ ਸੀ ਪਰ ਅਜੋਕੇ ਸੰਸਾਰ ਦੀ ਅੰਧਾ-ਧੁੰਦ ਦੌੜ ਨੇ ਜਿੱਥੇ ਵਿਅਕਤੀ ਦਾ ਧਿਆਨ ਅਰਥ (ਧਨ ਪ੍ਰਾਪਤੀ) ਉੱਤੇ ਕੇਂਦਰਤ ਕਰ ਦਿੱਤਾ ਹੈ। ਉੱਥੇ ਨਾਲ ਹੀ ਨਾਲ ਧਰਮ ਨੂੰ ਸਮਝਣ ਸਮਝਾਉਣ ਪ੍ਰਤੀ ਵੀ ਰੁਚੀ ਵਿਚ ਵਾਧਾ ਹੋਇਆ ਹੈ। ਹਜ਼ਾਰਾਂ ਸਾਲਾਂ ਦੇ ਮਨੁੱਖੀ ਇਤਿਹਾਸ ਨੇ ਇਹ ਵੀ ਵੇਖ ਲਿਆ ਹੈ ਕਿ ਧਰਮ ਨੇ ਵਿਅਕਤੀ ਨੂੰ ਬੇਰਹਿਮ ਤੋਂ ਬੇਰਹਿਮ ਫੱਟ ਵੀ ਮਾਰੇ ਹਨ। ਉਸ ਦੀ ਅੰਦਰੂਨੀ ਕੁਰੂਪਤਾ ਅਤੇ ਬੇਕਿਰਕ ਬਦਨੀਅਤ ਨੂੰ ਵੀ ਧਾਰਮਿਕ ਜਨੂੰਨ ਰਾਹੀਂ ਉਜਾਗਰ ਕੀਤਾ ਗਿਆ ਹੈ ਪਰ ਨਾਲ ਹੀ ਨਾਲ ਇਹ ਅਤਿਕਥਨੀ ਨਹੀਂ ਕਿ ਪਿਆਰ ਨਾਲ ਪਰਸਪਰ ਮੇਲ ਜੋਲ ਵਧਾਉਣ ਵਾਲੇ ਇਕ ਦੂਜੇ ਨੂੰ ਦਿਲੋਂ ਲਾਗੇ ਲਾਉਣ ਵਾਲੇ ਕੰਮ ਵੀ ਧਰਮ ਦੇ ਨਾਂ ਥੱਲੇ ਹੀ ਹੋਏ ਹਨ। ਇਤਨੇ ਅਧਿਐਨ ਤੋਂ ਇਕ ਗੱਲ ਤਾਂ ਸਪਸ਼ਟ ਹੈ ਕਿ ਧਰਮ ਹਰ ਇਕ ਮਨੁੱਖ ਦੀ ਲੋੜ ਹੈ। ਧਰਮ ਤੋਂ ਬਗੈਰ ਮਨੁੱਖ ਸਮਾਜ ਵਿਚ ਕੁਝ ਵੀ ਕਰਨ ਦੇ ਸਮਰੱਥ ਨਹੀਂ ਹੋ ਸਕਦਾ। ਕਹਿਣ ਤੋਂ ਭਾਵ ਹਰ ਇਕ ਚੰਗੇ ਤੋਂ ਚੰਗੇ ਕੰਮ ਕਰਨ ਵਿਚ ਧਰਮ ਦਾ ਹੋਣਾ ਜ਼ਰੂਰੀ ਹੈ ਉੱਥੇ ਸਮਾਜ ਵਿਚ ਫੈਲੀਆਂ ਬੁਰਾਈਆਂ, ਕੁਰੀਤੀਆਂ ਆਦਿ ਪਿੱਛੇ ਵੀ ਧਰਮ ਦਾ ਹੱਥ ਮੰਨਿਆ ਗਿਆ ਹੈ। ਇਹ ਗੱਲ ਸੱਚ ਹੈ ਕਿ ਧਰਮ ਮਨੁੱਖ ਦਾ ਅਨਿੱਖੜਵਾਂ ਅੰਗ ਹੈ। ਸਮਾਜ ਵਿਚ ਰਹਿੰਦਾ ਜੀਅ ਧਰਮ ਤੋਂ ਬਗੈਰ ਅਧੂਰਾ ਹੈ। ਵਜ਼ੀਰ ਸਿੰਘ ਅਨੁਸਾਰ 'ਮਨੁੱਖੀ ਜੀਵਨ ਨੂੰ ਪ੍ਰਭਾਵਤ ਕਰਨ ਵਾਲੀਆਂ ਸ਼ਕਤੀਆਂ ਵਿਚ ਧਰਮ ਦਾ ਅਤਿ ਵਿਸ਼ੇਸ਼ ਸਥਾਨ ਹੈ। ਵਿਅਕਤੀ ਦੇ ਜਨਮ ਤੋਂ ਹੀ ਧਰਮ ਨਾਲ ਉਸ ਦੀ ਸਾਂਝ ਸ਼ੁਰੂ ਹੋ ਜਾਂਦੀ ਹੈ। ਉਸ ਦੇ ਪਰਿਵਾਰਕ ਅਤੇ ਸੱਭਿਆਚਾਰਕ ਜੀਵਨ ਵਿਚ ਧਰਮ ਦੇ ਕਈ ਇਕ ਤੱਤ ਇਸ ਤਰ੍ਹਾਂ ਰਚੇ ਹੁੰਦੇ ਹਨ ਕਿ ਸੁਭਾਵਕ ਰੂਪ ਵਿਚ ਉਹ ਇਨ੍ਹਾਂ ਦੀ ਧਾਰਮਕ ਅੰਸ਼ ਸਬੰਧੀ ਸੁਚੇਤ ਨਹੀਂ ਹੁੰਦਾ। ਉਸ ਦਾ ਘਰੋਗੀ ਵਾਤਾਵਰਨ ਧਰਮ ਪ੍ਰੇਰਤ ਮੁਹਾਵਰੇ ਵਾਕੰਸ਼ਾਂ ਨਾਲ ਓਤ ਪੋਤ ਹੁੰਦਾ ਹੈ। ਕਈ ਧਾਰਮਿਕ ਅਕੀਦੇ ਤੇ ਵਿਸਵਾਸ, ਮਨੌਤਾਂ ਤੇ ਸੇਧਾਂ ਉਹ ਆਪਣੇ ਵਾਯੂਮੰਡਲ ਵਿੱਚੋਂ ਸੁਭਾਵਕ ਹੀ ਗ੍ਰਹਿਣ ਕਰ ਲੈਂਦਾ ਹੈ, ਜੋ ਉਸ ਦੀ ਜੀਵਨ ਜਾਚ ਦਾ ਅੰਗ ਬਣ ਜਾਂਦੇ ਹਨ। ਉਸ ਦਾ ਨਾਮਕਰਨ ਵੀ ਅਕਸਰ ਉਸ ਦੇ ਪਰਿਵਾਰਕ ਧਰਮ ਦੀ ਮਰਿਆਦਾ ਅਨੁਸਾਰ ਹੁੰਦਾ ਹੈ ਅਤੇ ਉਸ ਲਈ ਚੁਣਿਆ ਗਿਆ ਨਾਮ ਸਧਾਰਨ ਤੌਰ 'ਤੇ ਉਸ ਦੇ ਧਾਰਮਿਕ ਪਿਛੋਕੜ ਦਾ ਸੰਕੇਤ ਦੇ ਜਾਂਦਾ ਹੈ। ਇਸ ਵਿਚ ਕੋਈ ਅਤਕਥਨੀ ਨਹੀਂ ਕਿ ਵਿਅਕਤੀ ਦਾ ਜਗਤ ਪ੍ਰਵੇਸ਼ ਧਰਮ ਪ੍ਰਵੇਸ਼ ਵੀ ਹੈ। ਬੇਸ਼ੱਕ ਸੁਚੇਤ ਰੂਪ ਵਿਚ ਜੀਵਨ ਦੇ ਕਿਸੇ ਪੜਾਅ ਉੱਤੇ ਸਹਿਜ ਸੁਭਾ ਅਪਣਾਏ ਗਏ ਧਰਮ ਵੱਲੋਂ ਬੇਮੁਖ ਵੀ ਹੋ ਜਾਵੇ।' ਧਰਮ ਦਾ ਘੇਰਾ ਬਹੁਤ ਹੀ ਵਿਸ਼ਾਲ ਹੈ। ਮਨੁੱਖ ਦੇ ਜਨਮ ਤੋਂ ਲੈ ਕੇ ਮਰਨ ਤਕ ਦੀਆਂ ਸਾਰੀਆਂ ਰਸਮਾਂ, ਰੀਤੀ ਰਿਵਾਜ ਆਦਿ ਸਭ ਧਰਮ ਦੇ ਖੇਤਰ ਧਰਮ ਦੇ ਘੇਰੇ ਵਿਚ ਹੀ ਆ ਜਾਂਦੇ ਹਨ। ਡਾ ਦਰਸ਼ਨ ਸਿੰਘ ਲਿਖਦੇ ਹਨ 'ਵਿਆਖਿਆ ਵਰਣਨ ਬੁੱਧੀ ਦੇ ਘੇਰੇ ਦਾ ਕਾਰਜ ਹੈ ਜਦੋਂਕਿ ਧਰਮ ਬੁੱਧੀ ਦੇ ਸੀਮਤ ਘੇਰੇ ਤੋਂ ਕਿਤੇ ਵਿਆਪਕ ਅਤੇ ਅਥਾਹ ਗਹਿਰਾਈਆਂ ਤਕ ਵਿਆਪਕ ਵਿਆਪਤ ਹੁੰਦਾ ਹੈ। ਧਰਮ ਦੇ ਕੇਂਦਰੀ ਤੱਤ ਨੂੰ ਅਨੰਤ, ਅਸੀਮ, ਅਕਾਲ, ਅਗਿਆਤ, ਅਗੰਮ ਅਪਹੁੰਚ ਆਦਿ ਨਕਾਰਾਤਮਕ ਵਿਧੀ ਦੁਆਰਾ ਵਰਣਨ ਕਰਨ ਦੇ ਆਮ ਯਤਨ ਧਰਮ ਦੀ ਅਜਿਹੀ ਪ੍ਰਕਿਰਤੀ ਦੇ ਲਖਾਇਕ ਹਨ। ਧਰਮ ਦੇ ਗਿਆਨ ਸਬੰਧੀ ਇਹ ਧਰਨਾ ਲਗਪਗ ਸਰਵ ਪ੍ਰਮਾਣਿਤ ਹੈ ਕਿ ਬੌਧਿਕ ਵਿਧੀ ਰਾਹੀਂ ਪ੍ਰਾਪਤ ਬੁੱਧੀ ਦਾ ਗਿਆਨ ਨਹੀਂ ਹੁੰਦਾ। ਬੁੱਧੀ ਸ਼ਾਇਦ ਬੀਤੇ ਅਤੇ ਵਰਤਮਾਨ ਨੂੰ ਕੁਝ ਹੱਦ ਤੱਕ ਬਿਆਨ ਕਰ ਸਕਦੀ ਹੋਵੇ ਪ੍ਰੰਤੂ ਧਰਮ ਦੇ ਖੇਤਰ ਵਿਚ ਤਾਂ ਕਾਲ ਇਕ ਸੀਮਾ ਹੈ। ਬੁੱਧੀ ਮਨੁੱਖੀ ਸ਼ਖ਼ਸੀਅਤ ਦੇ ਚੇਤੇ ਪੱਖ ਨੂੰ ਕੁਝ ਹੱਦ ਤਕ ਜਾਣ ਸਕਦੀਆਂ ਪ੍ਰੰਤੂ ਧਰਮ ਤਾਂ ਮਨੁੱਖੀ ਸ਼ਖ਼ਸੀਅਤ ਦੇ ਚੇਤੰਨ, ਅਰਧ ਚੇਤਨ ਅਤੇ ਅਵਚੇਤਨ ਸਭ ਖੇਤਰਾਂ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ।' ਸੋ ਕਹਿਣ ਤੋਂ ਭਾਵ ਇਹ ਕਿ ਧਰਮ ਨੂੰ ਸਮਝਣ ਲਈ ਬੁੱਧੀ ਮੰਡਲ ਦੇ ਘੇਰੇ ਤੋਂ ਉੱਪਰ ਉੱਠ ਅਕਾਲ ਪੁਰਖ ਵਿਚ ਇਕ

ਮਿੱਕ ਹੋਣਾ ਪਵੇਗਾ ਤਾਂ ਧਰਮ ਬਾਰੇ ਕੁਝ ਸਮਝਿਆ ਜਾ ਸਕਦਾ ਹੈ ਨਹੀਂ ਤਾਂ ਕੇਵਲ ਬੁੱਧੀ ਮੰਡਲ ਵਿੱਚੋਂ ਉਪਜੇ ਹੋਏ ਗਿਆਨ ਨੂੰ ਹੀ ਧਰਮ ਦਾ ਸਰੂਪ ਦੱਸਣਾ ਗ਼ਲਤ ਬਿਆਨੀ ਹੋਵੇਗਾ।

## 5.2 ਧਰਮ ਦੀ ਪਰਿਭਾਸ਼ਾ

ਧਰਮ ਦੀ ਪਰਿਭਾਸ਼ਾ ਧਰਮ ਨੂੰ ਸਮਝਣ ਵਾਸਤੇ ਕਈ ਵਿਗਿਆਨੀਆਂ ਨੇ ਆਪੋ ਆਪਣੀ ਬੁੱਧੀ ਦੀ ਵਰਤੋਂ ਕਰਦਿਆਂ ਜੋ ਤੱਤ ਕੱਢੇ ਹਨ ਉਹ ਪਰਿਭਾਸ਼ਾ ਰੂਪ ਵਿਚ ਇਸ ਪ੍ਰਕਾਰ ਹੈ–

**J.G Frazer,** ਅਨੁਸਾਰ 'ਧਰਮ ਮਨੁੱਖ ਤੋਂ ਬਲਸ਼ਾਲੀ ਸ਼ਕਤੀਆਂ ਦੀ ਮੰਨਤ ਜਾਂ ਮਨੌਤ ਹੈ ਜ਼' ਕੁਦਰਤੀ ਚਾਲ ਅਤੇ ਮਨੁੱਖੀ ਜੀਵਨ ਨੂੰ ਨਿਰਦੇਸ਼ਿਤ ਅਤੇ ਸੰਚਾਲਤ ਕਰਦੀਆਂ ਮੰਨੀਆਂ ਜਾਂਦੀਆਂ ਹਨ।'

**F.H. Bradley** ਅਨੁਸਾਰ 'ਧਰਮ ਅਸਲ ਵਿਚ ਸਾਡੀ ਹਸਤੀ ਦੇ ਹਰੇਕ ਪੱਖ ਰਾਹੀਂ ਚੰਗਿਆਈ ਦੀ ਪੂਰਨ ਅਸਲੀਅਤ ਨੂੰ ਪ੍ਰਗਟ ਕਰਨ ਦਾ ਯਤਨ ਹੈ।'

**Mathew Arnold** ਅਨੁਸਾਰ 'ਧਰਮ ਭਾਵਨਾ ਦੁਆਰਾ ਉਤੇਜਿਤ ਪ੍ਰਚੰਡਿਤ ਅਤੇ ਜਗਾਇਆ ਸਦਾਚਾਰ ਹੈ।'

**C.P.Tiele** ਲਿਖਦਾ ਹੈ ਧਰਮ ਅਸਲ ਵਿਚ ਉਹ ਪਵਿੱਤਰ ਅਤੇ ਸਤਿਕਾਰ ਪੂਰਨ ਮਨ ਦਾ ਰੁਝਾਨ ਹੈ ਜਿਸ ਨੂੰ ਅਸੀਂ ਭਗਤੀ ਆਖਦੇ ਹਾਂ।'

ਹਥਲੇ ਪੇਪਰ ਦਾ ਮੁੱਖ ਵਿਸ਼ਾ ਧਰਮ ਨੂੰ ਪੇਸ਼ ਦਰਪੇਸ਼ ਚੁਨੌਤੀਆਂ ਨਾਲ ਸਬੰਧਤ ਹੈ ਪਰ ਚੁਣੌਤੀਆਂ ਤੋਂ ਪਹਿਲਾਂ ਸਾਨੂੰ ਇਹ ਸਮਝ ਲੈਣਾ ਜ਼ਰੂਰੀ ਹੋਵੇਗਾ ਕਿ ਧਰਮ ਕੀ ਹੈ? ਧਰਮ ਦੀ ਸ਼ੁਰੂਆਤ ਕਿਵੇਂ ਹੋਈ? ਧਰਮ ਦੀ ਪਰਿਭਾਸ਼ਾ ਵੱਖ ਵੱਖ ਵਿਦਵਾਨਾਂ ਨੇ ਕੀ ਆਂਕੀ ਹੈ? ਇਕ ਗੱਲ ਤਾਂ ਸੱਚ ਹੈ ਦੁਨੀਆਂ 'ਤੇ ਬੇਸ਼ੱਕ ਅਨੇਕਾਂ ਧਰਮ ਹਨ, ਅਨੇਕਾਂ ਜਾਤੀ ਦੇ ਲੋਕ ਵਸ ਰਹੇ ਹਨ। ਉਨ੍ਹਾਂ ਵਿਚ ਜਾਤਿ, ਧਰਮ ਆਦਿ ਕਈ ਤਰ੍ਹਾਂ ਦੇ ਧਾਰਮਿਕ ਵਿਸ਼ਵਾਸ, ਰੀਤੀ ਰਿਵਾਜ, ਰਸਮਾਂ ਵੀ ਅਲੱਗ ਅਲੱਗ ਹਨ। ਇਹ ਨਹੀਂ ਕਿਹਾ ਜਾ ਸਕਦਾ ਕਿ ਕੁੱਲ ਕਾਇਨਾਤ ਨੂੰ ਇਕੋ ਧਰਮ ਦੇ ਵਿਚ ਬੰਦ ਕਰਕੇ ਰੱਖਿਆ ਜਾ ਸਕਦਾ ਹੈ। ਦੂਸਰਾ ਧਰਮ ਇਕ ਵਿਸ਼ਵਾਸ ਹੈ, ਇਕ ਸ਼ਰਧਾ ਹੈ, ਇਕ ਭਰੋਸਾ ਹੈ ਜੋ ਕਿ ਮਨੁੱਖ ਨੂੰ ਆਪਣੇ ਜਨਮ ਤੋਂ ਹੀ ਆਪਣੇ ਪਰਿਵਾਰ ਵਿੱਚੋਂ ਪ੍ਰਾਪਤ ਹੁੰਦਾ ਹੈ। ਉਕਤ ਦਰਸਾਏ ਗਏ ਤੱਥਾਂ ਤੋਂ ਉਲਟ ਜੇਕਰ ਕੋਈ ਸਮਾਜਿਕ ਪ੍ਰਾਣੀ ਸਮਾਜ ਵਿਚ ਹੈ ਤਾਂ ਉਹ ਧਰਮ ਤੋਂ ਕੋਹਾਂ ਦੂਰੀ 'ਤੇ ਹੈ। ਧਰਮ ਹਮੇਸ਼ਾਂ ਮਨੁੱਖੀ ਜੀਵਨ ਦਾ ਅਨਿੱਖੜਵਾਂ ਅੰਗ ਜ਼ਰੂਰ ਰਿਹਾ ਪ੍ਰੰਤੂ ਮਨੁੱਖੀ ਜੀਵਨ ਤੇ ਸਮਾਜ ਵਿਚ ਧਰਮ ਦਾ ਪ੍ਰਭਾਵ ਤੇ ਬੋਲਬਾਲਾ ਹਮੇਸ਼ਾ ਇਕਸਾਰ ਨਹੀਂ ਰਿਹਾ। ਬਦਲਦੇ ਹਾਲਾਤਾਂ ਤੇ ਪ੍ਰਸਥਿਤੀਆਂ ਵਿਚ ਜੀਵਨ ਵਿਚ ਧਰਮ ਦਾ ਪ੍ਰਭਾਵ ਤੇ ਪਕੜ ਬਦਲਦੇ ਰਹੇ ਹਨ। ਭਾਰਤੀ ਦਰਸ਼ਨ ਵਿਚ ਚਾਰ ਯੁੱਗਾਂ ਦੀ ਕਲਪਨਾ ਇਸੇ ਤੱਥ ਦੀ ਪੁਸ਼ਟੀ ਕਰਦੀ ਹੈ ਕਿ ਮਨੁੱਖੀ ਜੀਵਨ ਤੇ ਸਮਾਜ ਵਿਚ ਧਰਮ ਦਾ ਅਸਰ ਬਦਲਦਾ ਰਿਹਾ ਹੈ। ਸਤਯੁੱਗ ਵਿਚ ਸਭ ਕੁਝ ਧਰਮ ਅਨੁਸਾਰ ਹੁੰਦਾ ਸੀ, ਤ੍ਰੇਤੇ-ਦੁਆਪਰ ਵਿਚ ਮਨੁੱਖੀ ਜੀਵਨ ਤੋਂ ਧਰਮ ਦੀ ਪਕੜ ਢਿੱਲੀ ਹੁੰਦੀ ਗਈ। ਕਲਯੁੱਗ ਵਿਚ ਧਾਰਮਿਕ ਕਦਰਾਂ ਕੀਮਤਾਂ ਅਤੇ ਵਿਸ਼ਵਾਸਾਂ ਉੱਤੇ ਧਰਮ ਵਿਰੋਧੀ ਪ੍ਰਭਾਵਾਂ ਦਾ ਜ਼ੋਰ ਸਭ ਸਮਿਆਂ ਤੋਂ ਵਧ ਗਿਆ। ਯਹੂਦੀ ਇਤਿਹਾਸ ਵਿਚ ਸ਼ਾਮਲ ਲੋਕਾਂ ਦੇ ਦੁੱਖ ਦਾ ਕਾਰਨ ਯਹੋਵਾ ਪ੍ਰਮਾਤਮਾ ਦੇ ਉਪਦੇਸ਼ਾਂ ਤੋਂ ਦੂਰ ਚਲੇ ਜਾਣਾ ਮੰਨਿਆ ਗਿਆ ਹੈ ਅਤੇ ਯਹੂਦੀ ਲੋਕਾਂ ਦੇ ਭਲੇ ਸਮੇਂ ਉਹੀ ਮੰਨੇ ਗਏ ਹਨ ਜਦੋਂ ਲੋਕੀ ਯਹੋਵਾ ਪਰਮਾਤਮਾ ਦੀਆਂ ਸਿੱਖਿਆਵਾਂ ਤੇ ਨਿਸ਼ਟਾ ਨਾਲ ਅਮਲ ਕਰਦੇ ਰਹੇ ਹਨ। ਇਨ੍ਹਾਂ ਦੋਵਾਂ ਉਦਾਹਰਣਾਂ ਤੋਂ ਸਪੱਸ਼ਟ ਹੈ ਕਿ ਮਨੁੱਖੀ ਜੀਵਨ ਵਿਚ ਧਰਮ ਦਾ ਪ੍ਰਭਾਵ ਹਮੇਸ਼ਾਂ ਇੱਕੋ ਜਿਹਾ ਨਹੀਂ ਰਹਿੰਦਾ। ਮਨੁੱਖੀ ਜੀਵਨ 'ਤੇ ਧਰਮ ਦੇ ਵਧਦੇ ਘਟਦੇ ਪ੍ਰਭਾਵਾਂ ਦੇ ਪ੍ਰਸੰਗ ਵਿਚ ਇਕ ਹੋਰ ਗੱਲ ਜਿਸਦਾ ਇੱਥੇ ਹੀ ਜ਼ਿਕਰ ਕਰ ਦੇਣਾ ਚਾਹੀਦਾ ਹੈ ਕਿ ਧਰਮ ਦਾ ਵਸਤੂ ਸੱਚ ਤੇ ਸਦੀਵੀ ਬਿਰਤੀ ਦਾ ਧਾਰਨੀ ਹੁੰਦਾ ਹੈ। ਕਾਲ ਵੀ ਧਰਮ ਦੀ ਕੋਈ ਹੱਦਬੰਦੀ ਨਹੀਂ ਹੁੰਦਾ।

ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ (1)

ਥਿਰੁ ਨਾਰਾਇਣੁ ਥਿਰੁ ਗੁਰੂ ਥਿਰੁ ਸਾਚਾ ਬੀਚਾਰੁ ॥ (934)

ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ ॥ (759)

ਆਦਿ ਗੁਰਬਾਣੀ ਦੀਆਂ ਪੰਕਤੀਆਂ ਤੋਂ ਅਨੁਮਾਨ ਲਗਾਇਆ ਜਾ ਸਕਦਾ ਹੈ ਪਰ ਇਸ ਦੇ ਉਲਟ ਦੁਨਿਆਵੀ ਅਤੇ ਪਦਾਰਥਵਾਦੀ ਜਗਤ ਨਾਲ ਜੁੜੇ ਮਨੋਰਥ ਧਰਮ ਵਾਂਗ ਸਦੀਵੀ ਨਾ ਹੋ ਕਰਕੇ ਥੋੜ੍ਹ ਚਿਰੀ ਬਿਰਤੀ ਵਾਲੇ ਹੁੰਦੇ ਹਨ। ਉਹ ਜਿਤਨੇ ਤੇਜ਼ੀ ਦੇ ਨਾਲ ਆਉਂਦੇ ਹਨ ਉਤਨੇ ਹੀ ਤੇਜ਼ੀ ਨਾਲ ਚਲੇ ਵੀ ਜਾਂਦੇ ਹਨ ਪਰ ਇਸ ਦੇ ਉਲਟ ਸਦੀਵੀ ਸੱਚ ਨਾਲ ਜੁੜੇ ਹੋਣ ਕਾਰਨ ਅਤੇ ਉਨ੍ਹਾਂ ਤੇ ਆਧਾਰਤ ਹੋਣ ਕਾਰਨ ਧਾਰਮਿਕ ਵਿਸ਼ਵਾਸ, ਕਦਰਾਂ ਕੀਮਤਾਂ, ਅਮਲ ਅਤੇ ਸੰਸਥਾਵਾਂ ਵਿਚ ਪਰਿਵਰਤਨ ਦੀ ਰਫ਼ਤਾਰ ਬਹੁਤ ਹੀ ਮੱਧਮ ਹੁੰਦੀ ਹੈ ਜਦੋਂਕਿ ਦੁਨਿਆਵੀ ਮਨੋਰਥਾਂ ਤੇ ਲੱਭਤਾਂ ਨਾਲ ਜੁੜੇ ਵਿਸ਼ਿਆਂ ਵਿਚ ਪਰਿਵਰਤਨ ਦੀ ਰਫ਼ਤਾਰ ਬਹੁਤ ਹੀ ਤੀਬਰ ਗਤੀ ਵਿਚ ਹੁੰਦੀ ਹੈ।

ਪਿੱਛੇ ਆਪਾਂ ਪੜ੍ਹ ਆਏ ਹਾਂ ਕਿ ਵੱਖ-ਵੱਖ ਸਮੇਂ ਜਾਂ ਵੱਖ-ਵੱਖ ਯੁੱਗਾਂ ਦੇ ਵਿਚ ਧਰਮ ਦਾ ਪਸਾਰ ਕਿਸ ਤਰ੍ਹਾਂ ਹੋਇਆ। ਸਤਯੁੱਗ ਵਿਚ ਹਰ ਪਾਸੇ ਸੱਤ ਹੀ ਸੱਤ, ਧਰਮ ਹੀ ਧਰਮ ਸੀ ਪਰ ਤ੍ਰੇਤੇ ਤੇ ਦੁਆਪਰ ਵਿਚ ਇਹ ਘਟ ਗਿਆ। ਇਸੇ ਤਰ੍ਹਾਂ ਕਲਯੁੱਗ ਵਿਚ ਆਉਂਦਿਆਂ-ਆਉਂਦਿਆਂ ਧਰਮ ਤੇ ਵਿਸ਼ਵਾਸ ਹੋਰ ਵੀ ਘਟਦਾ ਗਿਆ। ਆਧੁਨਿਕ ਯੁੱਗ ਨੂੰ ਵਿਗਿਆਨਕ ਯੁੱਗ ਜਾਂ ਪਦਾਰਥਵਾਦੀ ਯੁੱਗ ਵੀ ਕਿਹਾ ਜਾਂਦਾ ਹੈ ਕਿਉਂਕਿ ਇਸ ਸਮੇਂ ਮਨੁੱਖ ਨੇ ਆਪਣੀ ਬੁੱਧੀ ਦੇ ਆਧਾਰਭੂਤ ਅਨੇਕਾਂ ਐਸੀਆਂ ਖੋਜਾਂ ਕਰ ਦਿੱਤੀਆਂ। ਜਿਸ ਬਾਰੇ ਕਿਸੇ ਸਮੇਂ ਮਨੁੱਖ ਨੇ ਕਿਆਸ ਅਰਾਈਆਂ ਵੀ ਨਾ ਲਾਈਆਂ ਹੋਣ। ਐਸੀਆਂ ਵੱਡੀਆਂ ਖੋਜਾਂ ਵੀ ਹੋਈਆਂ ਜਿਸ ਨੇ ਮਨੁੱਖਾ ਜ਼ਿੰਦਗੀ ਨੂੰ ਬਿਲਕੁਲ ਬਦਲ ਕੇ ਰੱਖ ਦਿੱਤਾ। ਜਿੱਥੇ ਇਨ੍ਹਾਂ ਖੋਜਾਂ ਨੇ ਕੁੱਲ ਦੁਨੀਆਂ ਨੂੰ ਇਕ ਪਿੰਡ ਦੇ ਰੂਪ ਵਿਚ ਇਕੱਠਿਆਂ ਕਰ ਦਿੱਤਾ ਉੱਥੇ ਧਾਰਮਿਕ ਚਿੰਤਨ ਨੂੰ ਕਈ ਤਰ੍ਹਾਂ ਦੀਆਂ ਵੰਗਾਰਾਂ ਅਤੇ ਚੁਣੌਤੀਆਂ ਵੀ ਆ ਖੜ੍ਹੀਆਂ ਹੋਈਆਂ ਕਿਉਂਕਿ ਅਯੋਕੇ ਯੁੱਗ ਵਿਚ ਹਰ ਇਕ ਮਨੁੱਖ ਪਦਾਰਥ ਦੌੜ ਪਿੱਛੇ ਭੱਜ ਤੁਰਿਆ ਹੈ। ਪਦਾਰਥਕ ਜੀਵਨ ਦੀ ਤੇਜ਼ ਰਫ਼ਤਾਰ ਹੋਰ ਤੇਜ਼ ਹੁੰਦੀ ਜਾ ਰਹੀ ਹੈ ਉਥੇ ਵਕਤੀ ਤੌਰ ‘ਤੇ ਧਾਰਮਿਕ ਵਿਸ਼ਵਾਸਾਂ ਅਮਲਾਂ ਤੇ ਸੰਸਥਾਵਾਂ ਨੂੰ ਇਸ ਨੇ ਬਹੁਤ ਪਿਛਾਂਹ ਕਰ ਦਿੱਤਾ ਹੈ। ਡਾ. ਦਰਸ਼ਨ ਸਿੰਘ ਲਿਖਦੇ ਹਨ ‘ਧਰਮ ਦੇ ਸੱਚ ਦਾ ਸੂਰਜ ਵਿਗਿਆਨ ਤੇ ਸ਼ਿਲਪ ਵਿਗਿਆਨ ਦੀਆਂ ਲੱਭਤਾਂ ਦੇ ਧੂੰਏ ਰੰਗੇ ਬੱਦਲਾਂ ਓਹਲੇ ਆ ਗਿਆ ਜਾਪਦਾ ਹੈ। ਇਸ ਤਰ੍ਹਾਂ ਧਰਮ ਅਸਥਾਈ ਪ੍ਰੰਤੂ ਗੰਭੀਰ ਸੰਕਟਕਾਲ ਵਿੱਚੋਂ ਗੁਜ਼ਰ ਰਿਹਾ ਹੈ। ਆਧੁਨਿਕ ਸਮੇਂ ਵਿਚ ਧਰਮ ਸਾਹਮਣੇ ਚੁਣੌਤੀਆਂ ਦੇ ਕਈ ਰੂਪ ਗਿਣਾਏ ਜਾ ਸਕਦੇ ਹਨ-

### 5.3 <u>ਧਰਮ ਨੂੰ ਚੁਣੋਤੀਆਂ</u>

ਆਧੁਨਿਕ ਯੁੱਗ ਵਿਚ ਧਰਮ ਸਾਹਮਣੇ ਅਨੇਕਾਂ ਚੁਣੌਤੀਆਂ ਹਨ ਜਿਨ੍ਹਾਂ ਵਿਚੋਂ ਕੁਝ ਕੁ ਨੂੰ ਹੇਠ ਲਿਖੇ ਅਨੁਸਾਰ ਵਿਚਾਰਿਆ ਜਾ ਰਿਹਾ ਹੈ

**5.3.1 ਧਾਰਮਿਕ ਕੱਟੜਤਾ**

**5.3.2 ਪਦਾਰਥਵਾਦੀ ਯੁਗ**

**5.3.3 ਧਾਰਮਿਕ ਅੰਧਵਿਸ਼ਵਾਸ**

**5.3.4 ਵਿਗਿਆਨ ਅਤੇ ਸ਼ਿਲਪ ਵਿਗਿਆਨ**

**5.3.5 ਜੀਵਨ ਦਾ ਪਦਾਰਥਵਾਦੀ ਦਰਸ਼ਨ**

**5.3.6 ਅਸਹਿਣਸ਼ੀਲਤਾ**

**5.3.7 ਵਿਸ਼ਵੀਕਰਨ**

### 5.3.8 ਧਾਰਮਿਕ ਪਾਖੰਡ

### 5.3.9 ਧਰਮ ਨਿਰਪੇਖੀਕਰਨ

### 5.3.1 ਧਾਰਮਿਕ ਕੱਟੜਤਾ

ਕਿਸੇ ਵੀ ਖਿੱਤੇ ਤੇ ਧਰਮ ਲਈ ਧਾਰਮਿਕ ਕੱਟੜਤਾਵਾਦ ਬਹੁਤ ਖ਼ਤਰਨਾਕ ਹੈ ਕਿਉਂਕਿ ਅਜੋਕੇ ਸਮੇਂ ਵਿਚ ਵਿਗਿਆਨ ਦੀ ਅਸੀਮ ਤਰੱਕੀ ਨਾਲ ਸਮੁੱਚਾ ਵਿਸ਼ਵ ਇਕ ਪਿੰਡ ਰੂਪ ਵਿਚ ਸਾਡੇ ਸਾਹਮਣੇ ਹੈ। ਬੇਸ਼ੱਕ ਇਹ ਪਿੰਡ ਵਿਵਹਾਰਕਤਾ ਪੱਖੋਂ ਖੋਖਲਾ ਹੀ ਕਿਉਂ ਨਾ ਹੋਵੇ ਪਰ ਪਦਾਰਥਵਾਦੀ ਪਹੁੰਚ ਨੇ ਕੁਲ ਦੁਨੀਆਂ ਨੂੰ ਇੱਕੋ ਮੰਚ 'ਤੇ ਇਕੱਠਿਆਂ ਕਰ ਦਿੱਤਾ ਹੈ। ਇਸ ਸਮੇਂ ਧਾਰਮਿਕ ਕੱਟੜਤਾ ਕਿਸੇ ਵੀ ਧਰਮ ਲਈ ਵਿਨਾਸ਼ਕਾਰੀ ਬੂਟੀ ਤੋਂ ਘੱਟ ਨਹੀਂ। ਇੱਥੇ ਧਿਆਨ ਦੇਣ ਵਾਲੀ ਗੱਲ ਇਹ ਹੈ ਵੀ ਹੈ ਕਿ ਇੱਥੇ ਧਾਰਮਿਕ ਕੱਟੜਤਾ ਤੋਂ ਮਤਲਬ ਕਿਸੇ ਵੀ ਧਰਮ ਦੀ ਨਿਯਮਾਵਲੀ ਨਾਲ ਛੇੜ ਛਾੜ ਨਹੀਂ ਬਲਕਿ ਮੈਂ ਹੀ ਠੀਕ ਹਾਂ ਬਾਕੀ ਤਾਂ ਬਸ ਗਲਤ ਨੇ, ਮਸਲੇ ਵੱਲ ਇਸ਼ਾਰਾ ਹੈ। ਇਸ ਲਈ ਜ਼ਰੂਰੀ ਹੈ ਕਿ ਤੁਹਾਡੇ ਅੰਦਰੋਂ ਧਰਮ ਦੀ ਕੱਟੜਤਾ ਦੀ ਬਜਾਏ ਧਰਮ ਦੇ ਚੰਗੇ ਗੁਣਾਂ, ਸ਼ੁਭ ਗੁਣਾਂ ਦਾ ਭੰਡਾਰ ਹੋਵੇ। ਧਾਰਮਿਕ ਕੱਟੜਤਾ ਕਿਸੇ ਵੀ ਧਰਮ ਲਈ ਠੀਕ ਨਹੀਂ ਇਸ ਦੇ ਭਿਆਨਕ ਸਰੂਪ ਧਰਮਾਂ ਦੇ ਇਤਿਹਾਸ ਵਿੱਚੋਂ ਵੱਖ ਵੱਖ ਸਮੇਂ ਵੇਖੇ ਜਾ ਸਕਦੇ ਹਨ।

### 5.3.2 ਪਦਾਰਥਵਾਦੀ ਯੁਗ

ਅਜੋਕੇ ਯੁੱਗ ਵਿਚ ਵਿਗਿਆਨ ਦੀ ਸਹਾਇਤਾ ਨਾਲ ਮਨੁੱਖ ਨੇ ਇਤਨੀ ਤਰੱਕੀ ਕਰ ਲਈ ਕਿ ਉਨ੍ਹਾਂ ਮਨੁੱਖ ਨੂੰ ਵੀ ਮਸ਼ੀਨ ਹੀ ਬਣਾ ਕੇ ਰੱਖ ਦਿੱਤਾ। ਮਸ਼ੀਨ ਦਾ ਦਿਲ ਨਹੀਂ, ਉਸ ਅੰਦਰ ਪਿਆਰ ਨਹੀਂ, ਉਸ ਅੰਦਰ ਸਨੇਹ ਨਹੀਂ, ਉਸ ਅੰਦਰ ਹਲੇਮੀ ਨਹੀਂ, ਉਸ ਅੰਦਰ ਕੋਈ ਭਾਵਨਾ ਨਹੀਂ, ਉਸ ਅੰਦਰ ਅਪਣੱਤ ਨਹੀਂ, ਕਹਿਣ ਤੋਂ ਭਾਵ ਸਿਰਫ ਮਸ਼ੀਨ ਹੈ। ਮਸ਼ੀਨ ਤੋਂ ਸਿਰਫ ਤੇ ਸਿਰਫ ਕੰਮ ਲਿਆ ਜਾ ਸਕਦਾ ਹੈ। ਸਮਾਜ ਦੀਆਂ ਕਦਰਾਂ ਕੀਮਤਾਂ ਨਾਲ ਮਸ਼ੀਨ ਦਾ ਕੋਈ ਵਾਹ ਵਾਸਤਾ ਨਹੀਂ। ਹੁਣ ਵਿਗਿਆਨ ਨੇ ਮਨੁੱਖ ਨੂੰ ਹੀ ਮਸ਼ੀਨ ਬਣਾ ਦਿੱਤਾ ਹੈ। ਅੱਜਕੱਲ੍ਹ ਇਹ ਗੱਲ ਆਮ ਸੁਣਨ ਨੂੰ ਪ੍ਰਾਪਤ ਹੋ ਰਹੀ ਹੈ ਕਿ ਵਿਗਿਆਨੀਆਂ ਨੇ ਮਨੁੱਖ ਨੂੰ ਹੀ ਮਸ਼ੀਨ ਬਣਾ ਦਿੱਤਾ ਪਰ ਇਨ੍ਹਾਂ ਅੰਦਰੋਂ ਹਿਰਦਾ ਕੱਢ ਲਿਆ, ਪਿਆਰ ਕੱਢ ਲਿਆ। ਸੋ ਅਜੋਕੇ ਸਮੇਂ ਦੇ ਇਸ ਸੱਚ ਤੋਂ ਧਰਮ ਨੂੰ ਸਭ ਤੋਂ ਵੱਡੀਆਂ ਚੁਣੌਤੀਆਂ ਪੇਸ਼ ਆ ਰਹੀਆਂ ਹਨ। ਅੱਜਕੱਲ੍ਹ ਹਰ ਇਕ ਮਨੁੱਖ ਦੀ ਦੌੜ ਪਦਾਰਥ ਤਕ ਹੀ ਸੀਮਤ ਰਹਿ ਗਈ ਹੈ ਪਦਾਰਥ ਤੋਂ ਅੱਗੇ ਪਰਮਾਰਥ ਵੀ ਹੈ ਪਰ ਉਸ ਵੱਲ ਕੋਈ ਧਿਆਨ ਨਹੀਂ।

### 5.3.3 ਧਾਰਮਿਕ ਅੰਧਵਿਸ਼ਵਾਸ

ਬੇਸ਼ਕ ਧਰਮ ਮਨੁੱਖ ਦਾ ਅਨਿੱਖੜਵਾਂ ਅੰਗ ਰਿਹਾ ਸੀ, ਰਿਹਾ ਹੈ, ਅਤੇ ਰਹੇਗਾ ਵੀ। ਪਰ ਬਾਵਜੂਦ ਇਸ ਦੇ ਧਰਮ ਮਨੁੱਖ ਦੀ ਲੋੜ ਹੈ ਉੱਥੇ ਧਰਮ ਨੇ ਮਨੁੱਖ ਅੰਦਰ ਕਈ ਤਰ੍ਹਾਂ ਦੇ ਵਹਿਮ-ਭਰਮ ਆਦਿ ਵੀ ਪੈਦਾ ਕਰ ਦਿੱਤੇ ਹਨ। ਜਿਸ ਕਾਰਨ ਸਮਾਜ ਵਿਚ ਅੰਧਵਿਸ਼ਵਾਸ, ਧਾਰਮਿਕ ਮਨੌਤਾਂ ਆਦਿ ਦਾ ਪ੍ਰਚਲਣ ਵੀ ਸ਼ੁਰੂ ਹੋ ਗਿਆ। ਆਧੁਨਿਕ ਯੁੱਗ ਵਿਗਿਆਨ ਯੁੱਗ ਹੋਣ ਕਾਰਨ ਐਸੀਆਂ ਮਨੌਤਾਂ ਰੀਤਾਂ ਆਦਿ ਨੂੰ ਤਰਕ ਦੇ ਆਧਾਰ ਤੇ ਵੇਖਿਆ ਜਾਂਦਾ ਹੈ ਧਾਰਮਿਕ ਅੰਧ ਵਿਸ਼ਵਾਸ ਕਾਰਨ ਵੀ ਤਰਕਵਾਦੀ ਸਵਾਲ ਧਾਰਮਿਕ ਚਿੰਤਕਾਂ ਦੇ ਸਨਮੁਖ ਹੈ। ਸੋ ਧਾਰਮਿਕ ਚੁਣੌਤੀਆਂ ਵਿਚ ਧਾਰਮਿਕ ਅੰਧ ਵਿਸ਼ਵਾਸ ਵੀ ਹੈ

### 5.3.4 ਵਿਗਿਆਨ ਅਤੇ ਸ਼ਿਲਪ ਵਿਗਿਆਨ

ਵਿਗਿਆਨ ਅਤੇ ਸ਼ਿਲਪ ਵਿਗਿਆਨ ਦੀ ਪ੍ਰਗਤੀ ਅਤੇ ਲੱਭਤਾਂ ਨੇ ਧਰਤੀ ਉੱਤੇ ਵਸਦੇ ਮਨੁੱਖੀ ਜੀਵਨ ਦੀ ਕਾਇਆ ਕਲਪ ਹੀ ਕਰ ਦਿੱਤੀ ਹੈ। ਵਿਗਿਆਨ ਕਾਰਨ ਮਨੁੱਖੀ ਜੀਵਨ ਵਿਚ ਗੁਣਾਤਮਿਕ ਪਰਿਵਰਤਨ ਆਏ ਹਨ। ਵਿਗਿਆਨ ਨੇ ਉਹ ਕੁਝ ਸੱਚ ਕਰ ਵਿਖਾਇਆ ਹੈ ਜੋ ਕਦੀ ਮਨੁੱਖ ਨੇ

ਸੁਪਨਿਆਂ ਤੇ ਪਰੀ ਕਥਾਵਾਂ ਵਿਚ ਵੀ ਵੇਖਿਆ ਕਲਪਿਆ ਨਹੀਂ ਸੀ। ਵਿਗਿਆਨ ਨੇ ਇਸ ਧਰਤੀ ਦੇ ਵੱਖਰੇ ਵੱਖਰੇ ਖਿੱਤਿਆਂ ਵਿਚਲੀ ਅਤੇ ਸੌਰ ਮੰਡਲ ਦੇ ਵੱਖਰੇ ਵੱਖਰੇ ਗ੍ਰਿਹਾਂ ਵਿਚਲੀ ਦੂਰੀ ਤੇ ਵਿੱਥ ਨੂੰ ਖ਼ਤਮ ਕਰ ਦਿੱਤਾ ਹੈ। ਤੇਜ਼ ਰਫਤਾਰ ਆਵਾਜਾਈ ਦੇ ਸਾਧਨਾਂ, ਸੰਚਾਰ ਦੀਆਂ ਆਧੁਨਿਕ ਸਹੂਲਤਾਂ ਦੇ ਪ੍ਰਸਾਰ ਅਤੇ ਦੂਰ ਮਾਰ ਕਰਨ ਵਾਲੇ ਹਥਿਆਰਾਂ ਦੇ ਵਿਕਾਸ ਕਰਕੇ ਇਹ ਸਭ ਕੁਝ ਸੰਭਵ ਹੋ ਗਿਆ ਹੈ। ਆਪਣੇ ਸਾਰੇ ਭੂਗੋਲਿਕ, ਰਾਜਨੀਤਿਕ, ਸੱਭਿਆਚਾਰਕ, ਧਾਰਮਿਕ ਵਖਰੇਵਿਆਂ ਸਹਿਤ ਸਾਰੀ ਮਨੁੱਖ ਜਾਤੀ ਇਕ ਕਤਾਰ ਵਿਚ ਆ ਖੜ੍ਹੀ ਹੋਈ ਹੈ। ਵਿਨਾਸ਼ਕਾਰੀ ਮਾਰੂ ਹਥਿਆਰਾਂ ਦੇ ਵਿਕਾਸ ਨੇ ਸਾਰੀ ਮਨੁੱਖ ਜਾਤੀ ਦੀ ਹੋਣੀ ਨੂੰ ਇਕ ਕਰ ਵਿਖਾਇਆ ਹੈ। ਮਨੁੱਖ ਜਾਤੀ ਹੁਣ ਜਾਂ ਤਾਂ ਇਕ ਪਰਿਵਾਰ ਦੇ ਤੌਰ ਤੇ ਮਿਲ ਕੇ ਰਹੇਗੀ ਅਤੇ ਜਾਂ ਤਬਾਹ ਹੋ ਜਾਵੇਗੀ। ਆਧੁਨਿਕ ਜੀਵਨ ਵਿਚ ਮਨੁੱਖ ਨੇ ਆਪਣੀਆਂ ਲੋੜਾਂ ਇਸ ਤਰ੍ਹਾਂ ਵਧਾ ਲਈਆਂ ਹਨ ਕਿ ਕੋਈ ਵੀ ਰਾਸ਼ਟਰ, ਸਭਿਆਚਾਰਕ, ਜਾਤੀ, ਨਸਲ ਸਵੈ ਨਿਰਭਰ ਨਹੀਂ ਰਹੀ। ਸਭ ਨੂੰ ਆਪਣੀਆਂ ਵਿਸ਼ੇਸ਼ ਲੋੜਾਂ ਲਈ ਇਕ ਦੂਜੇ ਵੱਲ ਵੇਖਣਾ ਪੈਂਦਾ ਹੈ। ਆਧੁਨਿਕ ਸਮੇਂ ਵਿਚ ਕਿਸੇ ਰਾਸ਼ਟਰ ਦੇ ਦਬਾਅ ਪਾਉਣ ਦਾ ਸਭ ਤੋਂ ਕਾਰਗਰ ਤਰੀਕਾ ਇਹ ਬਣਦਾ ਹੈ ਕਿ ਦੂਜੇ ਰਾਸ਼ਟਰ ਉਸ 'ਤੇ ਆਰਥਿਕ ਪ੍ਰਤੀਬੰਧ ਲਾ ਦੇਣ। ਇਹ ਉਸੇ ਤਰ੍ਹਾਂ ਦਾ ਅਮਲ ਹੈ ਜਿਸ ਤਰ੍ਹਾਂ ਕਿ ਪੁਰਾਤਨ ਸਮੇਂ ਵਿਚ ਕਿਸੇ ਆਦਮੀ ਨੂੰ ਅਨੁਸ਼ਾਸਿਤ ਕਰਨ ਲਈ ਉਸ ਦਾ ਕਬੀਲਾ, ਜਾਤਿ-ਬਰਾਦਰੀ ਵਿਚੋਂ ਵਹਿਸ਼ਕਾਰ ਕਰ ਦਿੱਤਾ ਜਾਂਦਾ ਸੀ। ਪੁਰਾਣਾ ਦਬਾਅ ਧਾਰਮਿਕ ਅਤੇ ਸਦਾਚਾਰਕ ਸੀ ਜਦੋਂ ਕਿ ਆਧੁਨਿਕ ਦਬਾ ਆਰਥਿਕ ਅਤੇ ਪਦਾਰਥਕ ਵਧੀਕ ਹੈ।(ਡਾ. ਦਰਸ਼ਨ ਸਿੰਘ) ਇੱਥੇ ਇਕ ਗੱਲ ਇਹ ਵੀ ਧਿਆਨ ਦੇਣ ਯੋਗ ਹੈ ਕਿ ਵਿਗਿਆਨ ਦੀਆਂ ਇੰਨੀਆਂ ਖੋਜਾਂ ਨੇ ਸੱਚਮੁੱਚ ਮਨੁੱਖ ਨੂੰ ਖ਼ੁਸ਼ ਵੀ ਕੀਤਾ ਹੈ ਜਾਂ ਨਹੀਂ? ਕੀ ਇਹ ਸੁੱਖ ਦੁਨਿਆਵੀ ਜਾਂ ਪਦਾਰਥਕ ਸੁੱਖਾਂ ਦੀ ਪ੍ਰਾਪਤੀ ਤੱਕ ਹੀ ਸੀਮਤ ਹੈ? ਕੀ ਵਿਗਿਆਨ ਦੀ ਤਰੱਕੀ ਮਨੁੱਖ ਨੂੰ ਪ੍ਰਮਾਰਥਕ ਵੱਲ ਵੀ ਲੈ ਕੇ ਜਾ ਰਹੀ ਹੈ ਜਾਂ ਨਹੀਂ? ਆਦਿ ਸਵਾਲ ਸਾਡੇ ਸਾਰਿਆਂ ਲਈ ਹਨ।

ਇਹ ਗੱਲ ਤਾਂ ਭਲੀ ਭਾਂਤ ਸਭ ਜਾਣਦੇ ਹਨ ਕਿ ਵਿਗਿਆਨਕ ਯੁੱਗ ਵਿਚ ਅਨੇਕਾਂ ਸੁੱਖ ਸਾਧਨ ਸਹੂਲਤਾਂ ਹੋਣ ਦੇ ਬਾਵਜੂਦ ਵੀ ਮਨੁੱਖ ਖ਼ੁਸ਼ ਅਤੇ ਸੁਖੀ ਨਹੀਂ। ਬਾਹਰੀ ਦਿੱਖ ਪਦਾਰਥਾਂ ਦੇ ਸੁਖ ਆਦਿ ਨੂੰ ਲਾਂਭੇ ਕਰਕੇ ਦੇਖਿਆ ਜਾਵੇ ਤਾਂ ਮਨੁੱਖ ਦੇ ਅੰਦਰੋਂ ਸੁੱਖ ਖ਼ਤਮ ਹੋ ਚੁੱਕੇ ਹਨ। ਅੰਦਰਲੀ ਅਮੀਰੀ ਖ਼ਤਮ ਹੋ ਚੁੱਕੀ ਹੈ। ਮਨੁੱਖ ਅੰਦਰੋਂ ਚਿੰਤਤ ਅਤੇ ਦੁਖੀ ਹੈ। ਹਰ ਇਕ ਮਨੁੱਖ ਅੰਦਰੋਂ ਖੋਖਲਾ ਹੋ ਚੁੱਕਿਆ ਹੈ। ਉਸ ਦੇ ਅੰਦਰ ਚਿੰਤਾਵਾਂ, ਫਿਕਰ ਅਤੇ ਦੁੱਖ ਤੋਂ ਇਲਾਵਾ ਹੋਰ ਕੁਝ ਵੀ ਨਹੀਂ ਹੈ। ਸਮੁੱਚੀ ਮਨੁੱਖ ਜਾਤੀ ਪੂਰਨ ਵਿਨਾਸ਼ ਦੇ ਜਿਸ ਦੌਰ ਵਿੱਚੋਂ ਗੁਜ਼ਰ ਰਹੀ ਹੈ। ਅਜਿਹਾ ਦੌਰ ਮਨੁੱਖੀ ਇਤਿਹਾਸ ਵਿਚ ਪਹਿਲਾਂ ਕਦੇ ਨਹੀਂ ਸੀ ਆਇਆ। ਮਨੁੱਖ ਨੇ ਆਪਣਾ ਸੁੱਖ ਚੈਨ ਵੇਚ ਕੇ ਸੁਖ ਦੇ ਕੁਝ ਸਾਧਨ ਪੈਦਾ ਕਰ ਲਏ ਹਨ। ਜਾਪਦਾ ਹੈ ਜੀਵਨ ਦੀ ਇਕਸਾਰਤਾ ਟੁੱਟ ਗਈ ਹੈ। ਪ੍ਰਮਾਤਮਾ ਮਨੁੱਖ ਤੇ ਕੁਦਰਤ ਇਕ ਦੂਜੇ ਨਾਲੋਂ ਟੁੱਟ ਗਏ ਹਨ। ਇਸ ਸਭ ਕੁਝ ਲਈ ਆਧੁਨਿਕ ਯੁੱਗ ਦਾ ਵਿਗਿਆਨ ਅਤੇ ਵਿਗਿਆਨਕ ਕਾਢਾਂ ਅਤੇ ਪਦਾਰਥਕ ਸੁੱਖਾਂ ਦੀ ਬਹੁਲਤਾ ਜ਼ਿੰਮੇਵਾਰ ਹੈ। ਵਿਸ਼ਵ ਪ੍ਰਸਿੱਧ ਜਰਮਨ ਭੌਤਿਕ ਵਿਗਿਆਨੀ ਵਰਨਰ ਹੈਜ਼ਨਬਰਗ ਨੇ 'ਮਸ਼ੀਨ ਦੀ ਵਰਤੋਂ ਦੇ ਦੁਸ਼ਪ੍ਰਭਾਵਾਂ ਨੂੰ ਬਿਆਨ ਕਰਨ ਲਈ ਚੁਆਂਗ ਸੀ ਵਿਚੋਂ 2500 ਸਾਲ ਪੁਰਾਣੀ ਕਥਾ ਦਾ ਹਵਾਲਾ ਦਿੱਤਾ ਹੈ। ਕਥਾ ਇਸ ਤਰ੍ਹਾਂ ਹੈ 'ਜਦੋਂ ਤਸੀ ਗੰਗ ਹੈਨ ਨਦੀ ਦੇ ਉੱਤਰੀ ਖੇਤਰ ਵਿਚੋਂ ਗੁਜ਼ਰ ਰਿਹਾ ਸੀ ਤਾਂ ਉਸ ਨੇ ਇਕ ਬਜ਼ੁਰਗ ਆਦਮੀ ਨੂੰ ਸਬਜ਼ੀਆਂ ਦੀ ਬਾੜੀ ਨੂੰ ਪਾਣੀ ਦਿੰਦੇ ਦੇਖਿਆ। ਉਸ ਨੇ ਸਿੰਚਾਈ ਲਈ ਟੋਏ ਬਣਾ ਰੱਖੇ ਸਨ। ਉਹ ਆਪ ਖੂਹ ਵਿਚ ਹੇਠਾਂ ਬਰਤਨ ਲੈ ਕੇ ਉਤਰਦਾ ਸੀ ਅਤੇ ਉਹੀ ਬਰਤਨ ਆਪਣੀਆਂ ਬਾਂਹਾਂ ਵਿਚ ਬਾਹਰ ਲਿਆ ਕੇ ਡੋਲ੍ਹ ਦਿੰਦਾ ਸੀ। ਉਹ ਸਰੀਰ ਤੋੜ ਕੇ ਮਿਹਨਤ ਕਰਦਾ ਫਿਰ ਵੀ ਉਸ ਦੀ ਪ੍ਰਾਪਤੀ ਬਹੁਤੀ ਨਹੀਂ ਸੀ। ਤਸੀ ਗੰਗ ਨੇ ਕਿਹਾ ਇਕ ਹੋਰ ਤਰੀਕਾ ਹੈ ਜਿਸ ਨਾਲ ਤੁਸੀਂ ਇੱਕੋ ਦਿਨ ਵਿਚ ਸੌ ਟੋਇਆਂ ਵਿਚ ਪਾਣੀ ਭਰ ਸਕਦੇ ਹੋ। ਥੋੜ੍ਹੇ ਯਤਨਾਂ ਨਾਲ ਜ਼ਿਆਦਾ ਪ੍ਰਾਪਤੀ ਹੁੰਦੀ ਹੈ। ਤੁਸੀਂ ਉਹ ਤਰੀਕਾ ਨਹੀਂ ਵਰਤੋਗੇ? ਬੁੱਢੇ ਮਾਲੀ ਨੇ ਸਿੱਧਾ ਖੜ੍ਹਾ ਹੋ ਕੇ ਉਸ ਵੱਲ ਵੇਖਿਆ ਤੇ ਪੁੱਛਿਆ ਉਹ ਤਰੀਕਾ ਕੀ ਹੈ? ਤਸੀ ਗੰਗ ਨੇ ਕਿਹਾ ਤੁਸੀਂ ਲੀਵਰ ਤੇ ਲੱਗੀ ਇਕ ਸ਼ਤੀਰੀ ਲਓ ਜਿਹੜੀ ਪਿੱਛੋਂ ਭਾਰੀ ਤੇ ਅੱਗੋਂ ਹਲਕੀ ਹੋਵੇ। ਇਸ ਤਰ੍ਹਾਂ ਤੁਸੀਂ ਬਹੁਤ ਸਾਰਾ ਪਾਣੀ ਖਿੱਚ ਸਕੋਗੇ ਇਸ ਨੂੰ ਢੀਂਗਲੀ ਆਖਦੇ ਹਨ।

ਇਸ ਤੇ ਬੁੱਢੇ ਆਦਮੀ ਦੇ ਚਿਹਰੇ ਤੇ ਗੁੱਸਾ ਆ ਗਿਆ ਤੇ ਉਸ ਨੇ ਹੱਸਦੇ ਹੋਏ ਦੱਸਿਆ ਮੈਨੂੰ ਤਾਂ ਮੇਰੇ ਗੁਰੂ ਨੇ ਇਸ ਤਰ੍ਹਾਂ ਦੱਸਿਆ ਜੇਕਰ ਕੋਈ ਮਸ਼ੀਨਾਂ ਦੀ ਵਰਤੋਂ ਕਰਦਾ ਹੈ, ਉਹ ਆਪਣੇ ਸਾਰੇ ਕੰਮ ਮਸ਼ੀਨ ਦੀ ਤਰ੍ਹਾਂ ਕਰਦਾ ਹੈ, ਜਿਹੜਾ ਆਪਣੇ ਕੰਮ ਮਸ਼ੀਨ ਦੀ ਤਰ੍ਹਾਂ ਕਰਦਾ ਹੈ, ਉਸ ਦਾ ਦਿਲ ਵੀ ਮਸ਼ੀਨ ਦੀ ਤਰ੍ਹਾਂ ਹੀ ਹੋ ਜਾਵੇਗਾ। ਪ੍ਰੰਤੂ ਜਿਸ ਦੀ ਛਾਤੀ ਵਿਚ ਮਸ਼ੀਨੀ ਦਿਲ ਹੈ ਉਹ ਆਪਣੀ ਸ਼ੁੱਧ ਸਾਦਗੀ ਗੁਆ ਬੈਠੇਗਾ। ਜਿਸ ਆਦਮੀ ਦੀ ਸ਼ੁੱਧ ਸਾਦਗੀ ਜਾਂਦੀ ਰਹੀ ਉਸ ਦੀ ਰੂਹ ਦੀਆਂ ਤਰੰਗਾਂ ਵਿਚ ਇਕਸਾਰਤਾ ਨਹੀਂ ਰਹੇਗੀ। ਰੂਹ ਦੀਆਂ ਤਰੰਗਾਂ ਦੀ ਬੇਜੋੜਤਾ ਦਾ ਸੱਚ ਨਾਲ ਕੋਈ ਜੋੜ ਨਹੀਂ। ਇਹ ਨਹੀਂ ਕਿ ਮੈਂ ਅਜਿਹੀਆਂ ਚੀਜ਼ਾਂ ਜਾਣਦਾ ਨਹੀਂ। ਮੈਨੂੰ ਤਾਂ ਇਨ੍ਹਾਂ ਦੇ ਵਰਤਣ ਵਿਚ ਸ਼ਰਮ ਆਉਂਦੀ ਹੈ। ਪੁਰਾਤਨ ਕਥਾ ਤੋਂ ਮਸ਼ੀਨੀ ਯੁੱਗ ਦੇ ਆਤਮਿਕ ਜੀਵਨ ਲਈ ਖ਼ਤਰਿਆਂ ਤੇ ਚੁਣੌਤੀਆਂ ਦੀ ਸਾਫ਼ ਤਸਵੀਰ ਸਾਹਮਣੇ ਆ ਜਾਂਦੀ ਹੈ। ਮਸ਼ੀਨਾਂ ਮਨੁੱਖ ਦੀ ਮਨੁੱਖਤਾ ਖੋਹ ਕੇ ਉਸ ਨੂੰ ਸੁੱਖ ਸਹੂਲਤਾਂ ਅਤੇ ਆਰਾਮ ਮੁਹੱਈਆ ਕਰਨ ਦਾ ਸਾਧਨ ਮਾਤਰ ਹਨ।(ਡਾ. ਦਰਸ਼ਨ ਸਿੰਘ)

### 5.3.5 ਜੀਵਨ ਦਾ ਪਦਾਰਥਵਾਦੀ ਦਰਸ਼ਨ

ਪਦਾਰਥਵਾਦੀ ਫਲਸਫੇ ਤੋਂ ਭਾਵ ਕਿ ਸਭ ਕੁਝ ਪਦਾਰਥ ਹੀ ਹੈ। ਦੁਨੀਆਂ ਵਿਚ ਵਿਹਾਰ, ਇੱਛਾਵਾਂ, ਭਾਵਨਾਵਾਂ ਸਹਿਤ ਸਭ ਕੁਝ ਦੀ ਪਦਾਰਥ ਦੇ ਸੰਦਰਭ ਵਿਚ ਵਿਆਖਿਆ ਕੀਤੀ ਜਾ ਸਕਦੀ ਹੈ। ਇਸ ਤਰ੍ਹਾਂ ਇਹ ਸਿਧਾਂਤ ਪਦਾਰਥਕ ਸੁੱਖਾਂ ਦੀ ਬਹੁਲਤਾ, ਸੁਖ, ਖੁਸ਼ੀ, ਧਨ ਦੌਲਤ, ਜੀਵਨ ਦਾ ਉਦੇਸ਼, ਮਨੋਰਥ ਪ੍ਰਦਾਨ ਕਰਦਾ ਹੈ। ਪਦਾਰਥਵਾਦ ਦਾ ਆਰੰਭ ਆਦਰਸ਼ਵਾਦ ਅਤੇ ਅਧਿਆਤਮਵਾਦ ਦੇ ਵਿਰੋਧ ਵਿਚ ਹੋਇਆ। ਇਸ ਤਰ੍ਹਾਂ ਇਹ ਦਰਸ਼ਨ ਅਧਿਆਤਮਕ ਉਦੇਸ਼ਾਂ ਦੀ ਥਾਂ ਪਦਾਰਥ ਉਦੇਸ਼ਾਂ ਨੂੰ ਵੀ ਪ੍ਰਵਾਨ ਕਰ ਲੈਣ ਦੀ ਪ੍ਰਵਿਰਤੀ ਦਾ ਲਖਾਇਕ ਹੈ। ਆਧੁਨਿਕ ਸਮਾਜ ਰਾਜ ਦੇ ਪ੍ਰਸ਼ਾਸਨ ਦੇ ਗਠਨ ਵਿਚ ਜੀਵਨ ਦੀ ਪਦਾਰਥਵਾਦੀ ਦਰਸ਼ਨ ਨੇ ਪ੍ਰਮੁੱਖ ਭੂਮਿਕਾ ਨਿਭਾਈ ਹੈ। ਧਰਮ ਮਨੁੱਖੀ ਜੀਵਨ ਦੀਆਂ ਪਦਾਰਥਕ ਲੋੜਾਂ ਦੀ ਅਣਦੇਖੀ ਨਹੀਂ ਕਰਦਾ ਅਤੇ ਧਾਰਮਿਕ ਜੀਵਨ ਵਿਚ ਪਦਾਰਥਕ ਲੋੜਾਂ ਦੀ ਪੂਰਤੀ ਲਈ ਢੁੱਕਵੀ ਵਿਵਸਥਾ ਵੀ ਹੁੰਦੀ ਹੈ।(ਡਾ. ਦਰਸ਼ਨ ਸਿੰਘ) ਧਾਰਮਿਕ ਵਿਚਾਰਧਾਰਾ ਅਨੁਸਾਰ 'ਪਦਾਰਥਵਾਦੀ ਦਰਸ਼ਨ ਜੀਵਨ ਦੀ ਸਾਰਵਿਕ ਦ੍ਰਿਸ਼ਟੀ ਦੀ ਥਾਂ ਖੰਡਿਤ ਜੀਵਨ ਦ੍ਰਿਸ਼ਟੀ 'ਤੇ ਆਧਾਰਤ ਹੈ। ਪਦਾਰਥਵਾਦੀ ਫਲਸਫੇ 'ਤੇ ਆਧਾਰਿਤ ਜੀਵਨ ਦੀ ਵਿਉਂਤ ਨਿਸ਼ਚੇ ਹੀ ਧਾਰਮਿਕ ਦਰਸ਼ਨ ਨਾਲ ਜੁੜੇ ਪ੍ਰਸ਼ਨਾਂ ਨੂੰ ਅੱਖੋਂ ਉਹਲੇ ਕਰਦੀ ਹੈ। ਇਸ ਤਰ੍ਹਾਂ ਧਾਰਮਿਕ ਜੀਵਨ ਅਤੇ ਅਧਿਆਤਮਕ ਦਰਸ਼ਨ ਲਈ ਜੀਵਨ ਦਾ ਪਦਾਰਥਵਾਦੀ ਫਲਸਫ਼ਾ ਇਕ ਗੰਭੀਰ ਚੁਣੌਤੀ ਹੈ। (ਡਾ. ਦਰਸ਼ਨ ਸਿੰਘ)

### 5.3.6 ਅਸਹਿਣਸ਼ੀਲਤਾ

ਆਧੁਨਿਕ ਯੁੱਗ ਵਿਚ ਮਨੁੱਖ ਅੰਦਰੋਂ ਸਤੋ ਗੁਣ, (ਸਤ, ਸੰਤੋਖ, ਧੀਰਜ, ਧਰਮ ਆਦਿ ਮਨਫ਼ੀ ਹੋ ਚੁੱਕੇ ਹਨ ਹਰ ਇਕ ਜੀਵ ਵਿਚ ਹਉਮੈ ਹੰਕਾਰ ਆਦਿ ਲਬਾਲਬ ਮਾਤਰਾ ਵਿਚ ਹਨ। ਕਹਿਣ ਤੋਂ ਭਾਵ ਸਦਗੁਣਾਂ ਦੀ ਬਜਾਏ ਤਮਾਮ ਗੁਣਾਂ ਦੀ ਅਧਿਕਤਾ ਹੈ ਜਿਸ ਕਾਰਨ ਮਨੁੱਖਾਂ ਅੰਦਰ ਅਸਹਿਣਸ਼ੀਲਤਾ ਦੀ ਭਾਵਨਾ ਪ੍ਰਬਲ ਕਾਰਜਸ਼ੀਲ ਹੈ। ਧਰਮ ਨਾਲ ਜੁੜੇ ਹੋਏ ਮਨੁੱਖਾਂ ਅੰਦਰ ਸ਼ੁਭ ਗੁਣਾਂ ਦੀ ਭਰਮਾਰ ਹੁੰਦੀ ਹੈ। ਉਹ ਬ੍ਰਹਮ ਸਰੂਪ ਹੀ ਹੋ ਜਾਂਦੇ ਹਨ ਪਰ ਧਾਰਮਿਕ ਗੁਣਾਂ ਤੋਂ ਵਿਅਰਥ ਮਨੁੱਖ ਤਮੋਂ ਬਿਰਤੀ ਦਾ ਧਾਰਨੀ, ਵੱਕਾਰੀ ਬਿਰਤੀ ਦਾ ਰੂਪ ਹੀ। ਹੈ। ਇਸ ਲਈ ਅਸਹਿਣਸ਼ੀਲਤਾ ਵੀ ਧਰਮ ਲਈ ਇਕ ਚੁਣੌਤੀ ਹੈ ਕਿਉਂਕਿ ਸ਼ੁਭ ਗੁਣਾਂ ਦੀ ਘਾਟ ਕਾਰਨ ਅਸ਼ੁੱਭ ਗੁਣਾਂ ਦੀ ਭਰਮਾਰ ਹੋ ਰਹੀ ਹੈ ਅਤੇ ਮਨੁੱਖਾਂ ਅੰਦਰ ਧਰਮ ਦੀ ਭਾਵਨਾਵਾਂ ਹੀ ਖ਼ਤਮ ਹੋ ਰਹੀ ਹੈ।

### 5.3.7 ਵਿਸ਼ਵੀਕਰਨ

21 ਵੀਂ ਸਦੀ ਵਿਗਿਆਨਕ ਸਦੀ ਹੋਣ ਕਾਰਨ ਇਸ ਵਿਚ ਮਨੁੱਖ ਦੇ ਦੌੜਨ ਦੀ ਗਤੀ ਬਹੁਤ ਤੇਜ਼ ਹੋ ਚੁੱਕੀ ਹੈ। ਹਵਾ ਵਿਚ ਉੱਡਣਾ, ਸੰਚਾਰ ਸਾਧਨਾ ਦੀ ਤਰੱਕੀ, ਕਹਿਣ ਤੋਂ ਭਾਵ ਹਰ ਇਕ ਪੱਖ ਤੇ ਮਨੁੱਖ

ਦੀ ਗਤੀ ਬਹੁਤ ਤੇਜ਼ ਹੋ ਚੁੱਕੀ ਹੈ ਪਰ ਧਰਮ ਦੇ ਪੱਖ ਤੋਂ ਮਨੁੱਖ ਲਗਾਤਾਰ ਹੀ ਸੁੰਗੜਦਾ ਜਾ ਰਿਹਾ। ਵਿਸ਼ਵੀਕਰਨ ਦੀ ਇਸ ਦੌੜ ਵਿਚ ਬੇਸ਼ੱਕ ਪਦਾਰਥਕ ਪੱਖੋਂ ਮਨੁੱਖ ਨੇ ਬਹੁਤ ਵਿਕਾਸ ਕਰ ਲਿਆ ਪਰ ਅਧਿਆਤਮਕ ਪੱਖੋਂ ਉਤਨਾ ਹੀ ਕਮਜ਼ੋਰ ਹੁੰਦਾ ਜਾ ਰਿਹਾ ਹੈ ਵਿਸ਼ਵ ਬਾਜ਼ਾਰ ਇਕ ਪਿੰਡ ਰੂਪ ਵਿਚ ਹੋਣ ਕਾਰਨ ਮਨੁੱਖ ਦੀਆਂ ਲਾਲਸਾਵਾਂ ਸੁਖ ਆਰਾਮ ਦੇ ਸਾਧਨ ਜੁਟਾਉਣ ਵੱਲ ਹੀ ਜ਼ਿਆਦਾ ਕੇਂਦਰਿਤ ਹੋ ਰਹੀਆਂ ਹਨ ਪਰ ਸਦੀਵੀ ਸੁਖ ਅਨੰਦ ਮੋਖ ਦੀ ਪ੍ਰਾਪਤੀ ਵੱਲੋਂ ਮਨੁੱਖ ਕੋਰੀ ਨਾ ਕਰੀ ਬੈਠਾ ਹੈ।

### 5.3.8 ਧਾਰਮਿਕ ਪਾਖੰਡ

ਜਦੋਂ ਕਿਸੇ ਵੀ ਧਰਮ ਅੰਦਰੋਂ ਧਰਮ ਦੀਆਂ ਬੁਨਿਆਦੀ ਗੱਲਾਂ ਬੁਨਿਆਦੀ ਸਿਧਾਂਤਾਂ ਦੀ ਅਣਦੇਖੀ ਹੋਣੀ ਸ਼ੁਰੂ ਹੋ ਜਾਵੇ ਤਾਂ ਉਸ ਧਰਮ ਅੰਦਰ ਪਾਖੰਡ ਦਾ ਬੋਲਬਾਲਾ ਹੋ ਜਾਂਦਾ ਹੈ। ਇਹ ਪਾਖੰਡ ਦੀ ਧਾਰਮਿਕ ਖੇਤਰ ਵਿਚ ਸਭ ਤੋਂ ਵੱਡੀ ਚੁਣੌਤੀ ਹੈ। ਬਾਕੀ ਚੁਣੌਤੀਆਂ ਦੇ ਮੁਕਾਬਲੇ ਇਹ ਚੁਣੌਤੀ ਜ਼ਿਆਦਾ ਵਿਨਾਸ਼ਕਾਰੀ ਹੈ।

### 5.3.9 ਧਰਮ ਨਿਰਪੇਖੀਕਰਨ

ਅੰਗਰੇਜ਼ੀ ਭਾਸ਼ਾ ਦਾ (ਛਕਫਚ;ਗ) ਧਰਮ ਨਿਰਪੇਖ ਪਦ ਆਪਣੇ ਮੂਲ ਅਰਥਾਂ ਵਿਚ ਦੁਨਿਆਵੀ, ਅਪਵਿੱਤਰ, ਸੰਸਾਰੀ ਆਦਿ ਅਰਥਾਂ ਦਾ ਸੂਚਕ ਹੈ। ਆਪਣੇ ਮੂਲ ਅਰਥਾਂ ਵਿਚ ਇਹ ਧਾਰਮਿਕ ਅਧਿਆਤਮਕ ਪਵਿੱਤਰ ਆਦਿ ਦੇ ਵਿਰੋਧ ਦਾ ਸੂਚਕ ਹੈ। ਧਰਮ ਨਿਰਪੇਖਵਾਦ ਇਕ ਵਿਚਾਰ ਪ੍ਰਬੰਧ ਅਤੇ ਵਿਵਹਾਰਕ ਰਵੱਈਏ ਦੇ ਰੂਪ ਵਿਚ ਉਹ ਸਭ ਕੁਝ ਤੋਂ ਮੁਕਤ ਹੋਣ ਦਾ ਯਤਨ ਹੈ ਜੋ ਰੱਬੀ ਹੋਂਦ, ਰੱਬੀ ਇਲਹਾਮ, ਭਵਿੱਸ਼ ਜੀਵਨ ਆਦਿ ਦੇ ਵਿਚਾਰਾਂ ਤੇ ਵਿਸ਼ਵਾਸਾਂ ਤੇ ਆਧਾਰਿਤ ਹੈ। ਇਹ ਵਿਚਾਰ ਪ੍ਰਬੰਧ ਪਰਾ ਪ੍ਰਕਿਰਤਕ ਅਤੇ ਪ੍ਰਾਕਿਰਤਕ ਵਿਚ ਨਿਖੇੜਾ ਕਰਕੇ ਪ੍ਰਾਕਿਰਤਕ ਦੇ ਪ੍ਰਸੰਗ ਵਿਚ ਹੀ ਜੀਵਨ ਨੂੰ ਸਮਝਣ ਤੇ ਜਿਉਣ ਦੀ ਵਿਧੀ ਦਾ ਸੂਚਕ ਹੈ। (ਡਾ. ਦਰਸ਼ਨ ਸਿੰਘ) ਧਾਰਮਿਕ ਦ੍ਰਿਸ਼ਟੀ ਤੋਂ ਧਰਮ ਨਿਰਪੇਖੀਕਰਨ ਧਰਮ ਦੀ ਅਵਨਤੀ ਅਧੋਗਤੀ ਹਾਨੀ ਦਾ ਸੂਚਕ ਹੈ। ਇਸ ਤਰਾਂ ਧਰਮ ਨਿਰਪੇਖੀਕਰਨ ਧਰਮ ਅਤੇ ਧਾਰਮਿਕ ਜੀਵਨ ਲਈ ਗੰਭੀਰ ਚੁਣੌਤੀ ਹੈ। ਧਰਮ ਦੇ ਖੇਤਰ ਵਿਚ ਇਸ ਚੁਣੌਤੀ ਨੂੰ ਜਿਤਨੀ ਦੇਰ ਤਕ ਤਸੱਲੀਪੂਰਨ ਰੂਪ ਵਿਚ ਨਜਿੱਠ ਨਹੀਂ ਲਿਆ ਜਾਂਦਾ ਉਤਨੀ ਦੇਰ ਤਕ ਇਹ ਧਰਮ ਦੀ ਹੋਂਦ ਲਈ ਹਾਨੀਕਾਰਕ ਬਣੀ ਰਹੇਗੀ। ਉਪਰੋਕਤ ਵਿਚਾਰ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਆਧੁਨਿਕ ਸਮੇਂ ਵਿਚ ਧਰਮ ਸਾਹਮਣੇ ਗੰਭੀਰ ਸੰਕਟ ਤੇ ਚੁਣੌਤੀਆਂ ਹਨ। ਲੋੜ ਇਸ ਗੱਲ ਦੀ ਹੈ ਕਿ ਧਰਮ ਨਾਲ ਜੁੜੇ ਮਨੁੱਖ ਇਨ੍ਹਾਂ ਚੁਣੌਤੀਆਂ ਦੀ ਗੰਭੀਰਤਾ ਤੇ ਤੀਬਰਤਾ ਤੋਂ ਸੁਚੇਤ ਹੋ ਕੇ ਇਨ੍ਹਾਂ ਅੰਦਰ ਵਿਆਪਤ ਗ਼ਲਤ ਧਾਰਨਾਵਾਂ ਨੂੰ ਪ੍ਰਗਟ ਕਰਨ ਅਤੇ ਇਨ੍ਹਾਂ ਅੰਦਰ ਵਿਆਪਤ ਸੱਚਾਈਆਂ ਨੂੰ ਧਾਰਮਿਕ ਜੀਵਨ ਵਿਚ ਢੁੱਕਵੀਂ ਥਾਂ ਪ੍ਰਦਾਨ ਕਰਨ।

## 5.4 ਸਾਰ

ਵਿਸ਼ਵ ਦੇ ਬਦਲਦੇ ਪਰਿਪੇਖ ਨੇ ਕੁੱਲ ਆਲਮ ਦਾ ਧਿਆਨ ਆਪਣੇ ਵੱਲ ਖਿੱਚ ਲਿਆ ਹੈ। ਵਿਸ਼ਵ ਮੰਡੀਕਰਨ ਨੇ ਮਨੁੱਖ ਦੀ ਮਨੁੱਖ ਤੋਂ ਦੂਰੀ ਭਾਵੇਂ ਬੇਸ਼ੱਕ ਘੱਟ ਕਰ ਦਿੱਤੀ ਹੈ ਪਰ ਦਿਲਾਂ ਦੀਆਂ ਦੂਰੀਆਂ ਵਧਣ ਪਿੱਛੇ ਵੀ ਵਿਗਿਆਨਿਕ ਤਰੱਕੀ ਦੇ ਹੱਥ ਤੋਂ ਪੱਲਾ ਨਹੀਂ ਛੁਡਾਇਆ ਜਾ ਸਕਦਾ। ਮਨੁੱਖ ਦੀਆਂ ਥੋੜੇ ਸਮੇਂ ਦੇ ਸੰਸਾਰਕ ਸੁੱਖਾਂ ਦੀ ਪ੍ਰਾਪਤੀ ਨੇ ਮਨੁੱਖ ਅੰਦਰੋਂ ਸਦੀਵੀ ਸੁੱਖ-ਚੈਨ ਅਤੇ ਆਰਾਮ ਸਦੈਵ ਸਦੈਵ ਕਾਲ ਲਈ ਖੋਹ ਲਏ ਹਨ। ਉਹ ਚਾਹ ਕੇ ਵੀ ਇਸ ਨੂੰ ਵਾਪਸ ਹਾਸਲ ਨਹੀਂ ਕਰ ਸਕਦੇ। ਜਿੱਥੇ ਵਿਗਿਆਨ ਨੇ ਧਰਮ ਨੂੰ ਵੰਗਾਰਿਆ ਅਤੇ ਕਈ ਤਰ੍ਹਾਂ ਦੀਆਂ ਚੁਣੌਤੀਆਂ ਪੇਸ਼ ਕੀਤੀਆਂ ਹਨ। ਉੱਥੇ ਧਰਮ ਦੇ ਵਿੱਚੋਂ ਹੀ ਕਈ ਤਰ੍ਹਾਂ ਦੇ ਪਾਖੰਡ ਅਸਥਿਰਤਾਈਆਂ ਨੇ ਵੀ ਧਰਮ ਸਾਹਵੇਂ ਚੁਣੌਤੀਆਂ ਖੜ੍ਹੀਆਂ ਕੀਤੀਆਂ ਹਨ।

## 5.5 ਪੜ੍ਹਨਯੋਗ ਪੁਸਤਕਾਂ

- ਵਜੀਰ ਸਿੰਘ, ਧਰਮ ਦਾ ਦਾਰਸ਼ਨਿਕ ਪੱਖ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1999
- ਡਾ. ਦਰਸ਼ਨ ਸਿੰਘ, ਧਰਮ ਅਧਿਐਨ ਅਤੇ ਸਿਖ ਅਧਿਐਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2016.
- ਸੰਪਾ. ਜੋਧ ਸਿੰਘ, ਦਰਸ਼ਨ ਸਿੰਘ, ਆਨੰਦ ਸਪੈਂਸਰ, ਹਰਪਾਲ ਸਿੰਘ ਪੱਨੂੰ, ਰਾਜਿੰਦਰ ਕੌਰ ਰੋਹੀ, ਧਰਮ ਅਧਿਐਨ ਅਕਾਦਮਿਕ ਪਰਿਪੇਖ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1997.
- ਮਨਜੀਤ ਸਿੰਘ, ਧਰਮ ਦਰਸ਼ਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2007.

## 5.6 ਅਭਿਆਸ ਲਈ ਵੱਡੇ ਪ੍ਰਸ਼ਨ

- ਧਰਮ ਕੀ ਹੈ? ਧਰਮ ਦੀ ਪਰਿਭਾਸ਼ਾ ਦਿੰਦੇ ਹੋਏ ਧਰਮ ਨੂੰ ਪੇਸ਼ ਆਧੁਨਿਕ ਚੁਣੌਤੀਆਂ ਬਾਰੇ ਵਿਸਥਾਰ ਸਹਿਤ ਲਿਖੋ?
- ਵਿਗਿਆਨ ਨੇ ਮਨੁੱਖ ਨੂੰ ਕਿਸ ਤਰ੍ਹਾਂ ਪ੍ਰਭਾਵਿਤ ਕੀਤਾ ਹੈ? ਧਰਮ ਨੂੰ ਪੇਸ਼ ਚੁਣੌਤੀਆਂ ਦੇ ਸੰਦਰਭ ਵਿਚ ਧਰਮ ਨਿਰਪੇਖੀ ਕਰਨ ਵਿਸ਼ੇ 'ਤੇ ਵਿਸਥਾਰ ਸਹਿਤ ਨੋਟ ਲਿਖੋ?
- ਧਰਮ ਦੀ ਪਰਿਭਾਸ਼ਾ ਦੱਸਦੇ ਹੋਏ ਧਰਮ ਸਾਹਮਣੇ ਪੇਸ਼ ਚੁਣੌਤੀਆਂ ਚੋਂ ਕਿਸੇ ਚਾਰ ਚੁਣੌਤੀਆਂ ਦਾ ਵਿਸਥਾਰ ਸਹਿਤ ਵਰਨਣ ਕਰੋ?

## 5.7 ਅਭਿਆਸ ਲਈ ਛੋਟੇ ਪ੍ਰਸ਼ਨ

1. ਧਰਮ ਕੀ ਹੈ?
2. ਧਰਮ ਦੀਆਂ ਕੋਈ ਦੋ ਪਰਿਭਾਸ਼ਾਵਾਂ ਲਿਖੋ?
3. ਵਿਗਿਆਨ ਅਤੇ ਸ਼ਿਲਪ ਵਿਗਿਆਨ ਕੀ ਹੈ?
4. ਵਿਸ਼ਵੀਕਰਨ ਤੋਂ ਕੀ ਭਾਵ ਹੈ?
5. ਪਦਾਰਥਵਾਦੀ ਯੁੱਗ ਤੋਂ ਕੀ ਭਾਵ ਹੈ?
6. ਧਾਰਮਿਕ ਕੱਟੜਤਾ ਨੂੰ ਆਪਣੇ ਸ਼ਬਦਾਂ ਵਿਚ ਨੋਟ ਕਰੋ?

6.0 ਉਦੇਸ਼

6.1 ਜਾਣ-ਪਛਾਣ

6.2 ਧਰਮ ਦਾ ਸਟੇਟਮੈਂਟਲ ਸਰੂਪ



## ONE YEAR DIPLOMA IN SIKH THEOLOGY

### SEMESTER I

### COURSE: THEOLOGY AND SIKH THEOLOGY: NATURE AND SCOPE

### UNIT 6 : INTERFAITH DIALOGUE

**STRUCTURE**

6.3 ਸਮਾਜ ਦੀ ਇਕਸਾਰਤਾ ਦੀ ਬਜਾਏ ਇਕਰੂਪਤਾ

6.4 ਵੱਖ –ਵੱਖ ਧਰਮਾਂ ਵਿਚ ਸਟੇਟਮੈਂਟਲ ਸਰੂਪ

6.4.1 ਯਹੂਦੀ ਧਰਮ

6.4.2 ਈਸਾਈ ਧਰਮ

6.4.3 ਇਸਲਾਮ ਧਰਮ

6.4.4 ਹਿੰਦੂ ਧਰਮ

6.5 ਅੰਤਰ ਧਰਮ ਸੰਵਾਦ ਦਾ ਸਿੱਖ ਸੰਕਲਪ

6.5.1 ਆਪਸਦਾਰੀ

6.5.2 ਇਕਰੂਪਤਾ ਨਹੀਂ ਇਕਸਾਰਤਾ

6.5.3 ਸਤਿਕਾਰ

6.5.4 ਸੱਚ ਕਹਿਣ ਦੀ ਜੁਰਅਤ

6.6 ਸਾਰ

6.7 ਪੁਸਤਕਾਂ

6.8 ਅਭਿਆਸ ਲਈ ਪ੍ਰਸ਼ਨ

**6.0 <u>ਉਦੇਸ਼</u>**

ਇਸ ਪਰਚੇ ਦਾ ਉਦੇਸ਼ ਵਿਦਿਆਰਥੀਆਂ ਵਿਚ ਅੰਤਰ ਧਰਮ ਸੰਵਾਦ ਦੇ ਵਿਸ਼ੇ ਪ੍ਰਤੀ ਜਾਗਰੂਕਤਾ ਪੈਦਾ ਕਰਨ ਦਾ ਇਕ ਯਤਨ ਹੈ। ਜਿਸ ਵਿਚ ਵੱਖ-ਵੱਖ ਧਰਮਾਂ ਦੁਆਰਾ ਅਤੇ ਖਾਸ ਕਰ ਗੁਰੂ

ਨਾਨਕ ਸਾਹਿਬ ਦੇ ਅੰਤਰ ਧਰਮ ਸੰਵਾਦ ਦੁਆਰਾ ਮਨੁੱਖਤਾ ਦੇ ਬਿਹਤਰ ਸਮਾਜ ਦੀ ਸਿਰਜਣਾ ਦੀ ਜਾਣਕਾਰੀ ਅਤੇ ਪਰਸਪਰ ਸਹਿਯੋਗ ਦਾ ਵਰਣਨ ਕੀਤਾ ਗਿਆ ਹੈ।

**6.1 ਜਾਣ-ਪਛਾਣ**

ਗਲੋਬਲ ਅਤੇ ਵਿਸ਼ਵ ਇਕੋ ਹੀ ਅਰਥਾਂ ਵਿਚ ਵਰਤੇ ਜਾਣ ਲਗ ਪਏ ਹਨ, ਪਰ ਦੋਹਾਂ ਦੇ ਪ੍ਰਸੰਗ ਇਕ ਦੂਜੇ ਨਾਲ ਨਹੀਂ ਰਲਦੇ। ਗਲੋਬਲ ਅਸਲ ਵਿਚ ਆਧੁਨਿਕਤਾ ਨਾਲ ਪੈਦਾ ਹੋਈ ਸਿਆਸੀ-ਸ਼ਬਦਾਵਲੀ ਨਾਲ ਜੁੜਿਆ ਹੋਇਆ ਹੈ। ਇਹ Glo+bal ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਇਕ ਸ਼ਬਦ ਹੈ ਅਤੇ ਇਸ ਦਾ ਭਾਵ ਸਾਰੇ ਸੰਸਾਰ ਨੂੰ ਜਾਂ ਸਾਰੀਆਂ ਸ਼੍ਰੇਣੀਆਂ ਦੇ ਸਾਰੇ ਗਰੁੱਪਾਂ ਨੂੰ ਇਕੋ ਰੰਗ ਵਿਚ ਰੰਗਿਆ ਹੋਇਆ ਵੇਖਣਾ ਹੈ। ਪਰ ਸਥਿਤੀ/ਸੱਚ ਇਸ ਦੇ ਵਿਪਰੀਤ ਹੈ। ਅੱਜ ਦੁਨੀਆਂ ਵਿਚ ਜਿਵੇਂ ਵਿਚਾਰਧਾਰਕ ਅੰਤਰਦ੍ਰਿਸ਼ਟੀਆਂ ਅਤੇ ਪਹੁੰਚਵਿਧੀਆਂ ਨੂੰ ਲੈ ਕੇ ਸਿਧਾਂਤਕ ਅਤੇ ਸਿਆਸੀ ਧੜੇਬੰਦੀਆਂ ਨੇ ਜਿਸ ਤਰ੍ਹਾਂ ਦਾ ਮਾਹੌਲ ਸਿਰਜ ਦਿੱਤਾ ਹੈ, ਉਸ ਦੇ ਨਤੀਜਿਆਂ ਤੋਂ ਅਸੀਂ ਸਾਰੇ ਭਲੀ-ਭਾਂਤ ਵਾਕਫ਼ ਹਾਂ। ਗਲੋਬਲੀਕਰਣ ਨਾਲ ਦੁਨੀਆਂ ਅਖੌਤੀ ਪਿੰਡ ਤਾਂ ਬਣ ਗਈ ਹੈ ਪਰ ਇਸ ਵਿਚੋਂ ਪਿੰਡ ਬਿਲਕੁਲ ਹੀ ਗਵਾਚ ਗਿਆ ਹੈ। ਨਤੀਜੇ ਵਜੋਂ ਅਜਿਹਾ ਖੜੋਤ ਸਭਿਆਚਾਰ ਪੈਦਾ ਹੋ ਗਿਆ ਜਿਸ ਵਿਚੋਂ ਭਾਵਨਾਤਮਕ ਸਾਂਝ ਗੁੰਮ ਹੋ ਗਈ। ਬੰਦਾ ਇਕੱਲਾ ਹੋ ਗਿਆ ਹੈ ਪਰ ਦੁਨੀਆਂ ਨੇੜੇ ਆ ਗਈ ਪਰਵਾਨ ਕੀਤੀ ਜਾ ਰਹੀ ਹੈ ? ਇਹ ਸਥਾਪਤ ਸੱਚ ਹੈ ਕਿ ਕਿਸੇ ਵੀ ਕੌਮੀਅਤ ਜਾਂ ਸਭਿਆਚਾਰ ਦੀ ਜੜ੍ਹ, ਸਬੰਧਤ ਕੌਮੀਅਤ ਦੇ ਧਰਮ ਗ੍ਰੰਥ ਵਿਚ ਹੁੰਦੀ ਹੈ ਪਰ ਗਲੋਬਲੀਕਰਣ ਨੇ ਧਾਰਮਿਕ ਜੜ੍ਹ ਨੂੰ ਸਿਆਸੀ ਪ੍ਰਾਪਤੀ ਵਿਚ ਤਬਦੀਲ ਕਰ ਦਿੱਤਾ ਹੈ। ਸਿੱਟੇ ਵਜੋਂ ਧਰਮ ਗ੍ਰੰਥ ਹਾਸ਼ੀਏ 'ਤੇ ਚਲਾ ਗਿਆ ਹੈ ਅਤੇ ਹਾਸ਼ੀਆ ਧਰਾਤਲ ਬਣ ਗਿਆ ਹੈ। ਇਸ ਨਾਲ ਬਹੁਲਤਾਵਾਦ (pluralism) ਦੀ ਥਾਂ ਹੈਜੇਮਨੀ ਨੇ ਲੈ ਲਈ ਹੈ, ਨਾਨਤਵ ਤਾਜ਼ਗੀ ਦੀ ਥਾਂ ਇਕ ਰੰਗੀ ਖੜੋਤ ਨੇ ਲੈ ਲਈ ਹੈ। ਆਮ ਆਦਮੀ ਦੇ ਅਮਨ ਅਤੇ ਬਿਹਤਰੀ ਲਈ ਪੈਦਾ ਹੋਈ ਗਲੋਬਲੀਕਰਣ ਲਹਿਰ ਨੇ ਧਰਮ ਵਿਹੂਣ ਬੰਦੇ ਦੀ ਸਿਰਜਨਾ ਦੇ ਲਾਲਚ ਵਿਚ ਅਜਿਹਾ ਸਿਆਸੀ ਬੰਦਾ ਪੈਦਾ ਕਰ ਲਿਆ ਹੈ, ਜਿਸ ਦੀ ਈਜਾਰੇਦਾਰੀ ਦੀ ਸਿਆਸਤ ਨੇ ਦੁਨੀਆਂ ਨੂੰ ਬੱਚੇ-ਖਾਣੀਆਂ ਪ੍ਰਾਪਤੀਆਂ ਵੱਲ ਮੋੜ ਦਿੱਤਾ ਹੈ। ਇਸ ਨੇ ਜਿੱਥੇ ਬੰਦੇ ਨੂੰ ਪਾਗਲ ਹੋ ਜਾਣ ਵਾਲੇ ਰਾਹ ਪਾ ਦਿੱਤਾ ਹੈ, ਉਥੇ ਮੂਲਵਾਦ ਅਤੇ ਆਤੰਕਵਾਦ ਲਹਿਰਾਂ ਦਾ ਪ੍ਰਚੰਡ ਵੇਗ ਸੰਸਾਰ ਸਾਹਮਣੇ ਹੈ। ਧਾਰਮਿਕ ਘੱਟ-ਗਿਣਤੀ ਸਭਿਆਚਾਰਾਂ ਅਤੇ ਬੋਲੀਆਂ ਨੂੰ ਬਹੁ-ਗਿਣਤੀ ਸਭਿਆਚਾਰਾਂ ਅਤੇ ਬੋਲੀਆਂ ਦੁਆਰਾ ਅਪਹਰਣ ਅਤੇ ਜਜ਼ਬ ਕਰ ਲੈਣ ਦੀਆਂ ਕੋਸ਼ਿਸ਼ਾਂ ਨਜ਼ਰ ਆ ਰਹੀਆਂ ਹਨ। ਸਭਿਆਚਾਰਾਂ ਦਾ ਭੇੜ ਕਿਸੇ ਦੁਖਾਂਤਕ ਕਲ (future) ਵੱਲ ਇਸ਼ਾਰਾ ਹੀ ਨਹੀਂ ਕਰ ਰਿਹਾ ਸਗੋਂ ਅਜਿਹੀ ਮਾਨਵ-ਮਾਨਸਿਕਤਾ ਦੀ ਘਾੜਤ ਵੀ ਘੜ ਰਿਹਾ ਹੈ ਜਿਸ ਵਿਚ ਭਾਵਨਾਤਮਕ ਸਾਂਝ ਦੀ ਥਾਂ ਦਰਿੰਦਗੀ/ਦਹਿਸ਼ਤ ਦਾ ਕਰੂਪ ਚਿਹਰਾ ਵੀ ਰੂਪਮਾਨ ਹੋ ਰਿਹਾ ਹੈ। (ਈਸਾਈ ਮਿਸ਼ਨਰੀ ਦਾ ਬੱਚਿਆਂ ਸਮੇਤ ਕਾਰ ਵਿਚ ਸਾੜ ਦਿੱਤੇ ਜਾਣਾ ਅਤੇ ਪਾਕਿਸਤਾਨ ਵਿਚ ਮੂਲਵਾਦੀਆਂ ਵੱਲੋਂ ਬੇਗੁਨਾਹ ਸਿੱਖ ਦਾ ਸਿਰ ਕਲਮ ਕਰਨਾ,

ਉਪਰੋਕਤ ਦੀ ਪੁਸ਼ਟੀ ਲਈ ਕਰੂਰ ਉਦਾਹਰਨਾਂ ਹਨ)। ਆਪਣੀ ਸ਼ਕਤੀ ਦਾ ਵਿਖਾਵਾ ਕਰਨਾ ਅਤੇ ਗਲੋਬਲ ਤਾਕਤ ਵਜੋਂ ਉਭਰਨ ਲਈ ਹਰ ਹਰਬਾ (ਨੈਤਿਕ/ਅਨੈਤਿਕ) ਵਰਤਿਆ ਜਾ ਰਿਹਾ ਹੈ।

ਪੈਦਾ ਹੋ ਰਿਹਾ ਕਠਿਨ ਤੇ ਬਿਖੜਾ ਮਾਰਗ, ਇਸ ਤੋਂ ਪਹਿਲਾਂ ਕਿ ਜੀਨ ਰੂਪ ਵਿਚ ਸਾਡੀ ਮਾਨਸਿਕਤਾ ਦਾ ਹਿੱਸਾ ਹੋ ਜਾਵੇ ਤੇ ਜਿਸ ਨਾਲ ਮਨੁੱਖੀ ਵਜੂਦ ਸਮੁੱਚੇ ਰੂਪ ਵਿਚ ਪਸ਼ੂ-ਬਿਰਤੀ ਦਾ ਧਾਰਨੀ ਹੋ ਜਾਵੇ, ਲੋੜ ਗਲੋਬਲ-ਪਰਿਵਾਰ ਹੋ ਜਾਣ ਵਾਲੇ ਪਾਸੇ ਤੁਰਨ ਦੀ ਹੈ। ਇਸ ਵਾਸਤੇ ਸਭ ਤੋਂ ਪਹਿਲਾਂ ਇਨਸਾਨ ਨੂੰ ਇਨਸਾਨ ਹੋਣ ਵਾਲੇ ਪਾਸੇ ਤੋਰਨਾ ਪਵੇਗਾ। ਅਜਿਹਾ ਦੂਜੇ ਦੇ ਦੂਜੇਪਨ ਨੂੰ ਨਾਲ ਲੈ ਕੇ ਤੁਰਿਆਂ ਹੀ ਸੰਭਵ ਹੋ ਸਕੇਗਾ (ਕਿਸੈ ਨ ਦਿਸਹਿ ਬਾਹਰਾ ਜੀਉ)। ਅਵਸਰਾਂ ਅਤੇ ਸਾਧਨਾਂ ਦੀ ਖੋਹਾ-ਖਿੰਝੀ ਦੀ ਥਾਂ ਜੇਕਰ "ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ" ਦੀ ਅਧਿਆਤਮਕ ਨੈਤਿਕਤਾ ਨੂੰ ਨਾਲ ਲੈ ਕੇ ਤੁਰ ਪਈਏ ਤਾਂ ਮਾਨਵਤਾ ਦਾ ਉਸਾਰੂ ਵਰਤਮਾਨ ਉਸਾਰਿਆ ਜਾ ਸਕਦਾ ਹੈ। ਅਜਿਹਾ ਕਰਦਿਆਂ ਪ੍ਰੋ. ਪੂਰਨ ਸਿੰਘ ਦੇ ਸ਼ਬਦਾਂ ਦੀ ਭਾਵਨਾ ਨੂੰ ਵਰਤ ਕੇ ਕਿਹਾ ਜਾ ਸਕਦਾ ਹੈ ਕਿ : "ਅਣਰੰਗੇ ਮਨਾਂ ਵਾਲੇ ਇਕੱਠ ਨੂੰ ਰੰਗੇ ਹੋਏ ਮਨਾਂ ਵਾਲੀ ਸਤਿਸੰਗ ਸਮਝ ਲੈਣ ਦੀ ਅਗਿਆਨੀ-ਤਿਲਕਣ ਤੋਂ ਬਚਣ ਲਈ ਲੋੜੀਂਦੀ ਸੁਜੱਗ-ਸੋਝੀ, ਗੁਰਬਾਣੀ ਦੀ ਅਗਵਾਈ ਵਿਚ ਹੀ ਪ੍ਰਾਪਤ ਹੋ ਸਕਦੀ ਹੈ। ਇਸ ਨਾਲ ਤਣਾਉ-ਮੁਕਤ ਅਤੇ ਹਿੰਸਾ-ਮੁਕਤ ਸਮਾਜ ਦੀ ਸਿਰਜਨਾ ਦਾ ਸੁਪਨਾ ਲਿਆ ਜਾ ਸਕਦਾ ਹੈ। ਗੁਰਬਾਣੀ ਦੀ ਅਗਵਾਈ ਵਿਚ ਚੱਲ ਕੇ ਬੰਦਿਆਂ ਦੇ ਦਿਲਾਂ ਨੂੰ ਇਕ ਦੂਜੇ ਨਾਲ ਜੋੜਿਆ ਜਾ ਸਕਦਾ ਹੈ ਅਤੇ ਉਹਨਾਂ ਦੇ ਹੀ ਮਨਾਂ ਨੂੰ ਇਕ ਦੂਜੇ ਦੇ ਮੁਤਾਬਿਕ ਬਦਲਿਆ ਵੀ ਜਾ ਸਕਦਾ ਹੈ।" ਅਜਿਹਾ ਜੇ ਹੁੰਦਾ ਰਿਹਾ ਹੈ ਤਾਂ ਹੁਣ ਕਿਉਂ ਨਹੀਂ ਹੋ ਸਕਦਾ ?

ਵਿਸ਼ਵਵਿਆਪੀ/ਸਭਿਆਚਾਰਾਂ/ਧਾਰਮਿਕ ਭਾਈਚਾਰਿਆਂ ਵਿਚ ਪੈਦਾ ਹੋ ਰਹੀਆਂ ਇਨ੍ਹਾਂ ਗੁੰਝਲਦਾਰ ਸਮੱਸਿਆਵਾਂ ਦਾ ਹੱਲ ਲੱਭਣ ਲਈ ਗੰਭੀਰ ਚਿੰਤਨ ਉਪਰੰਤ ਪੈਦਾ ਹੋ ਰਹੇ ਸਮੱਸਿਆਵਾਂ ਦੇ ਜੰਗਲ ਦੇ ਹੱਲ ਲਈ ਇਕ ਰਸਤਾ ਹੀ ਨਜ਼ਰ ਆਉਂਦਾ ਹੈ ਅਤੇ ਉਹ ਰਸਤਾ 'ਧਰਮ' ਦਾ ਹੈ। ਪਰ ਗਲੋਬਲੀ ਮਨੁੱਖ ਨੇ ਅਧਰਮ ਨੂੰ ਧਰਮ ਪ੍ਰਵਾਨ ਕਰ ਲਿਆ ਹੈ ਅਤੇ 'ਹਨੇਰਾ ਕਾਇਮ ਰਹੇ' ਦਾ ਸਲੋਗ ਨਵ-ਮਾਨਸਿਕਤਾ ਦੇ ਮਸਤਕ ਦਾ ਹਿੱਸਾ ਬਣਾਉਣ ਦੀਆਂ ਪ੍ਰਬਲ ਕੋਸ਼ਿਸ਼ਾਂ ਜਾਰੀ ਹਨ। ਹਜ਼ਾਰਾਂ ਸਾਲ ਪਹਿਲਾਂ ਧਰਮ ਰੱਬੀ ਬਖਸ਼ਿਸ਼ ਵਜੋਂ ਮਨੁੱਖੀ ਮਾਨਸਿਕਤਾ ਦਾ ਹਿੱਸਾ ਬਣਿਆ ਸੀ ਅਤੇ ਅੱਜ ਵੀ ਪੂਰੀ ਤਰ੍ਹਾਂ ਡਾਂਵਾਂ-ਡੋਲ ਹੋ ਚੁੱਕੀ ਮਾਨਸਿਕਤਾ ਲਈ ਧਰਵਾਸ ਦਾ ਪਲ ਮੁਹੱਈਆ ਕਰਦਾ ਹੈ। ਧਰਮ ਜਿੱਥੇ ਮਨੁੱਖ ਨੂੰ ਚੰਗਾ ਇਨਸਾਨ ਬਣ ਕੇ ਜਿਊਣ ਦੀ ਪ੍ਰੇਰਨਾ ਦਿੰਦਾ ਹੈ ਉਥੇ ਧਰਮ ਬਿਨਾਂ ਸਿਹਤਮੰਦ ਜੀਵਨ/ਸਮਾਜ ਦੀ ਆਸ ਵੀ ਨਹੀਂ ਕੀਤੀ ਜਾ ਸਕਦੀ। ਇਹ ਵੀ ਪਰਵਾਨ ਕੀਤਾ ਜਾਂਦਾ ਹੈ ਕਿ ਮਨੁੱਖ ਨੂੰ ਅਧਿਆਤਮਕ/ਸਮਾਜਿਕ ਵਿਗਾਸ/ਸਿਹਤਯਾਬੀ ਵੱਲ ਲਿਜਾਣ ਵਾਲਾ ਹਰ ਕਲਿਆਣਕਾਰੀ ਕਰਮ 'ਧਰਮ' ਨਾਲ ਜੁੜਿਆ ਹੋਇਆ ਹੈ ਅਤੇ ਧਰਮ : ਧੀਰਜ, ਖਿਮਾ, ਸੰਜਮ, ਸਹਿਚਾਰ, ਪਵਿੱਤਰਤਾ ਅਤੇ ਗਿਆਨ ਦੇ ਰਸਤੇ ਦਾ ਰਾਹ ਦਰਸੇਂਵਾ ਹੈ। ਜੇ ਇਹ ਸੱਚ ਹੈ ਤਾਂ ਫਿਰ ਕੱਲ/ਅੱਜ ਦੇ ਗਲੋਬਲੀ ਸੰਕਟ ਦਾ ਸਮਾਧਾਨ ਇਸ ਵਿਚ ਲੱਭਿਆ ਜਾ ਸਕਦਾ ਹੈ। ਬਿਖਰ ਚੁੱਕੀ ਮਾਨਸਿਕਤਾ ਨੂੰ ਰੀ-ਪਰਵਰਤਿਤ ਕਰਨ ਵਿਚ ਇਹ ਕੇਂਦਰੀ ਰੋਲ ਅਦਾ ਕਰ

ਸਕਦਾ ਹੈ। ਪਰ ਹਕੀਕਤ/ਸੱਚ/ਵਰਤਾਰਾ ਕੁਝ ਹੋਰ ਨਜ਼ਰ ਆਉਂਦਾ ਹੈ। 'ਮੈਂ' ਅਤੇ 'ਮੇਰਾ ਸੱਚ' ਤੇ ਫੋਕਸ ਹੋ ਰਿਹਾ ਧਾਰਮਿਕ/ਸਮਾਜਿਕ ਵਰਤਾਰਾ ਗੰਭੀਰ ਸੰਕਟ ਖੜ੍ਹੇ ਕਰ ਰਿਹਾ ਹੈ। ਵਿਕਸਿਤ ਸਮਾਜਾਂ ਅਤੇ ਮਨੁੱਖੀ ਚੇਤਨਾ ਵਿਚੋਂ ਸਹਿਮਤੀ, ਸਾਂਝ, ਸਤਿਕਾਰ ਅਤੇ ਸਮਦ੍ਰਿਸ਼ਟੀ ਗਾਇਬ ਹੋ ਰਹੀ ਹੈ। ਉਹ ਸ਼ੱਕੀ ਤੇ ਸੁਆਰਥੀ ਹੋ ਰਿਹਾ ਹੈ, ਉਹ ਇਸ ਹੱਦ ਤੱਕ ਸੁੰਗੜ ਗਿਆ ਹੈ ਕਿ ਪਰਿਵਾਰ ਦੇ ਇਕ ਸਭ ਤੋਂ ਛੋਟੇ ਯੂਨਿਟ ਵਿਚ ਵੀ ਉਹ ਆਪਣੇ ਆਪ ਨੂੰ ਇਕੱਲਾ ਮਹਿਸੂਸ ਕਰਦਾ ਹੈ। ਹੁਣ ਇਕ ਨਵਾਂ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਉਪਰੋਕਤ ਸਾਰੇ ਵਰਤਾਰੇ ਲਈ ਕੀ ਕੇਵਲ ਮਨੁੱਖ ਨੂੰ ਹੀ ਦੋਸ਼ੀ ਕਰਾਰ ਦਿੱਤਾ ਜਾਵੇ ਜਾਂ ਇਸ ਲਈ ਚੌਗਿਰਦਾ/ਧਾਰਮਿਕ ਵਰਤਾਰਾ ਵੀ ਕੁਝ ਹੱਦ ਤੱਕ ਜ਼ਿੰਮੇਵਾਰ ਹੈ। ਦੂਸਰਾ ਇਸ ਪੈਦਾ ਹੋਏ ਬਹੁ-ਧੁਰਾਵੀ ਸੰਕਟ ਦਾ ਕੋਈ ਹੱਲ ਲੱਭਿਆ ਜਾ ਸਕਦਾ ਹੈ ? ਕੀ ਮਨੁੱਖ ਅੰਦਰ ਘਰ ਕਰ ਚੁੱਕੀ ਇਸ ਖੜੋਤ ਮਾਨਸਿਕਤਾ ਨੂੰ ਤੋੜਿਆ ਜਾ ਸਕਦਾ ਹੈ ? ਇਹ ਅੱਜ ਦੀ ਗੰਭੀਰ/ਜਟਿਲ ਸਮੱਸਿਆ ਵੀ ਹੈ ਅਤੇ ਵੱਡਾ ਪ੍ਰਸ਼ਨ ਵੀ। ਕੀ ਅੱਜ ਦੇ ਯੁੱਗ ਵਿਚ ਇਸ ਦਾ ਕੋਈ ਤੋੜ ਹੈ ? ਧਰਮ ਕਿਵੇਂ ਅਤੇ ਕਿਸ ਹੱਦ ਤੱਕ ਇਸ ਗੱਲ ਲਈ ਸਾਰਥਿਕ ਰੋਲ ਅਦਾ ਕਰ ਸਕਦਾ ਹੈ। ਇਸ ਦੀ ਨਿਰਖ, ਪਰਖ, ਮੁਢਲੀ ਲੋੜ ਵਜੋਂ ਵਿਚਾਰੇ ਜਾਣ ਯੋਗ ਹੈ।

ਸ਼ਰਧਾ ਦੇ ਪੱਖ ਤੋਂ ਤਾਂ ਧਰਮ ਦਾ ਮਨੁੱਖੀ ਜ਼ਿੰਦਗੀ ਵਿਚ ਰੋਲ ਬੇਸ਼ੱਕ ਹਮੇਸ਼ਾ ਹੀ ਸਾਕਾਰਾਤਮਕ ਪ੍ਰਵਾਨ ਕੀਤਾ ਜਾਂਦਾ ਰਿਹਾ ਹੈ, ਪਰ ਅਕਸਰ ਸਾਕਾਰਾਤਮਕ ਪੱਖ ਨੂੰ ਅੱਖੋਂ ਪਰੋਖੇ ਕਰਕੇ ਉਸਨੂੰ ਨਾਕਾਰਾਤਮਕ ਰੂਪ ਵਿਚ ਪੇਸ਼ ਕਰਨ ਦੇ ਯਤਨ ਵੀ ਹੁੰਦੇ ਰਹੇ ਹਨ, ਜਿਨ੍ਹਾਂ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਪਰ ਹਮੇਸ਼ਾਂ ਸਥਾਪਤ ਇਹ ਕੀਤਾ ਜਾਂਦਾ ਹੈ ਕਿ ਆਪਣੇ ਧਰਮ ਦੀ ਸਦੀਵੀ ਹੋਂਦ ਹਸਤੀ ਲਈ ਇਹ ਨਾਕਾਰਾਤਮਕ ਪੱਖ ਨਹੀਂ ਹੈ, ਸਗੋਂ ਧਾਰਮਿਕ ਪਹਿਚਾਣ ਅਤੇ ਧਰਮ ਦੇ ਪਾਸਾਰ ਪ੍ਰਬੰਧ ਲਈ ਇਹ ਯਤਨ ਜਾਇਜ਼ ਹਨ। ਇਨ੍ਹਾਂ ਵਿਚ ਦੋ ਵੱਡੇ (ਨਾਕਾਰਾਤਮਕ) ਯਤਨਾਂ ਨੂੰ ਲਗ-ਪਗ ਸਾਰੇ (ਸਿੱਖ ਧਰਮ ਤੋਂ ਬਿਨਾਂ) ਧਰਮਾਂ ਨੇ ਆਪਣੇ ਧਾਰਮਿਕ ਸਰੋਕਾਰਾਂ ਵਜੋਂ ਹੀ ਪ੍ਰਵਾਨ ਕਰ ਲਿਆ ਹੈ :

**6.2 <u>ਧਰਮ ਦਾ ਸਟੇਟਮੈਂਟਲ ਰੂਪ</u>**

**6.3 <u>ਸਮਾਜ ਦੀ ਇਕਸਾਰਤਾ ਦੀ ਬਜਾਏ ਇਸ ਦੀ ਇਕਰੂਪਤਾ (conversion) ਨੂੰ ਮਾਨਤਾ ਦੇਣਾ।</u>**

ਇਹ 'ਦੋਵੇਂ ਅਖੌਤੀ ਸੰਕਲਪ' ਹੀ ਮਨੁੱਖੀ ਸਮਾਜ ਵਿਚ ਸਮੱਸਿਆਵਾਂ ਦੇ ਜੰਗਲ ਪੈਦਾ ਕਰਨ ਵਿਚ ਕੇਂਦਰੀ ਰੋਲ ਨਿਭਾ ਰਹੇ ਹਨ। ਨਤੀਜੇ ਵਜੋਂ ਕੌਮਾਂ/ਨਸਲਾਂ/ਭਾਈਚਾਰਿਆਂ ਦੀ ਅਸਭਿਅਕ ਵੰਡ, ਜਾਤੀ, ਖੇਤਰੀ, ਸੰਪਰਦਾਇਕ ਜੈਂਡਰ ਅਤੇ ਸਭਿਅਤਾਵਾਂ ਦੀ ਪਹਿਚਾਣ ਨਾਲ ਸੰਬੰਧਿਤ ਚੁਣੌਤੀਆਂ/ਸਮੱਸਿਆਵਾਂ ਦੀ ਗਹਿਰੀ ਮਾਰ ਹੇਠ ਅੱਜ ਦਾ ਵਿਸ਼ਵ/ਮਨੁੱਖ ਨਿਤ ਦਿਨ ਸੰਕਟਾਂ ਤੇ ਨਿਘਾਰਾਂ ਵੱਲ ਜਾ ਰਿਹਾ ਹੈ। ਫਲਸਰੂਪ ਧਰਮ ਦਾ ਸਰੂਪ ਵੀ ਮਨੁੱਖ ਦੀ ਹੋਂਦ ਹਸਤੀ ਲਈ ਵੱਡੇ ਪ੍ਰਸ਼ਨ ਦੇ ਰੂਪ ਵਿਚ ਖੜ੍ਹਾ ਹੋ ਰਿਹਾ ਹੈ।

ਉਪਰ ਸੰਕੇਤਕ ਗੈਰ-ਸਿਧਾਂਤਕ ਸਰੋਕਾਰਾਂ ਨੂੰ ਜੋ ਧਰਮਾਂ ਵਿਚ ਧਰੋਹਰ ਵਜੋਂ ਘੁਸਪੈਠ ਕਰ ਚੁੱਕੇ ਹਨ, ਨੂੰ ਸਦੈਵ-ਸਮਿਆਂ ਲਈ ਰੋਕਣ ਅਤੇ ਵਿਚਾਰਧਾਰਕ ਅਧਿਆਤਮਕ ਪ੍ਰਵਚਨ/ਸੰਵਾਦ ਨੂੰ ਧਰਮਾਂ ਦਾ ਧਰੋਹਰ ਬਣਾਉਣ ਦੀ ਸਖਤ ਲੋੜ ਹੈ, ਕਿਉਂਕਿ ਇਹੀ ਪ੍ਰਵਚਨ/ਸੰਵਾਦ ਸੰਪੂਰਨ ਬ੍ਰਹਿਮੰਡ ਦੇ ਜ਼ਰੇ-ਜ਼ਰੇ ਨੂੰ ਚੇਤੰਨ ਕਰ ਸਤਹੀ ਝਮੇਲਿਆਂ/ਵਰਤਾਰਿਆਂ ਤੋਂ ਨਿਜ਼ਾਤ ਦਵਾ ਕੇ ਮਨੁੱਖ ਨੂੰ ਮਨੁੱਖ ਹੋਣ ਦਾ ਅਹਿਸਾਸ ਕਰਾ ਸਕਣ ਦੇ ਸਮਰਥ ਬਣਾ ਸਕਦਾ ਹੈ ਅਤੇ ਇਸ ਦੇ ਨਾਲ ਹੀ ਸ਼ੋਸ਼ਿਤ ਤੋਂ ਸੁਤੰਤਰਤਾ ਦਾ ਪ੍ਰਸੰਗ ਸਾਹਮਣੇ ਲਿਆਂਦਾ ਜਾ ਸਕਦਾ ਹੈ। ਵਰਤਮਾਨ ਮੂਲਵਾਦ/ਕੱਟੜਵਾਦ ਦੀ ਇਕੋ ਇਕ ਕਾਟ ਇਹੋ (ਅੰਤਰ ਧਰਮ ਸੰਵਾਦ) ਹੀ ਨਜ਼ਰ ਆਉਂਦੀ ਹੈ।

ਪੂਰਵ ਨਾਨਕ ਕਾਲ ਦੇ ਪ੍ਰਾਪਤ ਅਧਿਆਤਮਕ ਮਾਰਗ/ਧਾਰਮਿਕ ਪਰੰਪਰਾਵਾਂ (ਯਹੂਦੀ, ਈਸਾਈ, ਇਸਲਾਮ, ਹਿੰਦੂ ਧਰਮ ਆਦਿ) ਸਭਿਆਚਾਰਕ/ਸੰਸਕ੍ਰਿਤਕ ਵੰਨ-ਸੁਵੰਨਤਾ (ਰੰਗ ਪਰੰਗ ਅਪਾਰਜਨਾ) ਨੂੰ ਅਪ੍ਰਵਾਨ ਕਰਦੀਆਂ ਹਨ ਅਤੇ “ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ” ਦੇ ਨਿਰਾਲੇ ਪ੍ਰਸੰਗ ਨੂੰ ਤਜਕੇ ਆਪਣੇ “ਦੁਆਰੇ” ਨੂੰ ਸਰਬ ਸਮਿਆਂ ਲਈ ਸਮਰਥ ਬਣਾਉਣ ਹਿਤ ਦੂਸਰੇ ਨੂੰ ਆਪਣੇ ਰੰਗ ਵਿਚ ਰੰਗਣ ਲਈ ਹਰ ਹਰਬਾ ਵਰਤਣ ਤੋਂ ਵੀ ਗੁਰੇਜ ਨਹੀਂ ਕਰ ਰਹੀਆਂ। ਇਥੋਂ ਹੀ ਧਰਮ ਦੇ ਸਟੇਟਮੈਂਟਲ ਰੂਪ ਦਾ ਆਰੰਭ ਹੋ ਜਾਂਦਾ ਹੈ। ਇਹ ਗੱਲ ਧਿਆਨ ਵਿਚ ਰੱਖਣੀ ਪਵੇਗੀ ਕਿ ਧਰਮ ਜਦੋਂ ਜਦੋਂ ਵੀ ਸਟੇਟਮੈਂਟਲ ਪ੍ਰਬੰਧ ਵਿਚ ਤਬਦੀਲ ਹੋਵੇਗਾ, ਧਾਰਮਿਕ ਅੰਡਰਸਟੈਂਡਿੰਗ ਦਾ ਰਾਹ ਬੰਦ ਹੋ ਜਾਵੇਗਾ ਅਤੇ ਡਾਇਲਾਗ ਦਾ ਹਰ ਆਧਾਰ ਹਮੇਸ਼ਾਂ ਹਮੇਸ਼ਾਂ ਲਈ ਖ਼ਤਮ ਹੋ ਜਾਵੇਗਾ। ਧਰਮ ਅਤੇ ਧਰਮ ਦੇ ਸਿਧਾਂਤਾਂ ਦੁਆਲੇ ਬੈਰੀਅਰ ਖੜ੍ਹਾ ਹੋ ਜਾਵੇਗਾ, ਦੁਰਭਾਗੀ ਖੜੋਤ ਪੈਦਾ ਹੋ ਜਾਵੇਗੀ। ਇਸ ਨੂੰ ਹੀ ਮਸ਼ਹੂਰ ਲਿਬਰੇਸ਼ਨ ਥਿਆਲੇਜੀਅਨ ਲਿੰਡਾ ਮਾਰਗੈਟ “ਅਧਰਮ ਦਾ ਰਸਤਾ” ਪ੍ਰਵਾਨ ਕਰਦੀ ਹੈ। ਇਸ ਤੋਂ ਪਹਿਲਾਂ ਕਿ ਅੰਤਰ ਧਰਮ ਸੰਬੰਧੀ ਵਿਚਾਰ-ਚਰਚਾ ਨੂੰ ਅੱਗੇ ਵਧਾਇਆ ਜਾਵੇ, ਸੰਖੇਪ ਵਿਚ ਵੱਖ-ਵੱਖ ਧਰਮਾਂ ਦੇ ਸਟੇਟਮੈਂਟਲ ਸਰੂਪ ’ਤੇ ਨਜ਼ਰਸਾਨੀ ਕਰ ਲੈਣਾ ਲਾਜ਼ਮੀ ਹੋਵੇਗਾ :

## 6.4 ਵੱਖ-ਵੱਖ ਧਰਮਾਂ ਦੇ ਸਟੇਟਮੈਂਟਲ ਸਰੂਪ

### 6.4.1 ਯਹੂਦੀ ਧਰਮ

ਯਹੂਦੀ ਧਰਮ ਸੰਸਾਰ ਦਾ ਮਹੱਤਵਪੂਰਨ ਅਤੇ ਬਹੁਤ ਪੁਰਾਣਾ ਧਰਮ ਹੈ। ਯਹੂਦੀ ਧਰਮ ਦਾ ਇਹ ਦ੍ਰਿੜ ਵਿਸ਼ਵਾਸ ਹੈ ਕਿ ਉਹ ਰੱਬ ਦੇ ਚੁਣੇ ਹੋਏ ਲੋਕ ਹਨ (Jew's are the chosen people of Jahowa)। ਇਹ ਸਿਧਾਂਤ ਵੱਡੇ ਝਮੇਲੇ ਪੈਦਾ ਕਰਨ ਵਿਚ ਕੇਂਦਰੀ ਰੋਲ ਅਦਾ ਕਰਦਾ ਹੈ ਕਿਉਂਕਿ ਇਸ ਨਾਲ ਇਥੇ ਪ੍ਰਾਇਮਰੀ ਅਤੇ ਸੈਕੰਡਰੀ ਦਾ ਝਗੜਾ ਪੈਦਾ ਹੋ ਗਿਆ। ਜਦੋਂ ਸਕੇ ਅਤੇ ਮਤਰੇਏ ਦੇ ਭੇਦ ਨੂੰ ਰੱਬੀ ਸੰਕਲਪ ਵਜੋਂ ਪ੍ਰਵਾਨਗੀ ਪ੍ਰਾਪਤ ਹੋ ਗਈ ਹੋਵੇ, ਗੋਸਟਿ/ਡਾਇਲਾਗ ਦਾ ਸਵਾਲ ਤਾਂ ਖ਼ਤਮ ਹੋਇਆ ਹੀ, ਨਾਲ ਹੀ ਰੱਬ ਨੂੰ ਵੀ ਸੀਮਾਬੱਧ ਕਰ ਦਿੱਤਾ। ਇਥੋਂ ਤੱਕ ਕਿ ਰੱਬ ਯਹੂਦੀਆਂ ਅਤੇ ਗੈਰ-ਯਹੂਦੀਆਂ ਦੇ ਜੰਗਾਂ/ਯੁੱਧਾਂ ਵਿਚ ਯਹੂਦੀਆਂ ਦੀ ਧਿਰ ਬਣਿਆ ਨਜ਼ਰ ਆਉਂਦਾ ਹੈ।

#### 6.4.2 ਈਸਾਈ ਧਰਮ

ਈਸਾਈ ਧਰਮ ਵੀ ਡਾਇਲਾਗ/ਗੋਸਟਿ ਦੇ ਦਰਵਾਜੇ ਬੰਦ ਕਰਨ ਵਿਚ ਉੱਤਮ ਭੂਮਿਕਾ ਨਿਭਾਉਂਦਾ ਹੈ। ਈਸਾਈ ਵਿਸ਼ਵਾਸ ਅਨੁਸਾਰ : ਯਿਸੂ ਮੁਕਤੀ ਦਾ ਦਰਵਾਜਾ ਹੈ, ਮੁਕਤ ਹੋਣ ਲਈ ਯਿਸੂ ਵਿਚੋਂ ਲੰਘਣਾ (conversion) ਪਵੇਗਾ। "ਈਸਾਈ ਧਰਮ ਵਿਚ ਤਬਦੀਲ ਹੋ ਜਾਓ, ਪਰਮੇਸ਼ਵਰ ਪ੍ਰਾਪਤ ਹੋ ਜਾਵੇਗਾ।" ਇਹ ਨਾਅਰਾ ਗੋਸਟਿ ਦੇ ਰਾਹ ਹੀ ਬੰਦ ਕਰ ਦਿੰਦਾ ਹੈ, ਕਿਉਂਕਿ ਧਰਮ ਤਬਦੀਲੀ ਦੀ ਸੁਆਰਥ ਸਿਧੀ ਪ੍ਰਵਚਨ ਦੀਆਂ ਸੰਭਾਵਨਾਵਾਂ ਵਿਚ ਹਮੇਸ਼ਾਂ ਹਮੇਸ਼ਾਂ ਲਈ ਖੜੋਤ ਪੈਦਾ ਕਰ ਦਿੰਦੀ ਹੈ। ਇਥੇ ਬਾਈਬਲ ਵਿਚੋਂ ਇਕ ਹੋਰ ਉਦਾਹਰਨ ਦੇਣੀ ਪ੍ਰਸੰਗ ਯੁਕਤਿ ਹੋਵੇਗੀ ਜੋ ਸੰਵਾਦ ਨਾਲੋਂ ਧਰਮ-ਤਬਦੀਲੀ ਨੂੰ ਜ਼ਿਆਦਾ ਮਹੱਤਤਾ ਦੇ ਰਹੀ ਹੈ :

"ਯਿਸੂ ਆਪਣੀਆਂ 'ਭੇਡਾਂ' (ਸ਼ਗਿਰਦ) ਨੂੰ ਦਾਣਾ (ਸ਼ਬਦ-ਸਿਧਾਂਤ) ਪਾ ਰਿਹਾ ਹੈ। ਮਿਸਰ ਦੀ ਇਕ ਧਰਮੀ ਔਰਤ ਆਪਣੇ ਸ਼ਗਿਰਦਾਂ ਨਾਲ ਬੇਨਤੀ ਕਰਦੀ ਹੈ ਕਿ ਮੇਰੇ 'ਇੱਜੜ' (ਸ਼ਗਿਰਦਾਂ) ਨੂੰ ਵੀ ਦਾਣਾ ਪਾ। ਪੈਗ਼ੰਬਰ ਫ਼ੁਰਮਾਨ ਕਰਦਾ ਹੈ ਕਿ ਪਹਿਲਾਂ ਤੇਰਾ ਇੱਜੜ ਮੇਰੇ ਇੱਜੜ ਵਿਚ ਸ਼ਾਮਲ ਹੋ ਜਾਵੇ।" ਜਦੋਂ ਵੀ ਧਰਮ ਤਬਦੀਲੀ ਨੂੰ ਕੇਂਦਰੀਅਤਾ ਪ੍ਰਦਾਨ ਕਰ ਦਿੱਤੀ ਜਾਵੇ ਤਾਂ ਸੁਆਰਥ-ਸਿਧੀ ਨਾਲ ਨਕਾਰਾਤਮਕ ਪ੍ਰਸੰਗ ਸਥਾਪਤ ਹੋਣਾ ਲਾਜ਼ਮੀ ਹੋ ਜਾਂਦਾ ਹੈ। (ਅੱਜ ਵੀ ਵੱਖ-ਵੱਖ ਥਾਵਾਂ 'ਤੇ ਖੋਲ੍ਹੇ ਜਾ ਰਹੇ ਮਿਸ਼ਨ ਸਕੂਲਾਂ ਪਿੱਛੇ ਭਾਵਨਾ ਲਗ-ਪਗ ਇਹੋ ਜਿਹੀ ਹੀ ਹੈ।)

#### 6.4.3 ਇਸਲਾਮ ਧਰਮ

ਇਸਲਾਮ ਧਰਮ ਇਕ ਰੱਬ ਦੇ ਸੰਕਲਪ ਉਪਰ ਕੇਂਦਰਿਤ ਹੈ। ਪਰ ਇਹ ਮਿਲੇਗਾ ਉਸਨੂੰ ਜਿਹੜਾ ਪਵਿੱਤਰ ਕੁਰਾਨ, ਕਿਆਮਤ ਦੇ ਦਿਨਾਂ ਅਤੇ ਮੁਹੰਮਦ ਸਾਹਿਬ ਦੇ ਪੈਗ਼ੰਬਰ 'ਤੇ ਵਿਸ਼ਵਾਸ ਕਰੇਗਾ। ਜੋ ਵੀ ਉਪਰੋਕਤ ਤੋਂ ਮੁਨਕਰ ਹੈ, ਉਹ ਕਾਫ਼ਰ ਹੈ ਅਤੇ ਜੋ ਇਸ ਵਿਸ਼ਵਾਸ ਦਾ ਧਾਰਨੀ ਹੈ ਉਹ 'ਮੋਮਨ' ਹੈ। ਕਾਫ਼ਰਾਂ ਨੂੰ ਮੋਮਨ ਬਣਾਉਣ ਲਈ ਹਰ ਨੈਤਿਕ/ਅਨੈਤਿਕ ਕਾਰਜ ਜਾਇਜ਼ ਹੈ। ਇਥੋਂ ਤੱਕ ਕਿ ਕਾਫ਼ਰਾਂ ਵਿਰੁੱਧ ਜੂਝ ਮਰਨ ਵਾਲੇ ਨੂੰ ਸ਼ਹੀਦ ਦੇ ਰੁਤਬੇ ਨਾਲ ਸਨਮਾਨਿਆ ਜਾਂਦਾ ਹੈ। ਸੰਵਾਦ ਦੇ ਰੂਟ ਨੂੰ ਹੀ ਨੇਸਤੋ-ਨਾਬੂਦ ਕਰ ਦਿੱਤਾ।

#### 6.4.4 ਹਿੰਦੂ ਧਰਮ

ਹਿੰਦੂ ਧਰਮ ਪੂਰਬੀ ਧਰਮਾਂ ਦੀ ਲੜੀ ਵਿਚ ਪ੍ਰਮੁੱਖ ਤੇ ਪੁਰਾਣਾ ਧਰਮ ਹੈ। ਵੈਦਿਕ ਪਰੰਪਰਾ ਵਿਚ ਡਾਇਲਾਗ/ਗੋਸਟਿ ਦੇ ਰਸਤੇ ਕੇਵਲ ਬਾਹਰ ਵਾਲਿਆਂ ਲਈ ਬੰਦ ਨਹੀਂ ਕੀਤੇ, ਸਗੋਂ ਆਪਣੇ ਭਾਈਚਾਰੇ ਦੀ ਦਰਜਾ-ਬਦਰਜੀ (ਵਰਣ-ਵੰਡ) ਕਰਕੇ ਸੰਵਾਦ ਦੀ ਕਿਸੇ ਵੀ ਤਰ੍ਹਾਂ ਦੀ ਅਹਿਮੀਅਤ ਨੂੰ ਮੂਲੋਂ ਹੀ ਰੱਦ ਅਪ੍ਰਵਾਨ ਕਰ ਦਿੱਤਾ ਸੀ। ਉਦਾਹਰਣ ਲਈ ਹਿੰਦੂਕੁਸ਼ ਪਰਬਤ ਤੋਂ ਪਾਰ ਜਾਣ 'ਤੇ ਮਨੁੱਖ ਨੂੰ ਮਲੇਛ ਐਲਾਨ ਦਿੱਤਾ ਜਾਂਦਾ ਸੀ, ਜਿਸ ਕਾਰਨ ਉਸਦੀ ਹਿੰਦੂ ਧਰਮ ਵਿਚ ਆਪਸੀ ਦਾ ਰਸਤਾ ਹਮੇਸ਼ਾਂ-ਹਮੇਸ਼ਾਂ ਲਈ ਬੰਦ ਹੋ ਜਾਂਦਾ ਸੀ।

ਉਪਰੋਕਤ ਵਿਚਾਰ ਚਰਚਾ ਧਰਮਾਂ ਦੇ ਨਕਾਰਾਤਮਕ ਰੂਪ ਦੀ ਪੇਸ਼ੀਨਗੋਈ ਹੈ। ਇਸ ਸਰੂਪ ਦੇ ਦੀਦਾਰੇ ਵਰਤਮਾਨ ਪ੍ਰਸੰਗ ਵਿਚ ਹੀ ਕੀਤੇ ਜਾ ਸਕਦੇ ਹਨ ਅਤੇ ਅੱਜ ਦੇ ਗਲੋਬਲ ਦਾ ਇਹ ਸਮੱਸਿਆ ਪ੍ਰਸੰਗ ਹੀ ਪ੍ਰਵਾਨ ਕੀਤਾ ਜਾ ਸਕਦਾ ਹੈ।

ਇਸ ਸਾਰੇ ਪ੍ਰਸੰਗ ਤੋਂ ਬਾਅਦ ਇਹ ਪ੍ਰਸ਼ਨ ਜਟਿਲ ਸਮੱਸਿਆ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ ਕਿ ਕੀ ਪੂਰਵ ਨਾਨਕ ਕਾਲ ਵਿਚ ਧਰਮ ਸੰਵਾਦ ਸੰਭਵ ਹੀ ਨਹੀਂ ਹੈ ? ਇਸ ਦਾ ਉੱਤਰ ਲੱਭਣ ਲਈ ਸਿੱਖ ਧਰਮ ਵੱਲ ਨਜ਼ਰਸਾਨੀ ਕਰਨੀ ਪਵੇਗੀ। ਪਰ ਇਸ ਤੋਂ ਪਹਿਲਾਂ ਇਕ ਹੋਰ ਗੰਭੀਰ ਸਵਾਲ ਦੇ ਰੂ-ਬ-ਰੂ ਹੋ ਲੈਣਾ ਚਾਹੀਦਾ ਹੈ ਕਿ ਕੀ ਧਰਮਾਂ ਦੇ ਪ੍ਰਸੰਗ ਵਿਚ ਸੰਵਾਦ/ਡਾਇਲਾਗ ਹੈ ਹੀ ਨਹੀਂ ਸੀ ? ਇਥੇ ਜੇਕਰ ਕੇਵਲ ਵਿਚਾਰ ਵਟਾਂਦਰੇ ਜਾਂ ਡਾਇਲਾਗ ਦੀ ਗੱਲ ਕੀਤੀ ਜਾਵੇ ਤਾਂ ਜਵਾਬ ਹਾਂ ਵਿਚ ਹੈ ਪਰ ਜੇਕਰ Religious Understanding ਜਾਂ ਅੰਤਰ ਧਰਮ ਗੋਸਟਿ ਦੀ ਗੱਲ ਕੀਤੀ ਜਾਵੇ ਤਾਂ ਉੱਤਰ ਨਾਂਹ ਵਿਚ ਹੈ। ਬੇਸ਼ੱਕ ਗਰੀਕ ਸਾਹਿਤ ਅਤੇ ਭਾਰਤੀ ਧਰਮ ਪਰੰਪਰਾ ਵਿਚ ਗੋਸਟਿ ਸਾਹਿਤ ਰੂਪ ਦੀ ਇਕ ਵੰਨਗੀ ਵਜੋਂ ਉਪਲੱਬਧ ਹੈ। ਸੁਕਰਾਤ ਦੇ ਫਲਸਫੇ ਨੂੰ ਸਮਝਣ ਅਤੇ ਸਮਝਾਉਣ ਲਈ ਗੋਸਟਿ ਦੇ ਨਾਟਕੀ ਰੂਪ ਦੀ ਵਰਤੋਂ ਕੀਤੀ ਮਿਲਦੀ ਹੈ। ਚੇਲੇ ਗੂੜ੍ਹ ਦਾਰਸ਼ਨਿਕ ਪ੍ਰਸ਼ਨ ਖੜ੍ਹੇ ਕਰਦੇ ਹਨ। ਸੁਕਰਾਤ ਉਨ੍ਹਾਂ ਦਾ ਜਵਾਬ ਦਿੰਦਾ ਹੈ। ਭਾਰਤੀ ਪਰੰਪਰਾ ਵਿਚ ਵੀ ਉਪਰੋਕਤ ਰੂਪ ਵਾਂਗ ਇਕ ਪਾਤਰ ਸ਼ੰਕਾਵਾਦੀ ਰੂਪ ਵਿਚ ਪ੍ਰਸ਼ਨ ਕਰਦਾ ਹੈ ਅਤੇ ਅਚਾਰੀਆ ਉਸਦਾ ਜਵਾਬ ਦਿੰਦਾ ਹੈ। ਪਰ ਇਹ ਗੋਸਟਿ ਇਕੋ ਧਰਮ ਦੇ ਧਾਰਨੀਆਂ ਵਿਚ ਹੈ, ਜਿਸ ਕਰਕੇ ਇਸ ਨੂੰ ਅੰਤਰ ਧਰਮ ਸੰਵਾਦ ਵਿਚ ਸ਼ਾਮਲ ਨਹੀਂ ਕੀਤਾ ਜਾ ਸਕਦਾ।

### 6.5 ਅੰਤਰ ਧਰਮ ਸੰਵਾਦ ਦਾ ਸਿੱਖ ਸੰਕਲਪ

ਅੰਤਰ ਧਰਮ ਸੰਵਾਦ ਦਾ ਸਿੱਖ ਸੰਕਲਪ ਸਿਧਾਂਤਕ (ਗੁਰੂ ਗ੍ਰੰਥ) ਅਤੇ ਅਮਲੀ (ਸੰਪਾਦਨ ਪ੍ਰਕਿਰਿਆ) ਪ੍ਰਕਾਸ਼ਨ ਵਿਚੋਂ ਬਿਨਾਂ ਕਿਸੇ ਉਚੇਚ ਤੋਂ ਸਹਿਜ ਸੁਭਾਏ ਹੀ ਪ੍ਰਗਟ ਹੁੰਦਾ ਨਜ਼ਰ ਆਉਂਦਾ ਹੈ। ਇਹ ਕਿੰਤੂ ਮੁਕਤ ਧਾਰਨਾ ਹੈ ਕਿ ਪੈਗ਼ੰਬਰੀ/ਧਰਮ ਬਾਨੀ ਅਜ਼ਮਤ ਵਿਚ ਗੁਰੂ ਨਾਨਕ ਪਾਤਸ਼ਾਹ ਦੀ ਆਮਦ ਨਾਲ ਹੀ ਅੰਤਰ ਧਰਮ ਸੰਵਾਦ (ਗੁਰੂ ਗ੍ਰੰਥ ਸਾਹਿਬ ਵਿਚਲੇ ਸਿਧਾਂਤਕ ਹਵਾਲੇ/ਅਮਲੀ ਰੂਪ ਲਈ ਉਦਾਸੀਆਂ ਉਪਰੋਕਤ ਦੀ ਪੁਸ਼ਟੀ ਹਿਤ) ਦਾ ਪ੍ਰਾਰੰਭ ਹੁੰਦਾ ਹੈ ਅਤੇ "ਕਿਛੁ ਸੁਣੀਐ ਕਿਛੁ ਕਹੀਐ" ਰਾਹੀਂ ਇਸ ਦਾ ਧਰਾਤਲ ਸਥਾਪਤ ਹੁੰਦਾ ਹੈ। ਇਹ ਠੀਕ ਹੈ ਕਿ ਗੁਰਮਤਿ ਦੇ ਅਸੂਲਾਂ/ਸਿਧਾਂਤਾਂ ਅਨੁਸਾਰ ਗੁਰੂ-ਖਾਲਸਾ ਪੰਥ ਦੀ ਨਿਆਰੀ ਹੋਂਦ/ਪਹਿਚਾਣ ਹੈ, ਪਰ ਇਹ ਪਹਿਚਾਣ ਪਹਿਲਾਂ ਸਥਾਪਿਤ ਦੂਜੇ ਧਰਮਾਂ ਦੀ ਤਰ੍ਹਾਂ ਇਕਰੂਪਤਾ ਵਾਲੀ ਨਹੀਂ ਸਗੋਂ ਬਹੁਵਾਦੀ ਹੈ, ਜੋ ਦੂਸਰੇ ਦੇ ਨਿਆਰੇਪਣ ਨੂੰ ਕੇਵਲ ਪ੍ਰਵਾਨ ਹੀ ਨਹੀਂ ਕਰਦੀ ਸਗੋਂ ਆਪਣੇਪਣ ਦੇ ਬਰਾਬਰ ਮਾਣ ਤੇ ਸਤਿਕਾਰ ਵੀ ਦਿੰਦੀ ਹੈ। ਗੁਰੂ ਗ੍ਰੰਥ ਸਾਹਿਬ ਦਾ ਵਿਚਾਰਧਾਰਕ ਪ੍ਰਵਚਨ, ਰੰਗਾਂ, ਨਸਲਾਂ ਅਤੇ ਹੋਰ ਧਾਰਮਿਕ/ ਸਮਾਜਿਕ/ਭੂਗੋਲਿਕ ਹੱਦ-ਬੰਦੀਆਂ ਤੋਂ ਮੁਕਤ "ਸਭਸੈ ਲਏ ਮਿਲਾਇ ਜੀਉ" ਦਾ ਸਭਿਆਚਾਰ ਸਿਰਜਦਾ ਹੈ, ਜੋ ਅੰਤਰ ਧਰਮ ਗੋਸਟਿ ਦਾ ਮੂਲ ਸਿਧਾਂਤਕ ਪ੍ਰਵਾਨਤ

ਆਧਾਰ ਹੈ ਅਤੇ "ਨਾ ਕੋ ਮੇਰਾ ਦੁਸਮਣ ਰਹਿਆ ਨ ਹਮ ਕਿਸ ਕੇ ਬੈਰਾਈ" ਨਾਲ ਇਸ ਦਾ ਅਮਲੀ ਆਧਾਰ ਸਥਾਪਤ ਕਰਦਾ ਹੈ। ਗੁਰਮਤਿ ਦਾ ਦੈਵੀ ਵਿਧਾਨ ਕੁਲ ਸੰਸਾਰੀ ਮਨੁੱਖਤਾ ਨੂੰ ਪੂਰਨ ਆਜ਼ਾਦੀ (ਬੋਲਣ ਅਤੇ ਰਹਿਣ) ਅਤੇ ਬਰਾਬਰੀ ਦੇ ਅਹਿਸਾਸ ਦਾ ਧਾਰਨੀ ਹੈ ਪਰਸਪਰ ਭਾਈਚਾਰਕ ਏਕਤਾ ਦੀ ਲੜੀ ਵਿਚ ਪਰਾਉਣ ਦਾ ਮਾਰਗ (ਸਿਧਾਂਤਕ ਤੇ ਅਮਲੀ) ਪ੍ਰਦਾਨ ਕਰਦਾ ਹੈ। ਧਾਰਮਿਕ, ਸਭਿਆਚਾਰਕ ਵੰਨ-ਸੁਵੰਨਤਾ ਨੂੰ ਅਕਾਲ ਪੁਰਖੀ (ਅਵਲਿ ਅਲਹ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ) ਦੇਣ ਸਮਝ ਕੇ ਮਨੁੱਖ ਨੂੰ ਸਰਬ ਸਮਿਆਂ ਲਈ ਸਮਰੱਥ ਬਣਨ ਵੱਲ ਚੇਤੰਨ ਹੀ ਨਹੀਂ ਕਰਦਾ ਸਗੋਂ ਉਸਨੂੰ ਮਾਣ, ਸਤਿਕਾਰ ਅਤੇ ਇੱਜ਼ਤ ਭਰਪੂਰ ਜ਼ਿੰਦਗੀ ਜਿਊਣ ਲਈ ਉਤਸ਼ਾਹਿਤ ਵੀ ਕਰਦਾ ਹੈ। ਇਸ ਸੰਕਲਪੀ ਵਿਧਾਨ ਨਾਲ ਅੰਤਰ ਧਰਮ ਸੰਵਾਦ ਦੇ ਸਥਾਪਿਤ ਕੀਤੇ ਜਾ ਰਹੇ ਧਰਾਤਲ ਨੂੰ ਸਮਝਿਆ ਅਤੇ ਸਮਝਾਇਆ ਜਾ ਸਕਦਾ ਹੈ।

ਇਥੇ ਇਕ ਹੋਰ ਖੂਬਸੂਰਤ ਪਹਿਲੂ ਇਹ ਹੈ ਕਿ ਆਧੁਨਿਕ ਗਲੋਬਲੀ ਭਾਈਚਾਰੇ ਵਿਚ ਅੰਤਰ ਧਰਮ ਸੰਵਾਦ ਨੂੰ ਕੇਂਦਰੀ ਨੁਕਤੇ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਦੱਖਣੀ ਅਮਰੀਕਾ ਦੀ ਇਕ ਉੱਘੀ ਥਿਆਲੋਜੀਅਨ ਅੰਤਰ ਧਰਮ ਸੰਵਾਦ ਨੂੰ ਬਹੁਤ ਹੀ ਮਹੱਤਵਪੂਰਨ ਧਾਰਮਿਕ/ਸਮਾਜਿਕ ਵਰਤਾਰਾ ਪ੍ਰਵਾਨ ਕਰਦੀ ਹੋਈ ਲਿਖਦੀ ਹੈ :

No Peace without Religious peace,

No Religious peace without interfaith dialogue

ਇਸ ਦੇ ਨਾਲ ਹੀ ਹੋਰ ਬਹੁਤ ਸਾਰੇ ਪੱਛਮੀ ਵਿਦਵਾਨ ਫੂਕੋ, ਦੈਰੀਦਾ, ਲਾਕਾਂ ਆਦਿ ਵੀ ਇਸ ਵਰਤਾਰੇ ਨੂੰ ਸਮਝਣ, ਸਮਝਾਉਣ ਦੇ ਯਤਨ ਵਿਚ ਹਨ ਕਿ ਅੰਤਰ ਧਰਮ ਸੰਵਾਦ ਕਿਵੇਂ ਸੰਭਵ ਹੋ ਸਕਦਾ ਹੈ, ਉਸਦੇ ਪੈਰਾਮੀਟਰ ਕੀ ਨਿਸ਼ਚਿਤ ਕੀਤੇ ਜਾ ਸਕਦੇ ਹਨ। ਫਰਾਂਸੀਸੀ ਚਿੰਤਕ ਫੂਕੋ ਦੁਆਰਾ ਨਿਰਧਾਰਿਤ ਕੀਤੇ ਪੈਰਾਮੀਟਰਜ਼ ਨੂੰ ਜਦੋਂ ਸਿੱਖ ਧਰਮ ਦੇ ਉਪਰੋਕਤ ਪਰਿਪੇਖ ਵਿਚ ਰੱਖ ਕੇ ਵੇਖਣ ਦਾ ਯਤਨ ਕਰਦੇ ਹਾਂ ਤਾਂ ਗੁਰਮਤਿ ਦੁਆਰਾ ਅੰਤਰ ਧਰਮ ਸੰਵਾਦ ਦੇ ਬੀਜ ਰੂਪ ਵਜੋਂ ਸਥਾਪਤ ਸੰਕਲਪਾਂ ਦੀ ਝਲਕ ਆਪ ਮੁਹਾਰੇ ਸਾਹਮਣੇ ਆ ਜਾਂਦੀ ਹੈ। ਫੂਕੋ ਦੇ ਦਿੱਤੇ ਸਿਧਾਂਤ ਨੂੰ ਗੁਰਬਾਣੀ ਦੇ ਪਰਿਪੇਖ ਵਿਚ ਰੱਖ ਕੇ ਵੇਖਣ ਨਾਲ ਸਾਰੀ ਗੱਲ ਆਪ ਮੁਹਾਰੇ ਸਪਸ਼ਟ ਹੋ ਜਾਂਦੀ ਹੈ। ਸੰਖੇਪ ਰੂਪ ਵਿਚ ਇਸ 'ਤੇ ਨਜ਼ਰਸਾਨੀ ਕਰਨਾ ਪ੍ਰਸੰਗਯੁਕਤ ਹੋਵੇਗਾ ਅਤੇ ਗਲੋਬਲੀ ਸਮੇਂ ਵਿਚ ਨਿਰਧਾਰਤ ਪੈਰਾਮੀਟਰਜ਼ ਦੇ ਦੀਦਾਰੇ ਸਿੱਖ ਚਿੰਤਨ ਵਿਚ ਸਾਹਮਣੇ ਲਿਆਉਣ ਦਾ ਯਤਨ ਕੀਤਾ ਜਾਵੇਗਾ :

### 6.5.1 ਆਪਸਦਾਰੀ

ਬੰਦੇ ਨੂੰ ਕਿਸੇ ਧਰਮ, ਸਭਿਆਚਾਰ ਜਾਂ ਖਿੱਤੇ ਨਾਲ ਸਬੰਧਤ ਕਰਕੇ ਨਾ ਵੇਖੋ, ਉਸਨੂੰ ਕੇਵਲ 'ਮਨੁੱਖ' ਦੇ ਤੌਰ ਤੇ ਵੇਖਣ ਦਾ ਯਤਨ ਕਰੋ। ਇਸ ਯਤਨ ਵਿਚ ਪਾਰਦਰਸ਼ਤਾ ਵੀ ਹੈ ਤੇ ਕੁਲ ਮਨੁੱਖ ਜਾਤੀ ਦਾ ਭਲਾ ਵੀ। ਮੂਲਵਾਦ ਦੇ ਖਾਤਮੇ ਲਈ ਆਪਸਦਾਰੀ ਦੀ ਭਾਵਨਾ ਤੋਂ ਬਿਨਾਂ ਤੁਰਿਆ ਹੀ ਨਹੀਂ ਜਾ ਸਕਦਾ। ਫੂਕੋ ਦੁਆਰਾ ਨਿਰਧਾਰਤ ਇਸ ਸਿਧਾਂਤ ਨੂੰ ਬੀਜ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਦੇ ਸਟਰੱਕਚਰ ਵਿਚੋਂ

ਵੇਖਿਆ ਜਾ ਸਕਦਾ ਹੈ। ਗੁਰਗੱਦੀ ਦੀ ਬਖਸ਼ਿਸ਼ ਵੇਲੇ ਵੀ ਇਸੇ ਦੇ ਦੀਦਾਰੇ ਰੂਪਮਾਨ ਹੰੁਦੇ ਹਨ। ਗੁਰਬਾਣੀ ਦੇ ਅਨੇਕਾਂ ਹਵਾਲੇ ਇਸ ਦੀ ਪੁਸ਼ਟੀ ਹਿਤ ਪੇਸ਼ ਕੀਤੇ ਜਾ ਸਕਦੇ ਹਨ, ਪਰ ਉਪਰੋਕਤ ਦੀ ਪੁਸ਼ਟੀ ਲਈ ਉੱਤਮ ਉਦਾਹਰਨ ਵਜੋਂ ਗੁਰਬਾਣੀ ਦੀ ਇਸ ਤੁਕ ਨੂੰ ਵੇਖਿਆ ਜਾ ਸਕਦਾ ਹੈ :

*ਸਭੇ ਸਾਂਝੀਵਾਲ ਸਦਾਇਨਿ*

*ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥*

**6.5.2 ਇਕਰੂਪਤਾ ਨਹੀਂ ਇਕਸਾਰਤਾ**

ਸੰਵਾਦ ਤਦ ਹੀ ਸੰਭਵ ਹੋ ਸਕਦਾ ਹੈ ਜੇਕਰ ਸੰਸਾਰੀ ਵਿਭਿੰਨਤਾ ਨੂੰ ਸਵੀਕਾਰ ਕੀਤਾ ਜਾਵੇ ਅਤੇ ਇਸਨੂੰ ਕੁਦਰਤ ਦੇ ਨਿਰਾਲੇਪਣ ਵਜੋਂ ਸਤਿਕਾਰ ਦਿੱਤਾ ਜਾਵੇ। ਦੂਜੇ ਦੀ ਪਹਿਚਾਣ (identity) ਨੂੰ ਪ੍ਰਵਾਨ ਕਰੋ। ਉਸਨੂੰ ਤੇ ਉਸਦੇ ਸਭਿਆਚਾਰ/ਧਰਮ ਨੂੰ ਬਣਦਾ ਸਤਿਕਾਰ ਦਿਓ। ਕਿਸੇ ਦੀ ਮੁਥਾਜੀ ਦਾ ਫਾਇਦਾ ਨਾ ਉਠਾਓ। ਸਿੱਖ ਧਰਮ ਵਿਚ ਉਪਰੋਕਤ ਪ੍ਰਸੰਗ ਦਾ ਧਰਾਤਲ ਵਿਦਮਾਨ ਹੋ ਜਾਂਦਾ ਹੈ। ਉਪਰੋਕਤ ਦੀ ਪ੍ਰਵਾਨਗੀ ਗੁਰਬਾਣੀ ਵਿਚੋਂ ਇਸ ਤਰ੍ਹਾਂ ਸਾਹਮਣੇ ਆਉਂਦੀ ਹੈ :

*ਬੇਦ ਕਤੇਬ ਕਹਹੁ ਮਤ ਝੂਠੇ*

*ਝੂਠਾ ਜੋ ਨਾ ਬਿਚਾਰੈ ॥*

**6.5.3 ਸਤਿਕਾਰ**

ਅੰਤਰ ਧਰਮ ਸੰਵਾਦ ਦਾ ਦਰਵਾਜਾ ਤਦ ਹੀ ਖੋਲ੍ਹਿਆ ਜਾ ਸਕਦਾ ਹੈ ਜੇਕਰ ਹਰ ਤਰ੍ਹਾਂ ਦੇ ਧਰਮਾਂ/ਸਭਿਆਚਾਰਾਂ ਅਤੇ ਇਨ੍ਹਾਂ ਦੇ ਧਾਰਨੀਆਂ ਨੂੰ ਬਣਦਾ ਸਤਿਕਾਰ ਦਿੱਤਾ ਜਾਵੇ। ਉੱਤਮ ਮਨੁੱਖ ਦੀ ਇਹ ਪ੍ਰਵਾਨਤ ਨਿਸ਼ਾਨੀ ਹੈ ਕਿ ਉਹ ਆਪਣੀ ਜ਼ਿੰਦਗੀ ਦੇ ਤਜ਼ਰਬਿਆਂ ਤੋਂ ਵੀ ਸਿੱਖਦਾ ਹੈ, ਪਰ ਸਭ ਤੋਂ ਉੱਤਮ ਉਸ ਮਨੁੱਖ ਨੂੰ ਮੰਨਿਆ ਜਾਂਦਾ ਹੈ ਜੋ ਦੂਸਰਿਆਂ ਦੇ ਤਜ਼ਰਬਿਆਂ ਨੂੰ ਵੀ ਮੱਦੇਨਜ਼ਰ ਰੱਖਦਾ ਹੋਇਆ ਆਪਣੀ ਸੋਚ ਵਿਚ ਉਸਾਰੂ ਤਬਦੀਲੀਆਂ ਕਰ ਲੈਂਦਾ ਹੈ। ਇਸ ਲਈ ਮੋਮਨ, ਕਾਫ਼ਰ ਤੇ ਮਲੇਛ ਵਰਗੀਆਂ ਹੱਦਬੰਦੀਆਂ ਦਾ ਖਾਤਮਾ ਕਰਕੇ ਹੀ ਸੰਵਾਦ ਰਚਾਇਆ ਜਾ ਸਕਦਾ ਹੈ। ਆਪਣਾ ਚੰਗਾ ਦੂਜੇ ਨਾਲ ਸਾਂਝਾ ਕਰੋ ਅਤੇ ਦੂਜੇ ਦੇ ਚੰਗੇ ਨੂੰ ਫ਼ਰਾਖਦਿਲੀ ਨਾਲ ਪਰਵਾਨ ਕਰੋ। ਸਿੱਖ ਪ੍ਰਸੰਗ ਵਿਚ ਸਮਕਾਲੀਨ ਧਰਮਾਂ ਦੇ ਪੈਰੋਕਾਰਾਂ ਨੂੰ ਪ੍ਰਵਾਨਗੀ ਦਿੰਦਿਆਂ ਇਹ ਸਥਾਪਿਤ ਕੀਤਾ ਕਿ ਮੁਸਲਮਾਨ/ਹਿੰਦੂ ਹੋ ਜਾਣ ਨਾਲ ਉਤਮਤਾ ਸੁਭਾਇਮਾਨ ਨਹੀਂ ਹੋ ਜਾਂਦੀ। ਅਸਲ ਉਤਮਤਾ ਗੁਣਾਂ ਨੂੰ ਗ੍ਰਹਿਣ ਕਰਨ ਨਾਲ ਹੀ ਧਾਰਨ ਕੀਤੀ ਜਾ ਸਕਦੀ ਹੈ :

*ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ ॥*

*ਪੰਡਿਤੁ ਸੋ ਜੋ ਮਨੁ ਪਰਬੋਧੈ ॥*

**6.5.4 ਸੱਚ ਕਹਿਣ ਦੀ ਜੁਰਅਤ**

ਅੰਤਰ ਧਰਮ ਸੰਵਾਦ ਦਾ ਇਕ ਹੋਰ ਖ਼ੂਬਸੂਰਤ ਪਹਿਲੂ ਪੱਛਮੀ ਵਿਦਵਾਨ ਪੇਸ਼ ਕਰਦਾ ਹੈ। ਉਸ ਅਨੁਸਾਰ ਅੰਤਰ ਧਰਮ ਸੰਵਾਦ ਤਦ ਤੱਕ ਸੰਭਵ ਨਹੀਂ ਹੈ ਜਦੋਂ ਤੱਕ 'ਸੱਚ ਕਹਿਣ ਦੀ ਜ਼ੁਰਤਿ' ਦਾ ਧਾਰਨੀ ਨਾ ਹੋਇਆ ਜਾਵੇ। ਜੇਕਰ ਦੂਸਰੇ ਦੀ ਤਾਕਤ ਮਨ ਵਿਚ ਭੈਅ ਪੈਦਾ ਕਰਦੀ ਹੈ ਤਾਂ ਫਿਰ ਉਸਨੂੰ ਉਸਦੇ ਅਸਲ ਦਾ ਅਹਿਸਾਸ ਕਰਵਾਇਆ ਹੀ ਨਹੀਂ ਜਾ ਸਕਦਾ। ਇਸ ਸੰਦਰਭ ਵਿਚ 'ਬਾਬਰਬਾਣੀ' ਦਾ ਪ੍ਰਸੰਗ ਵੇਖਿਆ ਜਾ ਸਕਦਾ ਹੈ ਅਤੇ ਜ਼ਫ਼ਰਨਾਮੇ ਦੀ ਲਲਕਾਰ ਵੀ ਉਪਰੋਕਤ ਦੀ ਪੁਸ਼ਟੀ ਹਿਤ ਪੇਸ਼ ਕੀਤੀ ਜਾ ਸਕਦੀ ਹੈ। ਭਾਈ ਗੁਰਦਾਸ ਦੁਆਰਾ 'ਮੱਕੇ ਦੀ ਉਦਾਸੀ' ਵੇਲੇ ਕਾਜ਼ੀਆਂ ਨਾਲ ਹੋਈ ਗੱਲਬਾਤ ਨਾਲ ਕੋਈ ਗੱਲਬਾਤ ਵਿਚ ਸਿੱਖ ਪੈਗ਼ੰਬਰੀ ਅਜ਼ਮਤ ਦੇ ਸੱਚ ਕਹਿਣ ਦੀ ਜ਼ੁਰਅਤਿ ਦੇ ਦੀਦਾਰੇ ਇਸ ਤਰ੍ਹਾਂ ਰੂਪਮਾਨ ਹੰੁਦੇ ਹਨ :

*ਪੁਛਣਿ ਖੋਲਿ ਕਿਤਾਬ ਨੂੰ ਵੱਡਾ ਹਿੰਦੂ ਕੀ ਮੁਸਲਮਾਨੋਈ ॥*

*ਬਾਬਾ ਆਖੇ ਹਾਜ਼ੀਆਂ ਸੁਭ ਅਮਲਾਂ ਬਾਝੋ ਦੋਵੇਂ ਰੋਈ ॥*

ਪਰ ਇਸ ਦੇ ਨਾਲ ਹੀ ਆਪਣੇ ਸੱਚ ਕਹਿਣ ਦੀ ਜ਼ੁਰਤਿ ਨਾਲ ਆਪਣਾ ਸੱਚ ਠੋਸਣਾ ਨਹੀਂ ਸਗੋਂ ਦੂਸਰਿਆਂ ਦੀ ਉਤਮਤਾ ਦਾ ਉਹਨਾਂ ਨੂੰ ਅਹਿਸਾਸ ਕਰਾਉਣਾ ਉੱਤਮ ਧਰਮ ਸੰਵਾਦ ਦਾ ਮੀਰੀ ਗੁਣ ਮੰਨਿਆ ਜਾਂਦਾ ਹੈ :

ਸਧਿ *ਛਿਪੁ ਬੈਠੇ ਪਰਬਤੀ*

*ਕੌਣ ਜਗਤਿ ਕੋ ਪਾਰ ਉਤਾਰਾ।*

**6.6 <u>ਸਾਰ</u>:**

ਉਪਰੋਕਤ ਸੰਖੇਪ ਵਾਰਤਾਲਾਪ ਵਿਚ ਅੰਤਰ ਧਰਮ ਸੰਵਾਦ ਦੇ ਪਹਿਲੂਆਂ ਉੱਤੇ ਵਿਚਾਰ ਕਰਦਿਆਂ ਇਹ ਹੀ ਸਥਾਪਤੀ ਹੁੰਦੀ ਹੈ ਕਿ ਅੱਜ ਦੇ ਸੰਸਾਰੀ ਵਰਤਾਰੇ ਵਿਚ ਅੰਤਰ ਧਰਮ ਸੰਵਾਦ ਨੂੰ ਜੇਕਰ ਮਨੁੱਖਤਾ ਦੀ ਭਲਾਈ ਦਾ ਧਰੋਹਰ ਪ੍ਰਵਾਨ ਕਰ ਲਿਆ ਜਾਵੇ ਤਾਂ ਇਸ ਦੇ ਸਾਰਥਿਕ ਸਿੱਟੇ ਨਿਕਲ ਸਕਦੇ ਹਨ। ਮਨੁੱਖ ਧਾਰਮਿਕ ਸੰਕੀਰਨਤਾ ਤੋਂ ਮੁਕਤ ਹੋ ਕੇ ਕਿਸੇ 'ਬੇਗਮਪੁਰੇ' ਦੀ ਸਥਾਪਤੀ ਲਈ ਕਿਰਿਆਸ਼ੀਲ ਹੋ ਸਕਦਾ ਹੈ। ਇਹ ਦੋਜ਼ਖ ਤੋਂ ਜੰਨਤ ਤੱਕ ਦਾ ਸਫ਼ਰ ਵੀ ਪ੍ਰਵਾਨ ਕੀਤਾ ਜਾ ਸਕਦਾ ਹੈ ਅਤੇ ਸੰਸਾਰਕ ਖੁਸ਼ਹਾਲੀ ਦਾ ਮਾਰਗ ਵੀ। ਫਲਸਰੂਪ ਮਨੁੱਖਾ ਜ਼ਿੰਦਗੀ ਵਿਚੋਂ ਹਰ ਤਰ੍ਹਾਂ ਦੇ ਜਲਜਲੇ ਖ਼ਤਮ ਹੋਣ ਦੀਆਂ ਸੰਭਾਵਨਾਵਾਂ ਪੈਦਾ ਹੋ ਜਾਣਗੀਆਂ ਅਤੇ ਕਿਸੇ ਵੀ ਤਰ੍ਹਾਂ ਦਾ ਸੈਲਾਬ ਮਨੁੱਖੀ ਜ਼ਿੰਦਗੀ ਨੂੰ ਤਬਾਹ ਨਹੀਂ ਕਰ ਸਕੇਗਾ। ਸਿੱਖ ਧਰਮ ਚਿੰਤਨ ਇਸ ਲਈ ਕੇਂਦਰੀ ਰੋਲ ਨਿਭਾ ਸਕਦਾ ਹੈ ਬੇਸ਼ਰਤੇ ਕਿ ਇਸ ਦੇ ਪਵਿੱਤਰ ਪਰਵਚਨ ਨਾਲ ਰੂ-ਬ-ਰੂ ਹੋਇਆ ਜਾਵੇ।

**6.7 <u>ਪੁਸਤਕਾਂ</u>**


- ਬਲਕਾਰ ਸਿੰਘ (ਪ੍ਰੋ.), (ਸੰਪਾ.) ਗੁਰੂ ਨਾਨਕ ਚਿੰਤਨ ਦੀ ਭੂਮਿਕਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

- Dr. Jagbir Singh, Interfaith Dialogue in Sri Guru Granth Sahib, Publication Bureau, Punjabi University Patiala.
- ਗੁਰਨੇਕ ਸਿੰਘ, (ਡਾ.), *ਸ੍ਰੀ ਗੁਰੂ ਗ੍ਰੰਥ ਸਾਹਿਬ ਵਿਆਖਿਆ ਤੇ ਸ਼ੰਦੇਸ਼,* ਗੁਰਮਤਿ ਪ੍ਰਕਾਸ਼ਨ, ਪਟਿਆਲਾ
- Dr. Balwant Singh Dhillon, Interfaith Study of Guru Granth Sahib
- David Smock, Interfaith Dialogue and Peacebuilding


## 6.8 ਅਭਿਆਸ ਲਈ ਪ੍ਰਸ਼ਨ

### ਛੋਟੇ ਪ੍ਰਸ਼ਨ

1. ਅੰਤਰ ਧਰਮ ਸੰਵਾਦ ਤੋਂ ਤੁਹਾਡਾ ਕੀ ਭਾਵ ਹੈ?
2. ਧਰਮ ਦੇ ਸਟੇਟਮੈਂਟਲ ਸਰੂਪ ਤੋਂ ਤੁਸੀਂ ਕੀ ਸਮਝਦੇ ਹੋ?
3. ਸਮਾਜ ਦੀ ਇਕਸਾਰਤਾ ਅਤੇ ਇਕਰੂਪਤਾ ਵਿਚ ਕੀ ਫ਼ਰਕ ਹੈ?
4. ਸਮਾਜਿਕ ਏਕਤਾ ਤੋਂ ਤੁਹਾਡਾ ਕੀ ਭਾਵ ਹੈ?
5. ਧਾਰਮਿਕ ਇਕਸਾਰਤਾ ਤੋਂ ਤੁਸੀਂ ਕੀ ਸਮਝਦੇ ਹੋ?

### ਵੱਡੇ ਪ੍ਰਸ਼ਨ

1. ਅੰਤਰ ਧਰਮ ਸੰਵਾਦ ਨੂੰ ਆਪਣੇ ਸ਼ਬਦਾਂ ਵਿਚ ਬਿਆਨ ਕਰੋ।
2. ਅੰਤਰ ਧਰਮ ਸੰਵਦਾ ਦੇ ਸਿੱਖ ਸੰਕਲਪ ਤੋਂ ਤੁਹਾਡਾ ਕੀ ਭਾਵ ਹੈ?
3. ਅੱਜ ਦੇ ਸਮੇਂ ਦੀਆਂ ਮੁੱਖ ਧਾਰਮਿਕ ਗੁੰਝਲਾਂ ਦਾ ਵਰਣਨ ਕਰੋ?
4. ਸੰਸਾਰ ਦੇ ਪ੍ਰਮੁੱਖ ਧਰਮਾਂ ਵਿਚ ਅੰਤਰ ਧਰਮ ਸੰਵਾਦ ਨੂੰ ਕਿਸ ਤਰ੍ਹਾਂ ਬਿਆਨ ਕੀਤਾ ਗਿਆ ਹੈ? ਵਿਸਥਾਰ ਸਹਿਤ ਵਰਣਨ ਕਰੋ।
5. ਕੀ ਅੱਜ ਦੇ ਯੁੱਗ ਵਿਚ ਅੰਤਰ ਧਰਮ ਸੰਵਾਦ ਦੀ ਲੋੜ ਹੈ? ਇਸ ਦਾ ਮਨੁੱਖੀ ਜਾਤੀ ਨੂੰ ਕੀ ਲਾਭ ਹੋਵੇਗਾ?